ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 4 | 03 February 2021 to 09 February 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸਾਕਾ ਨਕੋਦਰ ਦੇ ਸ਼ਹੀਦ ਜਿੰਨਾ ਨੇ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਸ਼ਹਾਦਤਾਂ ਪ੍ਰਾਪਤ ਕੀਤੀਆਂ




ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਬਲਧੀਰ ਸਿੰਘ ਰਾਮਗੜ


ਭਾਈ ਝਲਮਣ ਸਿੰਘ ਗੋਰਸੀਆਂ


ਭਾਈ ਹਰਮਿੰਦਰ ਸਿੰਘ ਚਲੂਪਰ

## ਸਾਕਾ ਨਕੋਦਰ 4 ਫ਼ਰਵਰੀ 1986

# ਬੇਇਨਸਾਫ਼ੀ ਦੀ ਦਾਸਤਾਨ ਦੇ 35 ਸਾਲ


ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਹਰਮਿੰਦਰ ਸਿੰਘ ਚਲੂਪੁਰ


ਭਾਈ ਬਲਧੀਰ ਸਿੰਘ ਰਾਮਗੜ੍ਹ


ਭਾਈ ਝਿਲਮਣ ਸਿੰਘ ਗੋਰਸੀਆਂ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਿੱਖਾਂ ਦਾ ਅਟੁੱਟ ਰਿਸ਼ਤਾ ਹੈ। ਗੁਰਬਾਣੀ ਸਿੱਖ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਸ਼ਬਦ ਵਿੱਚ ਸਿੱਖ ਦੀ ਸ਼ਰਧਾ ਹੈ ਤੇ ਸੱਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਅੱਗੇ ਸਿੱਖ ਨਤਮਸਤਕ ਹੁੰਦੇ ਹਨ। ਗੁਰ ਸ਼ਬਦ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਿੱਖ ਬਰਦਾਸ਼ਤ ਨਹੀ ਕਰਦੇ। 2 ਫਰਵਰੀ 1986 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਤ ਇਨਾਂ ਚਾਰ ਨੌਜਵਾਨਾਂ ਨੂੰ ਪਤਾ ਲੱਗਾ ਕੇ ਨਕੋਦਰ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਹੈ। 4 ਫਰਵਰੀ ਨੂੰ ਸੰਗਤ ਵਿੱਚ ਸ਼ਾਮਲ ਹੋਕੇ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਂਟ ਹੋਏ ਸਰੂਪਾਂ ਨੂੰ ਪ੍ਰਾਪਤ ਕਰਕੇ ਗੋਇੰਦਵਾਲ ਸਾਹਿਬ ਜਲ ਪ੍ਰਵਾਹ ਕਰਨ ਵਾਸਤੇ ਲਿਜਾਣ ਲਈ ਇਹ ਨੌਜਵਾਨ ਰੋਸ ਮਾਰਚ ਵਿੱਚ ਸ਼ਾਮਲ ਹੋਏ। ਨਿਹੱਥੀ ਤੇ ਸ਼ਾਂਤਮਈ ਜਾ ਰਹੀ ਸੰਗਤ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ, ਜਿਨਾਂ ਵਿੱਚੋਂ ਰਵਿੰਦਰ ਸਿੰਘ ਦੇ ਸਿੱਧੀਆਂ ਗੋਲੀਆਂ ਦਾਗ ਕੇ ਉਸ ਨੂੰ ਥਾਏਂ ਮਾਰ ਦਿੱਤਾ ਗਿਆ। ਬਲਧੀਰ ਸਿੰਘ ਤੇ ਝਿਲਮਣ ਸਿਘ ਨੂੰ ਨਾਲ ਦੇ ਖੇਤ ਵਿਚ ਖੁਰਲੀ ਪਿੱਛੇ ਲੁਕਿਆਂ ਨੂੰ ਘੋੜਸਵਾਰ ਪੁਲਿਸ ਨੇ ਪਿੱਛਾ ਕਰਕੇ ਮਾਰਿਆ। ਹਰਮਿੰਦਰ ਸਿੰਘ ਨੂੰ ਨੇੜੇ ਦੇ ਆਰੇ ਵਿੱਚੋਂ ਬਾਹਰ ਕੱਢ ਕੇ ਮੂੰਹ ਵਿਚ ਗੋਲੀ ਮਾਰੀ ਗਈ ਤੇ ਹਸਪਤਾਲ ਜਾਂਦਿਆਂ ਰਾਹ ਵਿਚ ਉਹ ਗੁਰੂ ਨੂੰ ਪਿਆਰਾ ਹੋ ਗਿਆ। ਚਾਰਾਂ ਨੂੰ ਇੱਕੋ ਥਾਂ ਤੇ ਬਿਨਾਂ ਪਰਿਵਾਰਾਂ ਨੂੰ ਦੱਸੇ, ਅਣਪਛਾਤੇ ਦੱਸ ਕੇ, ਬਿਨਾਂ ਰੀਤੀ ਰਿਵਾਜ ਦੇ ਸਸਕਾਰ ਕਰ ਦਿੱਤਾ ਗਿਆ। ਚਾਰੋਂ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੋਸ ਜਤਾਉਂਦੇ ਗੁਰੂ ਜੀ ਦੇ ਅਦਬ ਵਿੱਚ ਸ਼ਹੀਦ ਹੋ ਗਏ।




**ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ, ਅਮਰੀਕਾ**

## ਸਾਕਾ ਨਕੋਦਰ ਦੇ ਸ਼ਹੀਦ ਸਿੰਘਾਂ ਦੇ 35ਵੇਂ ਸ਼ਹੀਦੀ ਦਿਹਾੜੇ ਤੇ ਕੁੱਝ ਸਵਾਲ ਜੋ ਅੱਜ ਮੈਨੂੰ ਟੁੰਬਦੇ ਨੇ ?

**ਹਰਦੀਪ ਸਿੰਘ ਹੇਅਰ**

ਅੱਜ ਜਦੋਂ ਅਸੀਂ ਨਕੋਦਰ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਕੇ, ਉਹਨਾਂ ਦੀ ਕੁਰਬਾਨੀ ਨੂੰ ਸਿੱਜਦਾ ਕਰਕੇ, ਉਹਨਾਂ ਨੂੰ ਯਾਦ ਕਰ ਰਹੇ ਹਾਂ ਉੱਥੇ ਇੱਕ ਗੱਲ ਬੜੀ ਤੰਗ ਕਰਦੀ ਹੈ। ਅਕਾਲੀ ਦਲ ਦੀ ਹੋਂਦ ਪੰਥ ਦੀ ਚੜ੍ਹਦੀ ਕਲਾ ਵਾਸਤੇ ਹੋਈ ਸੀ ਅਤੇ ਜਿੰਨਾਂ ਚਿਰ ਇਸ ਦੀ ਵਾਗ-ਡੋਰ ਨਿਸ਼ਕਾਮ ਲੀਡਰਾਂ ਦੇ ਹੱਥ ਰਹੀ ਉਨਾਂ ਚਿਰ ਅਕਾਲੀ ਦਲ ਨੇ ਪੰਥ ਵਾਸਤੇ ਵੱਡੇ ਮੋਰਚੇ ਲਾਏ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ ਨੂੰ ਕਦੇ ਆਂਚ ਨਹੀਂ ਸੀ ਆਉਣ ਦਿੱਤੀ। ਪਰ ਬੀਤੇ ਚਾਰ ਪੰਜ ਦਹਾਕਿਆਂ ਤੋਂ ਜਦੋਂ ਵੀ ਦੁਸ਼ਟਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਜਾਂ ਸਿੱਖੀ ਫ਼ਲਸਫ਼ੇ ਦਾ ਨਿਰਾਦਰ ਕੀਤਾ ਹੈ ਤਾਂ ਹਰ ਵਾਰ ਅਕਾਲੀ ਦਲ ਦੀ ਸਰਕਾਰ ਹੀ ਪੰਜਾਬ ਦੇ ਰਾਜ-ਭਾਗ ਦੀ ਮਾਲਕ ਹੁੰਦੀ ਹੈ। ਕਾਂਗਰਸ ਦੇ ਰਾਜ ਭਾਗ ਵਿੱਚ ਇਹ ਘਟਨਾਵਾਂ ਹੋਣ ਤਾਂ ਸਮਝ ਪੈਂਦੀ ਹੈ ਕੇ ਦੁਸ਼ਮਣ ਤੋਂ ਹੋਰ ਕੋਈ ਆਸ ਵੀ ਨਹੀਂ ਰੱਖੀ ਜਾ ਸਕਦੀ ਪਰ ਜਦੋਂ ਇਹ ਘਟਨਾਵਾਂ ਪੰਥਕ ਸਰਕਾਰ ਦੇ ਵੇਲੇ ਹੋਣ ਅਤੇ ਇਹਨਾਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਦੇ ਹੌਸਲੇ ਇੰਨੇ ਬੁਲੰਦ ਹੋ ਜਾਂਦੇ ਨੇ ਕੇ ਉਹਨਾਂ ਨੂੰ ਇਹ ਪਤਾ ਹੁੰਦਾ ਹੈ ਕੇ ਸਾਡਾ ਅਕਾਲੀ ਸਰਕਾਰ ਦੇ ਥਾਪੜੇ ਕਰਕੇ ਵਾਲ ਵੀ ਵਿੰਗਾ ਨਹੀਂ ਹੋਣਾ ਉਲਟਾ ਬੇਅਦਬੀ ਦੇ ਖ਼ਿਲਾਫ਼ ਰੋਸ ਪ੍ਰਗਟ ਕਰਦੇ ਸਿੱਖਾਂ ਨੂੰ ਅਕਾਲੀ ਸਰਕਾਰਾਂ ਨੇ ਗੋਲੀਆਂ ਨਾਲ ਭੁੰਨ ਦੇਣਾ ਹੈ । ਕਾਤਲ ਪੁਲਸ ਵਾਲਿਆਂ ਜਿਨਾਂ ਸ਼ਹੀਦ ਪਰਿਵਾਰਾਂ ਨੂੰ ਉਹਨਾਂ ਦੇ ਬੱਚਿਆਂ ਦੇ ਅੰਤਿਮ ਦਰਸ਼ਨ ਤੇ ਸਸਕਾਰ ਵੀ ਨਹੀਂ ਕਰਨ ਦਿੱਤੇ ਦੀ ਪੁਸ਼ਤ ਪਨਾਹੀ ਕਰਕੇ ਉਹਨਾਂ ਦੀ ਤਰੱਕੀ ਵੀ ਅਕਾਲੀ ਸਰਕਾਰ ਹੀ ਕਰੇਗੀ।

1978 ਵਾਲਾ ਨਿਰੰਕਾਰੀ ਸਾਕਾ, 4 ਫਰਵਰੀ, 1986 ਦਾ ਨਕੋਦਰ ਸਾਕਾ ਅਤੇ 2015 ਦਾ ਬਰਗਾੜੀ ਸਾਕਾ ਇਸ ਦੀਆਂ ਪ੍ਰਤੱਖ ਮਿਸਾਲਾਂ ਨੇ।

ਅੱਜ ਜਦੋਂ ਅਸੀਂ ਨਕੋਦਰ ਸਾਕੇ ਦੀ 35ਵੀਂ ਬਰਸੀ ’ਤੇ ਸ਼ਹੀਦ ਭਾਈ ਰਵਿੰਦਰ ਸਿੰਘ, ਸ਼ਹੀਦ ਭਾਈ ਹਰਿਮੰਦਰ ਸਿੰਘ, ਸ਼ਹੀਦ ਭਾਈ ਝਲਮਣ ਸਿੰਘ ਤੇ ਸ਼ਹੀਦ ਭਾਈ ਬਲਧੀਰ ਸਿੰਘ ਨੂੰ ਯਾਦ ਕਰ ਰਹੇ ਹਾਂ ਤੇ ਸਾਡਾ ਇਹ ਫਰਜ ਬਣਦਾ ਹੈ ਕੇ ਉੱਪਰ ਉਠਾਏ ਗਏ ਖ਼ਦਸ਼ੇ ਨੂੰ ਅਕਾਲੀ ਦਲ ਦੇ ਸਾਹਮਣੇ ਰੱਖ ਕੇ ਉਸ ਦੀ ਲੀਡਰਸ਼ਿਪ ਤੋਂ ਇਹਨਾਂ ਪ੍ਰਸ਼ਨਾਂ ਦੇ ਜਵਾਬ ਲਏ ਜਾਣ।

ਕੀ ਕਾਰਣ ਨੇ ਕੇ ਨਕੋਦਰ ਸਾਕੇ ਦੇ ਜ਼ੁੰਮੇਵਾਰ ਪੁਲਸੀਏ ਇਜ਼ਹਾਰ ਆਲਮ ਤੇ ਦਰਬਾਰਾ ਗੁਰੂ ਨੂੰ ਅਕਾਲੀ ਦਲ ਉੱਚੇ ਅਹੁਦੇ ਬਖਸ਼ ਰਿਹਾ ਹੈ ?

ਕੀ ਸੁਖਬੀਰ ਬਾਦਲ ਤੇ ਵੱਡਾ ਬਾਦਲ ਕਦੇ ਸੰਗਤ ਦੀ ਕਚਹਿਰੀ ਵਿੱਚ ਦੱਸਣਗੇ ਕੇ ਉਹਨਾਂ ਦੀ ਕੀ ਮਜਬੂਰੀ ਹੈ ਜੋ ਚਾਰ ਸਿੱਖ ਨੌਜਵਾਨਾਂ ਦੇ ਕਤਲਾਂ ਲਈ ਜ਼ੁੰਮੇਵਾਰ ਲੋਕਾਂ ਨੂੰ ਉੱਚੇ ਅਹੁਦੇ ਦੇ ਰਹੇ ਨੇ ?

## ਰੰਘਰੇਟੇ ਗੁਰੂ ਕੇ ਬੇਟੇ

# ਬੁਲੰਦ ਹੌਂਸਲੇ ਕਾਰਨ ਜਗਸੀਰ ਸਿੰਘ ਜੱਗੀ ਬਣਿਆ ਸਿੱਖ ਨਾਇਕ



**ਰੂੜੇਕੇ ਕਲਾਂ /ਏ.ਟੀ.ਨਿਊਜ਼:** ਦਿੱਲੀ ਦੀ ਟਿਕਰੀ ਹੱਦ ’ਤੇ ਕਿਸਾਨੀ ਘੋਲ ਵਿੱਚ ਹਿੱਸਾ ਲੈ ਰਹੇ ਜਲਿਾ ਬਰਨਾਲਾ ਦੇ ਪਿੰਡ ਪੰਧੇਰ ਦੇ ਜਗਸੀਰ ਸਿੰਘ ਜੱਗੀ ਨੂੰ ਸੋਸ਼ਲ ਮੀਡੀਆ ਰਾਹੀਂ ਦੁਨੀਆਂ ਵਿੱਚ ਨਵੀਂ ਪਛਾਣ ਮਿਲੀ ਹੈ। 26 ਜਨਵਰੀ ਨੂੰ ਦਿੱਲੀ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਸਮੇਂ ਉਸ ਦੀ ਦਸਤਾਰ ਉੱਤਰ ਗਈ ਸੀ। ਸਿਰ ’ਚੋਂ ਨਿਕਲਦੇ ਖ਼ੂਨ ਦੇ ਬਾਵਜੂਦ ਆਪਣੇ ਕਕਾਰਾਂ ਤੇ ਕਿਸਾਨੀ ਕੈਂਪ ਵਿਚ ਧੀਆਂ ਭੈਣਾਂ ਦੀ ਰਾਖੀ ਕਰਨ ਸਮੇਂ ਉਸ ਦੇ ਹੌਂਸਲੇ ਬੁਲੰਦ ਸਨ। ਇਹ ਤਸਵੀਰ ਜਦੋਂ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਤਾਂ ਲੋਕ ਇਸ ਨੂੰ ਤੇਜ਼ੀ ਨਾਲ ਸਾਂਝੀ ਕਰ ਕੇ ਸਿੱਖ ਤੇ ਕਿਸਾਨੀ ਨਾਇਕ ਵਜੋਂ ਪੇਸ਼ ਕਰਨ ਲੱਗੇ। ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਅੱਥਰੂਆਂ ਵਾਲੀ ਤਸਵੀਰ ਤੋਂ ਬਾਅਦ ਸ਼ਾਇਦ ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਵਾਲੀ ਤਸਵੀਰ ਪੰਧੇਰ ਦੇ ਇਸ ਰੰਘਰੇਟੇ ਸਿੱਖ ਨੌਜਵਾਨ ਦੀ ਹੀ ਸੀ, ਜਿਸ ਨੇ ਪੰਜਾਬੀਆਂ ਵਿੱਚ ਹੌਂਸਲਾ ਭਰਿਆ। ਅੱਜ ਉਸ ਦੀ ਬਹਾਦਰੀ ਤੋਂ ਖੁਸ਼ ਪਿੰਡ ਵਾਸੀਆਂ ਨੇ ਉਸ ਦਾ ਸਵਾਗਤ ਕਰਦਿਆਂ ਘਰ ਬਣਾਉਣ ਲਈ ਦਸ ਵਿਸਵੇ ਜਮੀਨ ਦੇਣ ਦਾ ਐਲਾਨ ਕਰ ਦਿੱਤਾ। ਦੇਸ਼-ਵਿਦੇਸ਼ ਵਿੱਚ ਬੈਠੇ ਪੰਜਾਬੀਆਂ ਵੱਲੋਂ ਵੀ ਉਸ ਦੀ ਵਿੱਤੀ ਮਦਦ ਕੀਤੀ ਜਾ ਰਹੀ ਹੈ।

ਪੰਧੇਰ ਦੇ ਕਿਸਾਨ ਆਗੂ ਪਰਮਜੀਤ ਸਿੰਘ ਰਾਣਾ ਨੇ ਕਿਹਾ ਕਿ ਜਗਸੀਰ ਕੋਲ ਭਾਵੇਂ ਜ਼ਮੀਨ ਨਹੀਂ ਸੀ ਪਰ ਉਸ ਕੋਲ ਜ਼ਮੀਰ ਸੀ, ਜਿਸ ਕਰਕੇ ਉਹ ਦੋ ਮਹੀਨੇ ਤੋਂ ਕਿਸਾਨ ਸੰਘਰਸ਼ ਨਾਲ ਜੁੜਿਆ ਰਿਹਾ। ਉਸ ਨੇ ਪਿੰਡ ਦਾ ਨਾਂ ਦੁਨੀਆਂ ਤੱਕ ਪਹੁੰਚਾਇਆ ਹੈ, ਜਿਸ ’ਤੇ ਪੂਰੇ ਪਿੰਡ ਨੂੰ ਮਾਣ ਹੈ।

**ਅਕਾਲੀ ਆਗੂ ਵੱਲੋਂ ਜੱਗੀ ਬਾਬਾ ਲਈ ਘਰ ਬਣਵਾਉਣ ਦਾ ਐਲਾਨ**

ਨੌਜਵਾਨ ਅਕਾਲੀ ਆਗੂ ਵਿੰਨਰਜੀਤ ਸਿੰਘ ਖਡਿਆਲ ਨੇ ਬੀਤੀ 26 ਜਨਵਰੀ ਨੂੰ ਟਰੈਕਟਰ ਪਰੇਡ ਦੌਰਾਨ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਏ ਜੱਗੀ ਪੰਧੇਰ ਨੂੰ ਘਰ ਬਣਾ ਕੇ ਦੇਣ ਦੀ ਪਹਿਲ ਕੀਤੀ ਹੈ। ਵਿੰਨਰਜੀਤ ਨੇ ਕਿਹਾ ਕਿ ਜੱਗੀ ਬਾਬਾ ਕੋਲ ਖੇਤੀਬਾੜੀ ਲਈ ਜਮੀਨ ਤਾਂ ਕੀ ਸਗੋਂ ਰਹਿਣ ਲਈ ਛੱਤ ਵੀ ਨਹੀਂ ਸੀ ਪਰ ਉਸ ਦੇ ਹੌਂਸਲੇ ਅਤੇ ਜਜ਼ਬੇ ਦੀ ਮਿਸਾਲ ਪੂਰੀ ਦੁਨੀਆਂ ਵਿੱਚ ਗੂੰਜ ਰਹੀ ਹੈ। ਉਨਾਂ ਦੱਸਿਆ ਕਿ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਉਸ ਕੋਲ ਘਰ ਨਹੀਂ ਹੈ ਤਾਂ ਉਨਾਂ ਨੇ ਜੱਗੀ ਬਾਬਾ ਕੋਲੋਂ ਮਦਦ ਕਰਨ ਦੀ ਆਗਿਆ ਲਈ ਹੈ।

# ਦਲ ਖ਼ਾਲਸਾ ਵਲੋਂ ਕਿਸਾਨ ਆਗੂਆਂ ਅਤੇ ਸਿੱਖ ਕਾਰਜਕਰਤਾਵਾਂ ਵਿਰੁਧ ਦਰਜ ਝੂਠੇ ਕੇਸਾਂ ਦੀ ਨਿਖੇਧੀ



**ਸਿੰਘੂ ਸਰਹੱਦ /ਏ.ਟੀ.ਨਿਊਜ਼:** ਦਲ ਖ਼ਾਲਸਾ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ ’ਤੇ ਦਿੱਲੀ ਪੁਲਿਸ ਵੱਲੋਂ ਕਿਸਾਨ ਆਗੂਆਂ ਅਤੇ ਲੱਖਾ ਸਿਧਾਣਾ ਸਮੇਤ ਸਿੱਖ ਕਾਰਜਕਰਤਾਵਾਂ ਵਿਰੁੱਧ ਦਰਜ ਝੂਠੇ ਕੇਸ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਿਸਾਨ ਅਤੇ ਸਿੱਖ ਆਗੂਆਂ ਨੇ ਹਿੰਸਾ ਨਹੀਂ ਕੀਤੀ ਅਤੇ ਉਨਾਂ ‘ਤੇ ਸਰਕਾਰ ਵੱਲੋਂ ਝੂਠਾ ਇਲਜ਼ਾਮ ਲਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਅਜਿਹਾ ਕਰਨ ਪਿੱਛੇ ਸਰਕਾਰ ਦੀ ਮਨਸ਼ਾ ਕਿਸਾਨ ਅੰਦੋਲਨ ਦਾ ਅਕਸ ਹਿੰਸਕ ਦਿਖਾਉਣਾ ਹੈ। ਉਨਾਂ ਲਾਲ ਕਿਲੇ ਉੱਤੇ ਕੇਸਰੀ ਨਿਸ਼ਾਨ ਸਾਹਿਬ ਨੂੰ ਝੁਲਾਉਣ ਦੀ ਘਟਨਾ ਬਾਰੇ ਬੋਲਦਿਆਂ ਕਿਹਾ ਕਿ ਇਹ ਕਾਰਜ ਨਾਂ ਤਾਂ ਹਿੰਸਕ ਸੀ ਅਤੇ ਨਾ ਹੀ ਗੈਰ-ਕਾਨੂੰਨੀ ਕਾਰਵਾਈ ਹੈ। ਉਨਾਂ ਕਿਹਾ ਕਿ ਇਹ ਕਾਰਵਾਈ ਰੋਸ ਅਤੇ ਜਜ਼ਬਾਤਾਂ ਦੇ ਪ੍ਰਗਟਾਵੇ ਦਾ ਗੈਰ-ਹਿੰਸਕ ਤਰੀਕਾ ਸੀ। ਉਨਾਂ ਅੱਗੇ ਕਿਹਾ ਕਿ ਇਹ ਕਾਰਵਾਈ ਸਰਕਾਰ ਦੀ ਦਮਨ ਦੀ ਨੀਤੀ ਅਤੇ ਹਾਲ ਹੀ ਵਿੱਚ ਬਣਾਏ ਗਏ ਕਾਲੇ ਖੇਤੀ ਕਾਨੂੰਨਾਂ ਦਾ ਢੁਕਵਾਂ ਜੁਆਬ ਸੀ। ਇਸ ਤੋਂ ਇਲਾਵਾ, ਇਹ ਪੰਜਾਬ ਦਾ ਨਰਿੰਦਰ ਮੋਦੀ ਸਰਕਾਰ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਦਾ ਕਰਾਰਾ ਜਵਾਬ ਵੀ ਸੀ।

ਦਲ ਖ਼ਾਲਸਾ ਆਗੂ ਜੋ ਸਿੰਘੂ ਬਾਰਡਰ ਵਿਖੇ ਚੱਲ ਰਹੇ ਧਰਨੇ ਵਿੱਚ ਲੰਮੇ ਸਮੇਂ ਤੋਂ ਬੈਠੇ ਹਨ ਨੇ ਕਿਸਾਨ ਨੇਤਾਵਾਂ ਨੂੰ ਅਪੀਲ ਕੀਤੀ ਕਿ ਇੱਕ ਦੂਜੇ ’ਤੇ ਚਿੱਕੜ ਸੁੱਟਣਾ ਬੰਦ ਕਰਨ ਕਿਉਂਕਿ ਇਹ ਕਿਸਾਨ ਅੰਦੋਲਨ ਨੂੰ ਨੁਕਸਾਨ ਪਹੁੰਚਾਏਗਾ।

ਉਨਾਂ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਕਿਸਾਨ ਨੇਤਾਵਾਂ ਦਰਮਿਆਨ ਫੁੱਟ ਪੈਦਾ ਕਰਕੇ ਅਤੇ ਦੂਜੇ ਪਾਸੇ ਉਨਾਂ ਖ਼ਿਲਾਫ਼ ਕੇਸ ਦਰਜ ਕਰਕੇ ਮੌਜੂਦਾ ਸਥਿਤੀ ਦਾ ਸ਼ੋਸ਼ਣ ਕਰਨ ਦੀ ਚਾਲ ਖੇਡ ਰਹੀ ਹੈ। ਉਨਾਂ ਕਿਹਾ ਕਿ ਪਹਿਲੇ ਦਿਨ ਤੋਂ ਹੀ ਸਰਕਾਰ ਤਿੰਨ ਵਿਵਾਦਪੂਰਨ ਖੇਤੀ ਕਾਨੂੰਨਾਂ ਨੂੰ ਰੱਦ ਨਾ ਕਰਨ ਦੀ ਜ਼ਿੱਦ ’ਤੇ ਅੜੀ ਹੋਈ ਹੈ। ਅਤੇ ਹੁਣ ਉਨਾਂ ਨੇ ਝੰਡੇ ਦੀ ਘਟਨਾ ਦੇ ਪਿੱਛੇ ਆੜ ਲੈ ਲਈ ਹੈ। ਉਨਾਂ ਕਿਹਾ ਕਿ ਝੰਡੇ ਦੀ ਘਟਨਾ ਨੂੰ ਤੂਲ ਦਿੱਤੀ ਜਾ ਰਹੀ ਹੈ।

ਪਾਰਟੀ ਆਗੂ ਜਸਵੀਰ ਸਿੰਘ ਖੰਡੂਰ ਨੇ ਕਿਹਾ ਕਿ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸਮਾਂ ਮੰਗ ਕਰਦਾ ਹੈ ਸਾਰੀਆਂ ਧਿਰਾਂ ਵਖਰੇਵਿਆਂ ਦੇ ਬਾਵਜੂਦ ਇਕੱਠੀਆਂ ਹੋਣ ਨਾ ਕਿ ਆਪਸ ਵਿੱਚ ਉਲਝ ਕੇ ਕਿਸਾਨ ਅੰਦੋਲਨ ਨੂੰ ਸੱਟ ਮਾਰਨ।

# ਸਿੰਘੂ ਬਾਰਡਰ ਵਿਖੇ ਕਿਸਾਨਾਂ ’ਤੇ ਹਮਲਾ ਭਾਜਪਾ ਨੇ ਕਰਵਾਇਆ: ਦਲ ਖ਼ਾਲਸਾ

**ਸਿੰਘੂ ਸਰਹੱਦ /ਏ.ਟੀ.ਨਿਊਜ਼:** ਦਲ ਖ਼ਾਲਸਾ ਨੇ ਸਿੰਘੂ ਬਾਰਡਰ ’ਤੇ ਕਿਸਾਨਾਂ ਉੱਤੇ ਹੋਏ ਹਿੰਸਕ ਹਮਲੇ ਲਈ ਸਿੱਧੇ ਰੂਪ ਵਿੱਚ ਭਾਜਪਾ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਜਥੇਬੰਦੀ ਨੇ ਭਾਜਪਾ ਲੀਡਰਸ਼ਿਪ ਨੂੰ ਤਾੜਨਾ ਕੀਤੀ ਕਿ ਉਹ ਕਿਸਾਨਾਂ ਵਿਰੁੱਧ ਕਮੀਨੀਆਂ ਹਰਕਤਾਂ ਕਰਨ ਤੋ ਬਾਜ ਆਵੇ ਨਹੀਂ ਤਾਂ ਉਸ ਨੂੰ ਪੰਜਾਬ ਵਿੱਚ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਨਰਿੰਦਰ ਮੋਦੀ ਦੀ ਤਾਨਾਸ਼ਾਹ ਸਰਕਾਰ ਅਤੇ ਦਿੱਲੀ ਪੁਲਿਸ ਦੀ ਮਿਲੀਭੁਗਤ ਨਾਲ ਭਾਜਪਾ ਦੇ ਗੁੰਡਿਆਂ ਨੇ ਸਿੰਘੂ ਬਾਰਡਰ ਤੇ ਬੈਠੇ ਕਿਸਾਨਾਂ ਉੱਤੇ ਹਮਲਾ ਕੀਤਾ ਅਤੇ ਰੱਜ ਕੇ ਗੁੰਡਾਗਰਦੀ ਕੀਤੀ ਹੈ, ਲੰਗਰ ਵਾਲਾ ਟੈਂਟ ਭੰਨਿਆ, ਨਿਰਦੋਸ਼ ਕਿਸਾਨਾਂ ਤੇ ਪੱਥਰ ਮਾਰੇ ਅਤੇ ਕਈ ਕਿਸਾਨ ਜ਼ਖ਼ਮੀ ਕੀਤੇ। ਉਨਾਂ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਅੱਗ ਨਾਲ ਨਾ ਖੇਡੇ । ਉਨਾਂ ਕਿਹਾ ਕਿ ਪੰਜਾਬ ਦੇ ਲੋਕ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਖੜੇ ਹਨ ਜੋ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੀਆਂ ਬਰੂਹਾਂ ’ਤੇ ਮੋਰਚਾ ਲਾ ਕੇ ਬੈਠੇ ਹਨ। ਉਹਨਾਂ ਦੱਸਿਆ ਕਿ ਦਿੱਲੀ ਪੁਲਿਸ ਮੂਕ ਦਰਸ਼ਕ ਬਣ ਕੇ ਹਮਲਾਵਰਾਂ ਦਾ ਸਾਥ ਦੇਂਦੀ ਰਹੀ ਅਤੇ ਜਦੋਂ ਕਿਸਾਨ ਆਪਣਾ ਬਚਾਅ ਕਰਨ ਲਈ ਅੱਗੇ ਆਏ ਤਾਂ ਦਿੱਲੀ ਪੁਲਿਸ ਨੇ ਕਿਸਾਨਾਂ ਨੂੰ ਪਹਿਲਾਂ ਕੁੱਟਿਆ ਅਤੇ ਫਿਰ ਅੱਥਰੂ ਗੈਸ ਦੇ ਗੋਲੇ ਸੁੱਟੇ। ਉਹਨਾਂ ਟਿੱਪਣੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਵਰਦੀਧਾਰੀ ਪੁਲਿਸ ਕੋਲੋਂ ਕਿਸਾਨਾਂ ਉੱਤੇ ਹਮਲਾ ਕਰਵਾਉਣ ਤੋ ਪਹਿਲਾਂ ਬਿਨਾਂ ਵਰਦੀ ਵਾਲੇ ਭਾਜਪਾਈ ਗੁੰਡਿਆਂ ਕੋਲੋਂ ਹਮਲਾ ਕਰਵਾ ਕੇ ਰਿਹਰਸਲ ਕੀਤੀ ਗਈ ਹੈ। ਉਹਨਾਂ ਕਿਹਾ ਕਿ ਸਰਕਾਰ ਖ਼ਤਰਨਾਕ ਚਾਲ ਚੱਲ ਰਹੀ ਹੈ ਪਰ ਕਿਸਾਨ ਆਪਣੇ ਦ੍ਰਿੜ ਇਰਾਦਿਆਂ ਨਾਲ ਮੋਰਚੇ ਵਿੱਚ ਡਟੇ ਹੋਏ ਹਨ।

ਉਹਨਾਂ ਕਿਹਾ ਕਿ ਸਰਕਾਰ ਹਾਲਾਤ ਵਿਗੜਨ ਵਾਲੇ ਪਾਸੇ ਤੁਰ ਪਈ ਹੈ ਅਤੇ ਇਲਜ਼ਾਮ ਕਿਸਾਨਾਂ ਸਿਰ ਮੜਿਆ ਜਾ ਰਿਹਾ ਹੈ ਅਤੇ ਉਹਨਾਂ ਨੂੰ ਕਾਲੇ ਕਾਨੂੰਨਾਂ ਅਧੀਨ ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ।

# ਹੁਣ ਸਰਕਾਰੀ ਦਫ਼ਤਰ ਗਊ ਮੂਤਰ ਨਾਲ ਬਣੇ ਫੀਨਾਈਲ ਨਾਲ ਹੋਣਗੇ ਸਾਫ਼ , ਜਾਰੀ ਹੋਇਆ ਫ਼ਰਮਾਨ

**ਭੁਪਾਲ /ਏ.ਟੀ.ਨਿਊਜ਼:** ਮੱਧ ਪ੍ਰਦੇਸ਼ ਦੇ ਸਰਕਾਰੀ ਦਫ਼ਤਰ ਹੁਣ ਗਊ ਮੂਤਰ ਨਾਲ ਬਣੇ ਫੀਨਾਈਲ ਨਾਲ ਸਾਫ਼ ਕੀਤਾ ਜਾਣਗੇ। ਇਹ ਸੁਣਨ ’ਚ ਅਜੀਬ ਲੱਗ ਸਕਦਾ ਹੈ, ਪਰ ਸੂਬੇ ਦੇ ਜਨਰਲ ਪ੍ਰਸ਼ਾਸਨ ਵਿਭਾਗ ਨੇ ਸ਼ਨੀਵਾਰ ਨੂੰ ਇਸ ਲਈ ਆਦੇਸ਼ ਜਾਰੀ ਕੀਤਾ ਹੈ। ਇਸ ਤਹਿਤ ਸਾਰੇ ਸਰਕਾਰੀ ਦਫ਼ਤਰਾਂ ਦੇ ਅਹਾਤੇ ਨੂੰ ਸਾਫ਼ ਕਰਨ ਲਈ ਕੈਮੀਕਲ ਨਾਲ ਭਰਪੂਰ ਫੀਨਾਈਲ ਦੀ ਥਾਂ ਹੁਣ ਗਊ ਮੂਤਰ ਨਾਲ ਬਣੀ ਫੀਨਾਈਲ ਨਾਲ ਸਾਫ਼ ਕੀਤਾ ਜਾਵੇਗਾ।

ਪਸ਼ੂ ਪਾਲਣ ਵਿਭਾਗ ਦੇ ਮੰਤਰੀ ਪ੍ਰੇਮ ਸਿੰਘ ਪਟੇਲ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਗੌਮੂਤਰ ਦੇ ਬੋਟਲਿੰਗ ਪਲਾਂਟ ਨੂੰ ਉਤਸ਼ਾਹਿਤ ਕਰਨਾ ਤੇ ਗੌਮੂਤਰ ਫ਼ੈਕਟਰੀਆਂ ਸਥਾਪਤ ਕਰਨਾ ਹੈ।

ਹਾਲਾਂਕਿ, ਸਰਕਾਰ ਦੇ ਇਸ ਫ਼ੈਸਲੇ ’ਤੇ ਵਿਰੋਧੀ ਧਿਰ ਹਮਲਾਵਰ ਬਣ ਗਈ ਹੈ। ਕਾਂਗਰਸ ਦਾ ਦੋਸ਼ ਹੈ ਕਿ ਸ਼ਿਵਰਾਜ ਸਰਕਾਰ ਗਊ-ਫੀਨਾਈਲ ਦੀ ਆੜ ਹੇਠ ਇੱਕ ਨਿੱਜੀ ਕੰਪਨੀ ਨੂੰ ਲਾਭ ਦੇਣਾ ਚਾਹੁੰਦੀ ਹੈ।

# ਸਿਆਟਲ ਦੇ ਕਿਸਾਨ ਹਿਤੈਸ਼ੀਆਂ ਵੱਲੋਂ ਕਿਸਾਨ ਅੰਦੋਲਨ ਦੁਬਾਰਾ ਭਰ ਜੋਬਨ ਤੇ ਪਹੁੰਚਣ ਦਾ ਸੁਆਗਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਵੱਲੋਂ ਗਣਤੰਤਰ ਦਿਵਸ ਤੇ ਸ਼ਾਂਤਮਈ ਟਰੈਕਟਰ ਪਰੇਡ ਕੱਢ ਕੇ ਆਪਣੇ ਆਪਣੇ ਬਾਰਡਰਾਂ ਤੇ ਪਹੁੰਚਣ ਦਾ ਸਵਾਗਤ ਕੀਤਾ ਗਿਆ ਹੈ, ਪ੍ਰੰਤੂ ਲਾਲ ਕਿਲੇ ਤੇ ਸਰਕਾਰ ਦੀ ਮਿਲੀ ਭੁਗਤ ਨਾਲ ਕੇਸਰੀ ਝੰਡਾ ਲਹਿਰਾਉਣ ਦੀ ਨਿੰਦਾ ਕੀਤੀ ਗਈ। 28 ਫਰਵਰੀ ਨੂੰ ਬੀਜੇਪੀ ਦੇ ਗੁੰਡਿਆਂ ਵੱਲੋਂ ਭਾਰੀ ਪੁਲਿਸ ਫੋਰਸ ਦੀ ਮਦਦ ਨਾਲ ਸ਼ਾਂਤਮਈ ਕਿਸਾਨ ਅੰਦੋਲਨਕਾਰੀਆਂ ਨੂੰ ਖਦੇੜਨ ਲਈ ਹਮਲਾ ਬੋਲ ਦਿੱਤਾ ਤੇ ਕਿਸਾਨਾਂ ਤੇ ਪੱਥਰਬਾਜ਼ੀ ਕੀਤੀ ਅਤੇ ਬਿਜਲੀ, ਪਾਣੀ ਬੰਦ ਕਰਵਾ ਕੇ ਤੰਬੂ ਉਖਾੜ ਦਿੱਤੇ ਜਿਸ ਦਾ ਕਿਸਾਨਾਂ ਵੱਲੋਂ ਵੀ ਵਿਰੋਧ ਕੀਤਾ ਗਿਆ ਅਤੇ ਰਾਕੇਸ਼ ਟਿਕੈਤ ਨੇ ਭਾਵੁਕ ਹੋ ਕੇ ਵਿਰੋਧਤਾ ਕੀਤੀ ਅਤੇ ਕਿਸਾਨਾਂ ਨਾਲ ਧੱਕਾ ਨਾ ਹੋਣ ਦੇਣ ਦਾ ਦਾਅਵਾ ਕੀਤਾ। ਰਾਕੇਸ਼ ਟਿਕੈਤ ਦੇ ਭਾਸ਼ਣ ਤੋਂ ਬਾਅਦ ਲੱਖਾਂ ਕਿਸਾਨ ਸਾਰੇ ਬਾਰਡਰਾਂ ਤੇ ਪਹੁੰਚ ਗਏ ਅਤੇ ਕਿਸਾਨ ਅੰਦੋਲਨ ਵਿਚ ਜਾਨ ਪਾ ਦਿੱਤੀ ਅਤੇ ਕਿਸਾਨ ਅੰਦੋਲਨ ਭਰ ਜੋਬਨ ਵਿਚ ਪਹੁੰਚਣ ’ਤੇ ਸਿਆਟਲ ਦੇ ਕਿਸਾਨ ਹਿਤੈਸ਼ੀਆਂ ਨੇ ਸਵਾਗਤ ਕੀਤਾ। ਗੁਰਦੁਆਰਾ ਸੱਚਾ ਮਾਰਗ ਦੇ ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਇਹ ਸਾਰੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਆਟਲ ਦਾ ਪੰਜਾਬੀ ਭਾਈਚਾਰਾ ਤਨ, ਮਨ ਤੇ ਧੰਨ ਨਾਲ ਸਮਰਥਨ ਕਰ ਰਿਹਾ ਹੈ ਅਤੇ ਤਿੰਨ ਕਿਸਾਨ ਵਿਰੋਧੀ ਬਿਲ ਰੱਦ ਕਰਵਾ ਕੇ ਸ਼ਾਂਤ ਹੋਣਗੇ। ਉਨਾਂ ਸਰਕਾਰ ਦੇ ਰਵੱਈਏ ਦੀ ਨਿੰਦਾ ਕੀਤੀ।

ਫ਼ੋਟੋ : ਗੁਰਦੁਆਰਾ ਸੱਚਾ ਮਾਰਗ ਦੇ ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਗਣਤੰਤਰ ਦਿਵਸ ਤੇ ਸੰਯੁਕਤ ਕਿਸਾਨ ਆਗੂਆਂ ਦੀ ਸ਼ਾਂਤਮਈ ਟਰੈਕਟਰ ਪਰੇਡ ਦੀ ਸ਼ਲਾਘਾ ਅਤੇ ਸਰਕਾਰ ਦੇ ਰਵੱਈਏ ਦੀ ਨਿੰਦਾ ਕਰਦੇ ਸਮੇਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**


# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਰਕੇਸ਼ ਟਿਕੈਤ ਬਣੇ ਕਿਸਾਨ ਅੰਦੋਲਨ ਦੇ ਨਾਇਕ

## ✪ ਟਿਕੈਤ ਦੇ ਹੰਝੂਆਂ ਨੇ ਪਲਟਿਆ ਕਿਸਾਨ ਅੰਦੋਲਨ ਦਾ ਰੁਖ ✪ ਪੰਜਾਬੀ ਕਿਸਾਨਾਂ ਨੂੰ ਅਤਵਾਦੀ ਸਿੱਖ ਗਰਦਾਨ ਕੇ ਸਿੱਖਾਂ ਦੀਆਂ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਉੱਤੇ ਹਾਕਮ ਮਿੱਟੀ ਨਹੀਂ ਪਾ ਸਕਦੇ- ਟਿਕੈਤ ✪ ਟਿਕੈਤ ਨੇ ਮੋਰਚਾ ਸੰਭਾਲਿਆ : ਰਾਜੇਵਾਲ



- ਗੁਰਮੀਤ ਸਿੰਘ ਪਲਾਹੀ
9815802070

ਉੱਤਰ ਪ੍ਰਦੇਸ਼ ਦੇ ਲਾਡਲੇ ਕਿਸਾਨ ਨੇਤਾ ਰਕੇਸ਼ ਟਿਕੈਤ ਕਾਰਣ ਕਿਸਾਨ ਮੋਰਚਾ ਮੁੜ ਲੀਹੇ ਪੈ ਗਿਆ ਹੈ। ਟਿਕੈਤ ਦੀ ਕੀਤੀ ਹੋਈ ਇਕ ਭਾਵੁਕ ਅਪੀਲ ਤੇ ਅੱਖਾਂ ਵਿਚੋਂ ਵਗੇ ਅੱਥਰੂ ਅਤੇ ਫਿਰ ਮਾਰੀ ਹੋਈ ਬੜਕ ਨੇ ਕਿਸਾਨਾਂ 'ਚ ਨਵੀਂ ਰੂਹ ਫੂਕ ਦਿੱਤੀ। ਟਿਕੈਤ ਦੇ ਸ਼ਬਦ ਸਮਝਣ ਵਾਲੇ ਹਨ ਕਿ ਕਿਸਾਨ ਅੱਤਵਾਦੀ ਨਹੀਂ, ਕਿਸਾਨ ਵੱਖਵਾਦੀ ਨਹੀਂ, ਪੰਜਾਬੀ ਕਿਸਾਨਾਂ ਨੂੰ ਅੱਤਵਾਦੀ ਸਿੱਖ ਗਰਦਾਨ ਕੇ ਸਰਕਾਰੀ ਖ਼ਿਤਾਬ ਦੇ ਕੇ ਸਿੱਖਾਂ ਦੀਆਂ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਉੱਤੇ ਹਾਕਮ ਮਿੱਟੀ ਨਹੀਂ ਪਾ ਸਕਦਾ। 26 ਜਨਵਰੀ ਦੀ ਰਿੰਗ ਰੋਡ ਕਿਸਾਨ ਪਰੇਡ ਦੌਰਾਨ ਹੋਈ ਹਿੰਸਾ ਉਪਰੰਤ ਦਿੱਲੀ ਦੇ ਸਿੰਘੂ ਬਾਰਡਰ, ਟਿਕਰੀ ਬਾਰਡਰ ਅਤੇ ਗਾਜ਼ੀਪੁਰ ਬਾਰਡਰ ਸਮੇਤ ਵੱਖ-ਵੱਖ ਥਾਵਾਂ 'ਤੇ ਪੁਲਿਸ ਬਲ ਦੀ ਸੰਖਿਆ ਵਧਣ ਉਪਰੰਤ ਪੈਦਾ ਹੋਏ ਤਣਾਅਪੂਰਵਕ ਮਾਹੌਲ ਦੌਰਾਨ ਗਾਜ਼ੀਪੁਰ ਬਾਰਡਰ ਵਿਖੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਕੇਸ਼ ਟਿਕੈਤ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਹੋਏ ਘਟਨਾਕ੍ਰਮ ਦੌਰਾਨ ਰਕੇਸ਼ ਟਿਕੈਤ ਵੱਲੋਂ ਕੀਤੀ ਗਈ ਭਾਵੁਕ ਅਪੀਲ ਤੇ ਹੰਝੂਆਂ ਦਾ ਅਸਰ ਕੁਝ ਪਲਾਂ ਵਿਚ ਹੀ ਵੇਖਣ ਨੂੰ ਮਿਲਿਆ। ਜਿਸ ਦੇ ਚੱਲਦਿਆਂ ਜਿੱਥੇ ਗਾਜ਼ੀਪੁਰ ਬਾਰਡਰ ਤੋਂ ਕਿਸਾਨਾਂ ਦੇ ਘਰ ਵਾਪਸ ਜਾਣ ਦੀਆਂ ਅਫ਼ਵਾਹਾਂ ਆ ਰਹੀਆਂ ਸਨ, ਉੱਥੇ ਹੀ ਕੌਮੀ ਕਿਸਾਨ ਆਗੂ ਰਕੇਸ਼ ਟਿਕੈਤ ਦੇ ਹੰਝੂ ਵਹਾਉਂਦੇ ਦੀ ਵੀਡੀਓ ਵਾਇਰਲ ਹੋਣ ਉਪਰੰਤ ਫੇਸਬੁੱਕ, ਟਵਿਟਰ, ਇੰਸਟਾਗ੍ਰਾਮ, ਵਟਸਐਪ ਆਦਿ ਸੋਸ਼ਲ ਸਾਈਟਸ 'ਤੇ ਉਨਾਂ ਦੇ ਹੱਕਾਂ ਵਿਚ ਚੱਲੀ ਹਨੇਰੀ ਨੇ ਕਿਸਾਨਾਂ ਨੂੰ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਰਾਤੋਂ-ਰਾਤ ਹੀ ਗਾਜ਼ੀਪੁਰ ਦੇ ਬਾਰਡਰ ਵੱਲ ਨੂੰ ਜਾਣ ਲਈ ਮਜਬੂਰ ਕਰ ਦਿੱਤਾ।

ਵਾਇਰਲ ਵੀਡੀਓ ਦਾ ਅਸਰ ਇਸ ਕਦਰ ਹੋਇਆ ਕਿ ਮੀਡੀਆ ਰਿਪੋਰਟਾਂ ਮੁਤਾਬਿਕ ਉਤਰ ਪ੍ਰਦੇਸ਼, ਹਰਿਆਣਾ ਸਮੇਤ ਵੱਖ-ਵੱਖ ਇਲਾਕਿਆਂ ਤੋਂ ਲੋਕ ਰਾਤ ਸਮੇਂ ਹੀ ਗਾਜ਼ੀਪੁਰ ਵਿਖੇ ਇਕੱਠੇ ਹੋਣ ਲੱਗ ਪਏ ਅਤੇ ਲੋਕਾਂ ਦੇ ਇਸ ਇਕੱਠ ਦੇ ਚੱਲਦਿਆਂ ਕੌਮੀ ਕਿਸਾਨ ਆਗੂ ਟਿਕੈਤ ਨੂੰ ਗ੍ਰਿਫ਼ਤਾਰ ਕਰਨ ਦੀ ਪ੍ਰਕਿਰਿਆ ਵਿੱਚੇ ਹੀ ਰਹਿ ਗਈ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਮੰਨਿਆ ਕਿ 26 ਜਨਵਰੀ ਦੀ ਘਟਨਾ ਨਾਲ ਕਿਸਾਨ ਅੰਦੋਲਨ ਨੂੰ ਵੱਡਾ ਝਟਕਾ ਲੱਗਿਆ ਸੀ ਪਰ ਗਾਜ਼ੀਪੁਰ ਬਾਰਡਰ 'ਤੇ ਟਿਕੈਤ ਨੇ ਅੰਦੋਲਨ ਨੂੰ ਸੰਭਾਲਿਆ ਜਿਸ ਨਾਲ ਪੰਜਾਬ, ਹਰਿਆਣਾ, ਯੂ.ਪੀ. ਤੇ ਉਤਰਾਖੰਡ ਤੋਂ ਮੁੜ ਲੋਕਾਂ ਨੇ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ ਹਨ।

**ਟਿਕੈਤ ਨੂੰ ਸਿੱਖਾਂ ਉੱਪਰ ਭਰੋਸਾ**

ਰਕੇਸ਼ ਟਿਕੈਤ, ਜਿਸ ਨੂੰ ਕਿਸਾਨ ਸੰਘਰਸ਼ ਨੂੰ ਮੁੜ ਪੈਰਾਂ ਸਿਰ ਕਰ ਦੇਣ ਵਾਲ਼ਾ ਲੀਡਰ ਕਿਹਾ ਜਾ ਰਿਹਾ ਹੈ, ਉਹ ਚੰਗੀ ਤਰਾਂ ਜਾਣਦਾ ਹੈ ਕਿ ਕਿਸਾਨੀ ਸੰਘਰਸ਼ ਦਾ ਆਗਾਜ਼ ਕਰਨ ਅਤੇ ਇਸ ਨੂੰ ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚਾਉਣ ਪਿੱਛੇ ਸਿੱਖਾਂ ਦਾ ਸੰਘਰਸ਼ਸ਼ੀਲ ਜਜ਼ਬਾ ਅਤੇ ਸਪਿਰਿਟ ਹੈ। ਸਿਰ ਤੇ ਪੱਗ ਬੰਨ ਕੇ ਟਿਕੈਤ ਨੇ ਦੋ ਸੰਕੇਤ ਦਿੱਤੇ ਹਨ। ਪਹਿਲਾ ਇਹ ਕਿ ਉਸ ਨੂੰ ਵਰਕਰਾਂ ਪ੍ਰਤੀ ਉਹ ਜ਼ਿੰਮੇਵਾਰੀ ਨਿਭਾਉਣੀ ਆਉਂਦੀ ਹੈ ਜਿਸ ਵਿੱਚ ਪੰਜਾਬ ਦੀ ਲੀਡਰਸ਼ਿਪ ਫ਼ੇਲ ਹੋਈ। ਦੂਜਾ ਸੰਕੇਤ ਇਹ ਹੈ ਕਿ ਗਾਜ਼ੀਪੁਰ ਦੀ ਘਟਨਾ ਪਿੱਛੋਂ, ਪੰਜਾਬ ਦੇ ਲੀਡਰਾਂ ਦੇ 'ਗ਼ੈਰ ਜ਼ਿੰਮੇਵਾਰ' ਅਤੇ ਟਿਕੈਤ ਦੇ 'ਜ਼ਿੰਮੇਵਾਰ' ਰਵੱਈਏ ਕਾਰਨ, ਅੰਦੋਲਨ ਦਾ ਕੇਂਦਰ 'ਸਿੰਘੂਪਰ' ਦੀ ਬਜਾਏ 'ਗਾਜ਼ੀਪੁਰ' ਬਣ ਜਾਣ ਦੇ ਨਾਲ਼ ਕਈ ਲੋਕ ਸਮਝਦੇ ਹਨ ਕਿ ਸੰਘਰਸ਼ ਦੀ ਅਗਵਾਈ ਹੁਣ ਪੰਜਾਬ ਦੀ ਬਜਾਏ ਯੂ.ਪੀ. ਦੇ ਹੱਥ ਆ ਗਈ ਹੈ; ਪਰ ਇਸ ਦੇ ਬਾਵਜੂਦ ਟਿਕੈਤ ਨੂੰ ਸਾਰ ਹੈ ਕਿ ਸੰਘਰਸ਼ ਦੀ ਅਸਲ ਤਾਕਤ ਅਜੇ ਵੀ ਸਿੱਖ ਵਰਕਰ ਹੀ ਹਨ।

ਇਸ ਦੇ ਨਾਲ਼ ਹੀ ਪੱਗ ਬੰਨ ਕੇ ਇੱਕ ਸਫਲ ਲੀਡਰ ਵਜੋਂ ਟਿਕੈਤ ਨੇ ਸਰਕਾਰ ਨੂੰ ਵੀ ਸਪਸ਼ਟ ਸੰਕੇਤ ਦਿੱਤਾ ਹੈ ਕਿ ਉਹ ਲੋੜ ਪੈਣ ਉੱਤੇ ਉਹ ਆਪਣੀ ਜਾਨ ਦੇਣ ਤੋਂ ਪਿੱਛੇ ਨਹੀਂ ਹਟੇਗਾ। ਸਰਕਾਰ ਡਰ ਗਈ ਤੇ ਪਿੱਛੇ ਹਟ ਗਈ। ਇਸ ਦੇ ਨਾਲ਼ ਹੀ ਉਸ ਨੇ ਕਿਹਾ ਹੈ :- 'ਡੁੱਲੇ ਹੰਝੂਆਂ ਦਾ ਸਿੱਟਾ ਤੁਸੀਂ ਸਾਰਿਆਂ ਨੇ ਵੇਖ ਲਿਆ ਹੈ, ਸੋਚ ਲਓ ਕਿ ਜੇ ਲਹੂ ਡੁੱਲ ਗਿਆ, ਫਿਰ ਕੀ ਹੋਵੇਗਾ।'

ਇਹ ਹੁੰਦੀ ਹੈ ਇੱਕ ਸਫਲ ਲੀਡਰ ਦੀ ਬੋਲੀ। ਇਹਨਾਂ ਸ਼ਬਦਾਂ ਵਿੱਚ ਇੱਕ ਗੁੱਝੀ ਧਮਕੀ ਵੀ ਹੈ ਜੋ ਸਰਕਾਰ ਨੂੰ ਕਾਂਬਾ ਛੇੜਨ ਦੇ ਸਮਰੱਥ ਹੈ।

**ਕੌਣ ਹੈ ਰਿਕੇਸ਼ ਟਿਕੈਤ**

ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਕੇਸ਼ ਟਿਕੈਤ ਜਿਨਾਂ ਦੀ ਇਕ ਆਵਾਜ਼ 'ਤੇ ਕਿਸਾਨ ਜਿਊਣ-ਮਰਨ 'ਤੇ ਉਤਾਰੂ ਹੋ ਜਾਂਦੇ ਹਨ। ਮੁਜ਼ੱਫ਼ਰਨਗਰ ਜਨਪਦ ਦੇ ਸਿਸੌਲੀ ਪਿੰਡ 'ਚ 4 ਜੂਨ, 1969 'ਚ ਜਨਮੇ ਰਾਕੇਸ਼ ਟਿਕੈਤ ਉੱਤਰ ਪ੍ਰਦੇਸ਼ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਮੁਖੀ ਹਨ।



ਦੇਸ਼ ਦੇ ਮੰਨੇ-ਪ੍ਰਮੰਨੇ ਕਿਸਾਨ ਆਗੂ ਮਹੇਂਦਰ ਸਿੰਘ ਟਿਕੈਤ ਦੇ ਪੁੱਤਰ ਰਕੇਸ਼ ਟਿਕੈਤ ਕਈ ਦਹਾਕਿਆਂ ਤੋਂ ਕਿਸਾਨਾਂ ਦੇ ਹੱਕਾਂ ਦੀ ਲੜਾਈ ਲਈ ਸਰਗਰਮ ਹਨ। ਉਹ ਲਗਾਤਾਰ ਵੱਖ-ਵੱਖ ਮੰਚਾਂ 'ਤੇ ਕਿਸਾਨਾਂ ਦੇ ਅਧਿਕਾਰ ਦੀ ਗੱਲ ਉਠਾ ਚੁੱਕੇ ਹਨ। ਦੱਸਿਆ ਜਾਂਦਾ ਹੈ ਕਿ ਕਿਸਾਨਾਂ ਦੇ ਅਧਿਕਾਰਾਂ ਲਈ ਲੜਾਈ ਲੜਦਿਆਂ ਰਾਕੇਸ਼ ਟਿਕੈਤ 44 ਵਾਰ ਜੇਲ ਜਾ ਚੁੱਕੇ ਹਨ। ਜਾਣਕਾਰੀ ਮੁਤਾਬਿਕ ਮੱਧ ਪ੍ਰਦੇਸ਼ 'ਚ ਜ਼ਮੀਨ ਐਕਵਾਇਰ ਕਾਨੂੰਨ ਖ਼ਿਲਾਫ਼ ਹੋਏ ਅੰਦੋਲਨਾਂ ਤਹਿਤ ਰਾਕੇਸ਼ ਟਿਕੈਤ ਨੂੰ 39 ਦਿਨਾਂ ਤਕ ਜੇਲ 'ਚ ਰਹਿਣਾ ਪਿਆ ਸੀ। ਕੁਝ ਸਾਲ ਪਹਿਲਾਂ ਦਿੱਲੀ 'ਚ ਸੰਸਦ ਭਵਨ ਦੇ ਬਾਹਰ ਕਿਸਾਨਾਂ ਨੇ ਗੰਨਾ ਮੁੱਲ ਵਧਾਉਣ ਲਈ ਕੇਂਦਰ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਤਾਂ ਉਨਾਂ ਨੂੰ ਤਿਹਾੜ ਜੇਲ ਭੇਜ ਦਿੱਤਾ ਗਿਆ ਸੀ। ਅਸਲ ਵਿਚ, ਰਾਕੇਸ਼ ਟਿਕੈਤ ਨੇ ਸੰਸਦ ਭਵਨ ਦੇ ਬਾਹਰ ਗੰਨਾ ਸਾੜ ਦਿੱਤਾ ਸੀ।

ਰਾਸ਼ਟਰੀ ਲੋਕ ਦਲ ਦੇ ਪ੍ਰਧਾਨ ਅਜੀਤ ਸਿੰਘ ਨੇ ਸਾਲ 2014 'ਚ ਹੋਈਆਂ ਲੋਕ ਸਭਾ ਚੋਣਾਂ ਵਿਚ ਪੱਛਮੀ ਉੱਤਰ ਪ੍ਰਦੇਸ਼ ਦੀ ਅਮਰੋਹਾ ਸੀਟ ਤੋਂ ਰਾਕੇਸ਼ ਟਿਕੈਤ ਨੂੰ ਲੋਕ ਸਭਾ ਉਮੀਦਵਾਰ ਬਣਾਇਆ ਸੀ। ਇਹ ਵੱਖਰੀ ਗੱਲ ਹੈ ਕਿ ਉਨਾਂ ਨੂੰ ਹਾਰ ਮਿਲੀ। ਰਾਕੇਸ਼ ਟਿਕੈਤ ਨੇ ਮੇਰਠ ਯੂਨੀਵਰਸਿਟੀ ਤੋਂ ਐੱਮਏ ਦੀ ਪੜਾਈ ਕਰਨ ਤੋਂ ਬਾਅਦ ਐੱਲਐੱਲਬੀ ਵੀ ਕੀਤੀ ਹੈ।

ਰਾਕੇਸ਼ ਟਿਕੈਤ ਦਾ ਵਿਆਹ ਸਾਲ 1985 ਵਿਚ ਬਾਗਪਤ ਜ਼ਿਲੇ ਦੇ ਦਾਦਰੀ ਪਿੰਡ ਦੀ ਸੁਨੀਤਾ ਦੇਵੀ ਨਾਲ ਹੋਇਆ ਸੀ। ਇਨਾਂ ਦੇ ਇਕ ਪੁੱਤਰ ਚਰਨ ਸਿੰਘ ਦੋ ਪੁੱਤਰੀਆਂ ਸੀਮਾ ਤੇ ਜਿਓਤੀ ਹਨ। ਇਨਾਂ ਦੇ ਸਾਰੇ ਬੱਚਿਆਂ ਦਾ ਵਿਆਹ ਹੋ ਚੁੱਕਾ ਹੈ।

ਰਾਕੇਸ਼ ਟਿਕੈਤ ਸਾਲ 1992 'ਚ ਦਿੱਲੀ ਪੁਲਿਸ 'ਚ ਕਾਂਸਟੇਬਲ ਦੇ ਅਹੁਦੇ 'ਤੇ ਨੌਕਰੀ ਕਰਦੇ ਸਨ, ਪਰ ਪਿਤਾ ਮਹੇਂਦਰ ਸਿੰਘ ਟਿਕੈਤ ਦਾ ਪ੍ਰਭਾਵ ਉਨਾਂ 'ਤੇ ਖ਼ੂਬ ਹੈ। ਇਹੀ ਵਜਾ ਹੈ ਕਿ ਜਦੋਂ 1993-1994 'ਚ ਦਿੱਲੀ ਦੇ ਲਾਲ ਕਿਲੇ 'ਤੇ ਪਿਤਾ ਮਹਿੰਦਰ ਸਿੰਘ ਟਿਕੈਤ ਦੀ ਅਗਵਾਈ ਵਿਚ ਕਿਸਾਨਾਂ ਦਾ ਅੰਦੋਲਨ ਚੱਲ ਰਿਹਾ ਸੀ ਤਾਂ ਉਹ ਵੀ ਭਾਵੁਕ ਹੋ ਗਏ। ਰਾਕੇਸ਼ ਟਿਕੈਤ 'ਤੇ ਸਰਕਾਰ ਨੇ ਅੰਦੋਲਨ ਖ਼ਤਮ ਕਰਵਾਉਣ ਦਾ ਦਬਾਅ ਬਣਾਇਆ। ਨਾਲ ਹੀ ਕਿਹਾ ਕਿ ਉਹ ਆਪਣੇ ਪਿਤਾ ਤੇ ਭਰਾਵਾਂ ਨੂੰ ਅੰਦੋਲਨ ਖ਼ਤਮ ਕਰਨ ਨੂੰ ਕਹਿਣ, ਜਿਸ ਤੋਂ ਬਾਅਦ ਰਾਕੇਸ਼ ਟਿਕੈਤ ਪੁਲਿਸ ਦੀ ਨੌਕਰੀ ਛੱਡ ਕਿਸਾਨਾਂ ਦੇ ਨਾਲ ਖੜੇ ਹੋ ਗਏ ਸਨ। ਇਸ ਤੋਂ ਬਾਅਦ ਪਿਤਾ ਮਹਿੰਦਰ ਸਿੰਘ ਟਿਕੈਤ ਦੀ ਕੈਂਸਰ ਨਾਲ ਮੌਤ ਤੋਂ ਬਾਅਦ ਰਾਕੇਸ਼ ਟਿਕੈਤ ਨੇ ਪੂਰੀ ਤਰਾਂ ਭਾਰਤੀ ਕਿਸਾਨ ਯੂਨੀਅਨ ਦੀ ਕਮਾਨ ਸੰਭਾਲ ਲਈ

**ਮੋਰਚੇ ਉੱਪਰ ਸਖ਼ਤੀ**

ਜਿਵੇਂ ਸ਼ਹੀਨ ਬਾਗ ਮੋਰਚੇ ਨੂੰ ਖ਼ਤਮ ਕਰਾਉਣ ਲਈ ਵਰਗ ਵਿਸ਼ੇਸ਼ ਉੱਤੇ, ਇੱਕ ਹੋਰ ਵਰਗ ਵਿਸ਼ੇਸ਼ ਵੱਲੋਂ ਹਮਲੇ ਕਰਵਾ ਕੇ ਉੱਥੇ ਦੰਗੇ ਕਰਵਾਏ ਗਏ, ਦਿੱਲੀ ਪੁਲਿਸ ਮੂਕ ਦਰਸ਼ਕ ਬਣੀ ਰਹੀ। ਇਹ ਅੰਦੋਲਨ ਸਰਕਾਰ ਦੇ ਤਸ਼ੱਦਦ, ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੀ ਭੇਂਟ ਚੜ ਗਿਆ।

ਬਿਲਕੁਲ ਉਸੇ ਤਰਾਂ 26 ਜਨਵਰੀ, 2021 ਤੋਂ ਬਾਅਦ ਉਸੇ ਤਰਜ਼ ਉੱਤੇ ਹਮਲੇ ਕੀਤੇ ਜਾ ਰਹੇ ਹਨ, ਪੱਥਰਬਾਜ਼ੀ ਕੀਤੀ ਜਾ ਰਹੀ ਹੈ, ਜਿਸ ਤਰਜ਼ ਦੀ ਪੱਥਰਬਾਜ਼ੀ ਅਤੇ ਹੁੱਲੜਬਾਜ਼ੀ ਸ਼ਹੀਨ ਬਾਗ ਵਿੱਚ ਵੇਖਣ ਨੂੰ ਮਿਲੀ ਸੀ। ਭਾਵ ਸਰਕਾਰ ਬਿਲਕੁਲ ਉਨਾਂ ਹੱਥਕੰਡਿਆਂ ਰਾਹੀਂ, ਕਿਸਾਨ ਅੰਦੋਲਨ ਖ਼ਤਮ ਕਰਨਾ ਚਾਹੁੰਦੀ ਹੈ, ਜਿਹੜੇ ਹੱਥਕੰਡੇ ਵਰਤ ਕੇ ਸ਼ਹੀਨ ਬਾਗ ਮੋਰਚੇ ਨੂੰ ਖ਼ਤਮ ਕੀਤਾ ਗਿਆ ਸੀ।

ਸਰਕਾਰ ਵੱਲੋਂ ਅੰਤਰਰਾਸ਼ਟਰੀ ਦਬਾਅ ਅਧੀਨ, ਆਪਣੀ ਸਾਖ ਬਚਾਉਣ ਲਈ ਕਿਸਾਨਾਂ ਨਾਲ ਗਿਆਰਾਂ ਵੇਰ ਗੱਲਬਾਤ ਕੀਤੀ, ਪਰ ਘੜੀ ਨੀਤੀ ਅਨੁਸਾਰ ਲਟਕਾਅ ਦੀ ਸਥਿਤੀ ਸਰਕਾਰ ਨੇ ਜਾਰੀ ਰੱਖੀ। ਕੋਈ ਫ਼ੈਸਲਾ ਕਰਨ ਵੱਲ ਕਦਮ ਨਾ ਵਧਾਏ। ਆਪਣੇ ਅੜੀਅਲ ਰਵੱਈਏ ਨੂੰ ਕਾਇਮ ਰੱਖਦਿਆਂ, ਕਿਸਾਨੀ ਦੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਲਈ ਕਾਨੂੰਨ ਪਾਸ ਕਰਨ ਵੱਲ ਇਕ ਕਦਮ ਵੀ ਅੱਗੇ ਨਹੀਂ ਵਧਾਇਆ, ਸਗੋਂ ਸਿਰਫ਼ ਤਜਵੀਜ਼ਾਂ ਪੇਸ਼ ਕਰਕੇ ਡੰਗ ਟਪਾਈ ਕੀਤੀ ਅਤੇ ਸਮਾਂ ਆਉਣ ਉੱਤੇ ਕਿਸਾਨਾਂ ਨੂੰ ਬਦਨਾਮ ਕਰਕੇ, ਕਿਸਾਨਾਂ ਨੂੰ ਖਲਨਾਇਕ ਵਜੋਂ ਪੇਸ਼ ਕਰਨ ਦਾ ਦੇਸ਼ ਵਿਆਪੀ ਭੰਡੀ ਪ੍ਰਚਾਰ ਕਰਨਾ ਆਰੰਭਿਆ। ਰਕੇਸ਼ ਟਿਕੈਤ ਦੇ ਸ਼ਬਦ ਇਸ ਸਮੇਂ ਯਾਦ ਕਰਨ ਵਾਲੇ ਹਨ, 'ਅਸੀਂ ਨਾ ਹਿੰਸਾ ਕੀਤੀ ਹੈ ਨਾ ਕਰਾਂਗੇ।'

ਕਿਸਾਨ ਅੰਦੋਲਨ ਨੂੰ ਹਰਿਆਣਾ, ਰਾਜਸਥਾਨ, ਉੱਤਰੀ ਯੂ.ਪੀ. ਤੇ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ਵੱਲੋਂ ਭਰਪੂਰ ਸਹਿਯੋਗ ਪ੍ਰਾਪਤ ਹੋਇਆ। ਪੰਜਾਬ, ਛੱਤੀਸਗੜ, ਰਾਜਸਥਾਨ, ਪੱਛਮੀ ਬੰਗਾਲ ਦੀਆਂ ਵਿਧਾਨ ਸਭਾਵਾਂ ਖੇਤੀ ਕਾਨੂੰਨਾਂ ਦੇ ਵਿਰੁੱਧ ਬਿੱਲ ਪਾਸ ਕੀਤੇ ਭਾਵੇਂ ਕਿ ਭਾਜਪਾ ਇਨਾਂ ਬਿੱਲਾਂ ਦੇ ਹੱਕ 'ਚ ਰਹੀ। ਕਿਸਾਨ ਸੰਘਰਸ਼ ਦੇ ਹੱਕ ਵਿਚ ਦੇਸ਼ ਦੀਆਂ ਮੁੱਖ ਵਿਰੋਧੀ ਪਾਰਟੀਆਂ ਨੇ ਬਜਟ ਸੈਸ਼ਨ ਦਾ ਬਾਈਕਾਟ ਕੀਤਾ। ਟਰੈਕਟਰ ਪਰੇਡ ਹਿੰਸਾ ਲਈ ਮਾਮਲੇ ਦਰਜ ਕੀਤੇ ਗਏ ਹਨ ਅਤੇ 84 ਕਿਸਾਨਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਾ ਹੈ। ਕਿਸਾਨ ਜਥੇਬੰਦੀਆਂ ਦੇ ਮੁੱਖ ਨੇਤਾਵਾਂ ਉੱਤੇ ਕੇਸ ਵੀ ਦਰਜ ਹੋਏ ਹਨ ਅਤੇ ਉਨਾਂ ਨੂੰ ਨੋਟਿਸ ਵੀ ਜਾਰੀ ਹੋਏ ਹਨ। ਕਿਸਾਨ ਜਥੇਬੰਦੀਆਂ ਜੋ ਅੰਦੋਲਨ ਨੂੰ ਸ਼ਾਂਤਮਈ ਢੰਗ ਨਾਲ ਚਲਾ ਰਹੀਆਂ ਹਨ, ਉਨਾਂ ਦੇ ਨੇਤਾਵਾਂ ਵੱਲੋਂ ਦੂਜੀ ਕਤਾਰ ਦੇ ਨੇਤਾਵਾਂ ਨੂੰ ਉਸ ਹਾਲਤ ਵਿਚ ਅਗਵਾਈ ਦੇਣ ਦਾ ਨਿਰਨਾ ਲਿਆ ਹੈ, ਜਦੋਂ ਉਨਾਂ ਨੂੰ ਇਸ ਅੰਦੋਲਨ ਦੌਰਾਨ ਗ੍ਰਿਫ਼ਤਾਰ ਕਰ ਲਿਆ ਜਾਵੇ ਭਾਵ ਕਿਸਾਨ ਏਜੰਸੀਆਂ ਸਰਕਾਰੀ ਤਸ਼ੱਦਦ ਦੇ ਬਾਵਜੂਦ ਵੀ ਅੰਦੋਲਨ ਜਾਰੀ ਰੱਖਣ ਲਈ ਦ੍ਰਿੜ ਹਨ ਅਤੇ ਇਸੇ ਕਰਕੇ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦਾ ਜੋਸ਼ ਅਤੇ ਉਤਸ਼ਾਹ ਵਧਿਆ ਹੈ। 30 ਜਨਵਰੀ, 2021 ਨੂੰ ਕਿਸਾਨ ਨੇਤਾਵਾਂ ਨੇ ਸਦਭਾਵਨਾ ਦਿਵਸ ਮਨਾਉਂਦਿਆਂ ਭੁੱਖ ਹੜਤਾਲ ਕੀਤੀ। ਸਰਕਾਰੀ ਦਮਨਕਾਰੀ ਨੀਤੀਆਂ ਦੀ ਹੱਦ ਉਦੋਂ ਵੇਖਣ ਨੂੰ ਮਿਲੀ ਜਦੋਂ ਸਿੰਘੂ, ਗਾਜੀਪੁਰ ਤੇ ਟਿਕਰੀ ਸਰਹੱਦ ਸਮੇਤ ਨੇੜਲੇ ਇਲਾਕਿਆਂ 'ਚ 48 ਘੰਟੇ ਲਈ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਅਤੇ ਇਹਨਾਂ ਬਾਰਡਰਾਂ ਉੱਤੇ ਬਿਜਲੀ, ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ। ਜਿਸ ਦਾ ਟਾਕਰਾ ਕਰਨ ਲਈ ਕਿਸਾਨਾਂ ਵੱਲੋਂ ਸੋਲਰ ਲਾਈਟਾਂ ਲਗਵਾ ਕੇ ਰੌਸ਼ਨੀ ਦਾ ਪ੍ਰਬੰਧ ਕਰਨ ਦੀਆਂ ਖ਼ਬਰਾਂ ਮਿਲੀਆਂ।

ਕਿਸਾਨ ਅੰਦੋਲਨ ਦੀ ਸੰਘੀ ਘੁੱਟਣ ਲਈ, ਪੰਜਾਬ ਦੀ ਆਰਥਿਕਤਾ ਨੂੰ ਸੱਟ ਮਾਰਨ ਲਈ, ਕੇਂਦਰ ਦੀ ਸਰਕਾਰ ਲਗਾਤਾਰ ਹੱਥਕੰਡੇ ਵਰਤ ਰਹੀ ਹੈ। ਪਹਿਲਾਂ ਪੰਜਾਬ ਦਾ ਜੀ.ਐਸ.ਟੀ. ਦਾ ਹਿੱਸਾ ਸਰਕਾਰ ਨੇ ਰੋਕਿਆ, ਫਿਰ ਪੰਜਾਬ ਦਾ ਪੇਂਡੂ ਵਿਕਾਸ ਫ਼ੰਡ ਨੂੰ ਬੰਦ ਕਰ ਦਿੱਤਾ ਗਿਆ। ਪੰਜਾਬ ਦੇ ਆੜਤੀਆਂ ਉੱਤੇ ਸੀ.ਬੀ.ਆਈ. ਅਤੇ ਹੋਰ ਏਜੰਸੀਆਂ ਨੇ ਛਾਪੇ ਮਾਰੇ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਅੰਦੋਲਨ 'ਚ ਸ਼ਾਮਲ ਕਈ ਲੋਕਾਂ ਨੂੰ ਨੋਟਿਸ ਜਾਰੀ ਕੀਤੇ, ਜਿਸ ਨੂੰ ਕਿਸਾਨਾਂ ਇਕ ਵੱਡੀ ਧਮਕੀ ਸਮਝਿਆ ਅਤੇ ਇਨਾਂ ਧਮਕੀਆਂ ਦੇ ਸੰਬੰਧ 'ਚ ਇਕਮੁੱਠਤਾ ਵਿਖਾਈ।

ਦੇਸ਼ ਦੀਆਂ ਵੱਡੀਆਂ ਵਿਰੋਧੀ ਸਿਆਸੀ ਧਿਰਾਂ ਕਿਸਾਨ ਅੰਦੋਲਨ ਦੇ ਹੱਕ ਵਿੱਚ ਖੜੀਆਂ ਵਿਖਾਈ ਦੇ ਰਹੀਆਂ ਹਨ ਅਤੇ ਆਪਣੇ ਕਾਰਕੁੰਨਾਂ ਨੂੰ ਇਸ ਅੰਦੋਲਨ 'ਚ ਭਾਗ ਲੈਣ ਲਈ ਭੇਜ ਰਹੀਆਂ ਹਨ ਤਾਂ ਕਿ ਆਪਹੁਦਰੇ ਢੰਗ ਨਾਲ ਪਾਸ ਕੀਤੇ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਸ ਕਰਾਉਣ ਲਈ ਕਿਸਾਨਾਂ ਦਾ ਪੂਰਨ ਸਮਰਥਨ ਕੀਤਾ ਜਾ ਸਕੇ। ਬਿਲਕੁਲ ਇਸੇ ਕਿਸਮ ਦਾ ਭਰਪੂਰ ਸਮਰਥਨ ਵਿਦੇਸ਼ ਵੱਸਦੇ ਭਾਰਤੀਆਂ ਖ਼ਾਸ ਕਰਕੇ ਪੰਜਾਬੀਆਂ ਵੱਲੋਂ ਮਿਲ ਰਿਹਾ ਹੈ, ਜਿਨਾਂ ਨੇ ਉੱਥੇ ਵੱਸਦੇ ਭਾਰਤ ਵਾਸੀਆਂ ਦੇ ਸਹਿਯੋਗ ਨਾਲ ਕਿਸਾਨਾਂ ਦੇ ਹੱਕ 'ਚ ਲਾਮਬੰਦੀ ਹੀ ਨਹੀਂ ਕੀਤੀ, ਸਗੋਂ ਵਿਦੇਸ਼ੀ ਸਰਕਾਰਾਂ, ਜਿਨਾਂ ਵਿਚ ਉਨਾਂ ਦਾ ਵਿਸ਼ੇਸ਼ ਪ੍ਰਭਾਵ ਹੈ, ਤੋਂ ਕਿਸਾਨ ਅੰਦੋਲਨ ਦੇ ਹੱਕ 'ਚ ਹਮਾਇਤ ਹਾਸਲ ਕੀਤੀ। ਕੈਨੇਡਾ ਦੇ ਪ੍ਰਧਾਨ ਮੰਤਰੀ ਭਾਰਤੀ ਕਿਸਾਨ ਅੰਦੋਲਨ ਦੇ ਹੱਕ ਵਿਚ ਨਿੱਤਰਿਆ। ਬਰਤਾਨੀਆ ਦੇ 40 ਮੈਂਬਰ ਪਾਰਲੀਮੈਂਟ ਕਿਸਾਨ ਅੰਦੋਲਨ ਦੇ ਹੱਕ 'ਚ ਖੜੇ। ਖ਼ਾਸ ਕਰਕੇ ਪੰਜਾਬ ਦਾ ਕਿਸਾਨ ਪਿਛਲੇ ਲੰਮੇ ਸਮੇਂ ਤੋਂ 'ਘਾਟੇ ਦੀ ਖੇਤੀ' ਤੋਂ ਪੀੜਤ ਹੈ। ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਮਜਬੂਰਨ ਮੱਧਵਰਗੀ ਕਿਸਾਨ ਆਪਣੇ ਬੱਚਿਆਂ ਨੂੰ ਪ੍ਰਵਾਸ ਦੇ ਰਾਹ ਤੋਰਨ ਲਈ ਮਜਬੂਰ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕਿਸਾਨਾਂ ਨੇ ਏਕਤਾ ਦਾ ਸਬੂਤ ਦਿੰਦਿਆਂ, ਕਾਲੇ ਖੇਤੀ ਕਾਨੂੰਨਾਂ ਦੀ ਸਚਾਈ ਸਮਝਦਿਆਂ, ਆਪਣੀ ਹੋਂਦ ਦੀ ਲੜਾਈ ਲੜਨ ਲਈ ਬੀੜਾ ਚੁੱਕਿਆ ਹੈ।

ਅੱਜ ਨਹੀਂ ਤੇ ਕੱਲ ਕਿਸਾਨਾਂ ਦੀ ਦ੍ਰਿੜਤਾ, ਦਲੇਰੀ ਉਨਾਂ ਦੀ ਸਿਦਕਦਿਲੀ ਉਨਾਂ ਨੂੰ ਜਿੱਤ ਵੱਲ ਲੈ ਕੇ ਜਾਏਗੀ ਅਤੇ ਉਹ ਸਾਰੇ ਦਾਗ਼ ਉਸੇ ਤਰਾਂ ਧੋ ਦੇਵੇਗੀ।

**ਟਿਕੈਤ ਨੂੰ ਦਰਬਾਰ ਸਾਹਿਬ ਦਾ ਛਕਾਇਆ ਜਲ**

ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਜਾਰੀ ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਨੂੰ ਵਾਪਰੇ ਘਟਨਾਕ੍ਰਮ ਤੋਂ ਬਾਅਦ ਕੇਂਦਰ ਦੀ ਖੋਟੀ ਨੀਅਤ ਤੋਂ ਦੇਸ਼ ਵਾਸੀਆਂ ਨੂੰ ਜਾਣੂ ਕਰਵਾ ਕੇ ਕਿਸਾਨੀ ਸੰਘਰਸ਼ ਅੰਦਰ ਨਵੀਂ ਜਾਨ ਪਾਉਣ ਵਾਲੇ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ਮਾਝੇ ਤੋਂ ਆਏ ਨੌਜਵਾਨ ਆਗੂ ਗੁਰਸ਼ਰਨ ਸਿੰਘ ਛੀਨਾ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦਾ ਜਲ ਛਕਾ ਕੇ ਸਮੂਹ ਸਿੱਖ ਪੰਥ ਵੱਲੋਂ ਡਟਵਾਂ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਸਮੇਂ ਗਾਜੀਪੁਰ ਸਰਹੱਦ 'ਤੇ ਵੱਡੀ ਗਿਣਤੀ 'ਚ ਨੌਜਵਾਨਾਂ ਨਾਲ ਪੁੱਜੇ ਆਗੂ ਗੁਰਸ਼ਰਨ ਸਿੰਘ ਛੀਨਾ ਵੱਲੋਂ ਰਾਕੇਸ਼ ਟਿਕੈਤ ਨੂੰ ਦਸਤਾਰ ਸਜਾ ਕੇ ਅਤੇ ਸਿਰੋਪਾਓ ਭੇਟ ਕੀਤਾ ਗਿਆ।

ਬਾਕੀ ਸਫ਼ਾ 30 'ਤੇ


੪.੧੮.੨੦੧੭







# ਡੇਵਿਸ, ਕੈਲੀਫੋਰਨੀਆ ਵਿਚ ਅਣਪਛਾਤੇ ਲੋਕਾਂ ਨੇ ਕਈ ਟੁਕੜੇ ਕੀਤੇ ਗਾਂਧੀ ਦੇ ਬੁੱਤ ਦੇ

## ਲੋਕ ਤੰਗ ਆ ਗਏ ਭਾਰਤ ਦੀ ਝੂਠੀ ਗਾਂਧੀਗਿਰੀ ਤੇ ਸਦੀਆਂ ਦੀ ਨਫ਼ਰਤਪ੍ਰਸਤੀ ਤੋਂ- ਭਜਨ ਸਿੰਘ ਭਿੰਡਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਕੈਲੀਫੋਰਨੀਆਂ ਵਿੱਚ ਪੈਂਦੇ ਸ਼ਹਿਰ ਡੇਵਿਸ ਪਾਰਕ ਵਿੱਚ ਲੱਗੇ ਗਾਂਧੀ ਦੇ ਬੁੱਤ ਦੇ ਅਣਪਛਾਤੇ ਲੋਕਾਂ ਨੇ ਕਈ ਟੁਕੜੇ ਕਰ ਦਿੱਤੇ ਡੇਵਿਸ ਸੈਕਰਾਮੈਂਟੋ ਕੈਲੀਫੋਰਨੀਆ ਵਿਖੇ ਪਾਰਕ ਵਿੱਚ ਸਥਾਪਤ ਭਾਰਤੀ ਬਾਪੂ ਗਾਂਧੀ ਦੇ ਬੁੱਤ ਦੇ ਕੁਝ ਅਣਪਛਾਤੇ ਲੋਕਾਂ ਵੱਲੋਂ ਬੜੀ ਬੇਰਹਿਮੀ ਨਾਲ ਕਈ ਟੁਕੜੇ ਕੀਤੇ ਗਏ। ਇਸ ਬੁੱਤ ਨੂੰ ਲੱਗੇ ਅਜੇ 4 ਸਾਲ ਹੀ ਹੋਏ ਹਨ ਜੋ ਕਿ ਪਹਿਲਾਂ ਵੀ ਬਹੁਤ ਜ਼ਿਆਦਾ ਵਿਵਾਦ ਵਿੱਚ ਰਿਹਾ। ਇਹ ਬੁੱਤ 6 ਫੁੱਟ ਲੰਬਾ ਕਾਂਸੀ ਦਾ ਬਣਿਆ ਹੋਇਆ ਸੀ ਅਤੇ ਪੱਕੀ ਸੋਲਿਡ ਕੰਕਰੀਟ ਉੱਪਰ ਲੱਗਾ ਹੋਇਆ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇੱਥੇ ਮੁਜ਼ਾਹਰਾ ਕਰਨ ਵਾਲੇ ਲੋਕ ਇਸ ਨੂੰ ਨਫ਼ਰਤਪ੍ਰਸਤ ਅਤੇ ਬਲਾਤਕਾਰੀ ਦੇ ਪੋਸਟਰਾਂ ਨਾਲ ਸੰਬੋਧਨ ਕਰਦੇ ਸਨ। ਇਸ ਬੁੱਤ ਉੱਪਰ ਲੋਕ ਪਹਿਲਾਂ ਵੀ ਪੇਂਟ ਵਗ਼ੈਰਾ ਸੁੱਟ ਕੇ ਰੋਸ ਜ਼ਾਹਿਰ ਕਰਦੇ ਰਹੇ ਹਨ। ਗਾਂਧੀ ਦੀ ਕਾਲੇ ਲੋਕਾਂ ਅਤੇ ਦਲਿਤਾਂ ਨੂੰ ਨਫ਼ਰਤ ਕਰਨ ਕਾਰਨ ਇਸ ਨੂੰ ਪੂਰੀ ਦੁਨੀਆ ਦੇ ਕਾਲੇ ਅਤੇ ਦਲਿਤ ਭਾਰੀ ਨਫ਼ਰਤ



ਕਰਦੇ ਹਨ ਜਿੱਥੇ ਵੀ ਭਾਰਤ ਸਰਕਾਰ ਦੀਆਂ ਅੰਬੈਸੀਆਂ ਇਸਦਾ ਬੁੱਤ ਲਗਾਉਂਦੀਆਂ ਹਨ ਭਾਰੀ ਵਿਵਾਦ ਤੇ ਰੋਸ ਮੁਜ਼ਾਹਰੇ ਹੁੰਦੇ ਹਨ। ਇਸ ਬਾਰੇ ਗੱਲਬਾਤ ਕਰਦਿਆਂ ਉਘੇ ਸਿੱਖ ਆਗੂ ਅਤੇ ਘੱਟਗਿਣਤੀਆਂ ਦੀ ਅੰਤਰਰਾਸ਼ਟਰੀ ਅਵਾਜ਼ ਸ. ਭਜਨ ਸਿੰਘ ਭਿੰਡਰ ਨੇ ਕਿਹਾ ਕੀ ਲੋਕ ਇਸ ਨੂੰ ਸਮਝ ਚੁੱਕੇ ਹਨ ਇਸਦੀ ਅਤੇ ਭਾਰਤ ਦੀ ਸਦੀਆਂ ਦੀ ਨਫ਼ਰਤਪ੍ਰਸਤੀ ਤੋਂ ਤੰਗ ਆ ਗਏ ਹਨ ਜਿਸਦਾ ਇਹ ਸਿੱਟਾ ਹੈ ਕੀ ਇਸ ਬਲਾਤਕਾਰੀ ਨਫ਼ਰਤਪ੍ਰਸਤ ਨੂੰ ਰੰਗ ਨਸਲ ਦੇ ਭੇਦ ਕਾਰਨ ਘਿਰਣਾ ਕਰਨ ਵਾਲੇ ਗਾਂਧੀ ਨੂੰ ਬਰਦਾਸ਼ਤ ਕਰਨ ਦੀ ਤਾਕਤ ਗੁਆ ਚੁੱਕੇ ਹਨ। ਸ. ਭਜਨ ਸਿੰਘ ਭਿੰਡਰ ਨੇ ਕਿਹਾ ਕੀ ਇਸ ਤੋਂ ਪਹਿਲਾਂ ਵੀ ਦੁਨੀਆ ਦੇ ਵੱਖ ਵੱਖ ਸ਼ਹਿਰਾਂ 'ਚ ਇਸਦੇ ਬੁੱਤ ਦਾ ਜਲੂਸ ਕੱਢ ਚੁੱਕੇ ਹਨ ਡੇਵਿਸ ਵਿੱਚ ਗਾਂਧੀ ਬੁੱਤ ਦੇ ਹੋਏ ਟੁਕੜੇ ਟੁਕੜੇ ਵੀ ਇਸ ਦਾ ਹੀ ਇਕ ਕਾਰਨ ਲੱਗਦੇ ਹਨ ਕਿਉਂਕਿ ਲੋਕ ਜਾਗ ਚੁੱਕੇ ਹਨ।

# ਕਿਸਾਨਾਂ ਦੀ ਹਮਾਇਤ 'ਚ ਬੀ. ਜੀ. ਪੀ. ਦੇ ਐੱਮ. ਐੱਲ. ਏ. ਤੇ ਐੱਮ. ਪੀ. ਅਸਤੀਫ਼ੇ ਦੇਣ : ਅਮਰੀਕੀ ਆਗੂ

**ਵਾਸ਼ਿੰਗਟਨ ਡੀ. ਸੀ./(ਗਿੱਲ):** ਅਮਰੀਕਾ ਦੀਆਂ ਸਮਾਜਿਕ ਜਥੇਬੰਦੀਆਂ ਨੇ ਸਮੂਹਿਕ ਤੌਰ 'ਤੇ ਫ਼ੈਸਲਾ ਲਿਆ ਹੈ ਕਿ ਕਿਸਾਨਾਂ ਦੀ ਹਮਾਇਤ ਕਰਨ ਵਾਲੇ ਐੱਮ. ਐੱਲ. ਏ. ਅਤੇ ਐੱਮ. ਪੀ. ਭਾਰਤੀ ਜਨਤਾ ਪਾਰਟੀ ਤੋਂ ਅਸਤੀਫ਼ੇ ਦੇ ਕੇ ਕਿਸਾਨਾਂ ਦੇ ਹੱਕ ਵਿੱਚ ਖੜੇ ਹੋਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਭਵਿੱਖ ਵਿੱਚ ਇਹਨਾਂ ਨੂੰ ਕੋਈ ਕਿਸਾਨ ਵੋਟ ਨਹੀਂ ਪਾਵੇਗਾ। ਜਥੇਬੰਦੀਆਂ ਦਾ ਕਹਿਣਾ ਹੈ ਕਿ ਤੁਹਾਨੂੰ ਕਿਸਾਨਾਂ ਨੇ ਵਿਧਾਨ ਸਭਾ ਤੇ ਪਾਰਲੀਮੈਂਟ ਵਿੱਚ ਇਸ ਕਰਕੇ ਭੇਜਿਆ ਸੀ ਕਿ ਤੁਸੀਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰੋਗੇ, ਪਰ ਤੁਸੀਂ ਤਾਂ ਕੁਰਸੀ ਨਾਲ ਚਿਪਕ ਕੇ ਬੈਠ ਗਏ ਹੋ। ਕਿਸਾਨ ਜੋ ਕਨੂੰਨ ਚਾਹੁੰਦੇ ਹੀ ਨਹੀਂ, ਉਹਨਾਂ ਨੂੰ ਲਾਗੂ ਕਰਨਾ ਜਾਂ ਕਰਵਾਉਣਾ, ਕਿੱਧਰ ਦੀ ਦਿਆਨਤਦਾਰੀ ਹੈ?

ਪ੍ਰਧਾਨ ਮੰਤਰੀ ਮੋਦੀ ਤੁਹਾਡੇ ਮੋਢਿਆਂ ਤੇ ਰੱਖ ਕੇ ਕਾਨੂੰਨ ਲਾਗੂ ਕਰ ਰਿਹਾ ਹੈ। ਜਿਸ ਦਾ ਕੋਈ ਲਾਭ ਨਹੀਂ ਹੈ। ਤੁਸੀਂ ਬਿਟਰ-ਬਿਟਰ ਵੇਖ ਰਹੇ ਹੋ। ਤੁਹਾਨੂੰ ਪਤਾ ਹੈ ਕਿ ਇਹ ਕਾਨੂੰਨ ਇੱਕ ਨਾ ਇੱਕ ਦਿਨ ਵਾਪਸ ਹੋਣੇ ਹਨ। ਫਿਰ ਤੁਸੀਂ ਹੁਣੇ ਕਿਉਂ ਨਹੀਂ ਮੋਦੀ ਨੂੰ ਕਹਿੰਦੇ ਕਿ ਇਹਨਾਂ ਨੂੰ ਵਾਪਸ ਲਵੋ। ਤੁਹਾਡੇ ਸਿਰ ਤੇ ਸਰਕਾਰ ਹੈ। ਤੁਹਾਡੀ ਜ਼ਮੀਰ ਕਿਉਂ ਨਹੀਂ ਜਾਗ ਰਹੀ ਹੈ। ਅੱਜ ਅਸਤੀਫ਼ਾ ਦੇਵੋਗੇ, ਕੱਲ ਨੂੰ ਭਾਰੀ ਵੋਟਾਂ ਨਾਲ ਜਿੱਤ ਪ੍ਰਾਪਤ ਕਰੋਗੇ। ਫਿਰ ਤੁਸੀਂ ਕਿਉਂ ਜ਼ਮੀਰ ਦੀ ਆਵਾਜ਼ ਨਹੀਂ ਸੁਣਦੇ ਹੋ? ਪਹਿਲ ਕਦਮੀ ਕਿਸੇ ਇੱਕ ਨੂੰ ਕਰਨੀ ਪਵੇਗੀ। ਮੁੜ ਅਸਤੀਫ਼ਿਆਂ ਦਾ ਹੜ ਆ ਜਾਵੇਗਾ। ਲੋਕ ਤੁਹਾਨੂੰ ਆਪਣੇ ਹੱਥਾਂ 'ਤੇ ਚੁੱਕ ਲੈਣਗੇ। ਹਿੰਮਤ ਕਰਕੇ ਤੇ ਵੇਖੋ।

ਕਿਸਾਨਾਂ ਦੀ ਹਮਾਇਤ ਵਿੱਚ ਅਸਤੀਫ਼ੇ ਦੇਣ ਵਾਸਤੇ ਜਿਨਾਂ ਸੰਸਥਾਵਾਂ ਨੇ ਆਪਣੀ ਸ਼ਮੂਲੀਅਤ ਦਰਸਾਈ ਹੈ। ਉਨਾਂ ਵਿੱਚ ਵਰਲਡ ਯੁਨਾਈਟਿਡ ਗੁਰੂ ਨਾਨਕ ਮਿਸਨ, ਸਿੱਖ ਕਮਿਊਨਿਟੀ ਸੈਂਟਰ, ਚੜਦੀ ਕਲਾ ਸਪੋਰਟਸ ਕਲੱਬ, ਇੱਕ ਪੰਜਾਬੀ, ਯੁਨਾਈਟਿਡ ਪੰਜਾਬੀ, ਮੈਰੀਲੈਂਡ ਪੰਜਾਬੀ ਕਲੱਬ ਸ਼ਾਮਲ ਹਨ। ਇਹਨਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਬੀ. ਜੇ. ਪੀ. ਦੇ ਸਿੱਖ ਅਹੁਦੇਦਾਰਾਂ ਦਾ ਹਰੇਕ ਥਾਂ 'ਤੇ ਵਿਰੋਧ ਕੀਤਾ ਜਾਵੇਗਾ, ਜੇਕਰ ਇਨਾਂ ਅਹੁਦੇ ਨਾ ਤਿਆਗੇ।

ਹਾਲ ਦੀ ਘੜੀ ਜਥੇਬੰਦੀਆਂ ਨੇ ਅਪੀਲ ਕੀਤੀ ਹੈ ਕਿ ਕਿਸਾਨਾਂ ਦੇ ਸੰਘਰਸ਼ ਨੂੰ ਮੁੱਖ ਰੱਖਦੇ ਹੋਏ ਐੱਮ. ਪੀ., ਐੱਮ. ਐੱਲ. ਏ. ਅਸਤੀਫ਼ੇ ਦੇਣ। ਜਥੇਬੰਦੀਆਂ ਨੇ ਹਰਿਆਣੇ ਦੇ ਅਭੈ ਚੋਟਾਲਾ ਲੋਕ ਦਲ, ਰਾਮਪਾਲ ਬੀ. ਜੇ. ਪੀ. ਐੱਮ. ਐੱਲ. ਏ.ਅਤੇ ਅਵਤਾਰ ਸਿੰਘ ਯੂ.ਪੀ. ਐਮ ਐਲ ਏ ਦੇ ਅਸਤੀਫ਼ਿਆਂ ਦਾ ਸਵਾਗਤ ਕੀਤਾ ਹੈ। ਜਿਨਾਂ ਨੇ ਕਿਸਾਨਾਂ ਦੀ ਹਮਾਇਤ ਵਿੱਚ ਇਹ ਕਦਮ ਚੁੱਕਿਆ ਹੈ। ਕਿਸਾਨ ਇਨਾਂ ਦਾ ਮੁੱਲ ਜ਼ਰੂਰ ਮੋੜਨਗੇ। ਬਾਕੀਆਂ ਨੂੰ ਵੀ ਅੰਨਦਾਤਾ ਦੇ ਹੱਕ ਵਿੱਚ ਅਸਤੀਫ਼ੇ ਦੇ ਕੇ ਝੜੀ ਲਗਾ ਦੇਣੀ ਚਾਹੀਦੀ ਹੈ।

ਇਹ ਇਕ ਕਦਮ ਸਾਰੀ ਉਮਰ ਤੁਹਾਡੇ ਰੁਤਬੇ ਤੇ ਫ਼ੈਸਲੇ ਲਈ ਸਹਾਈ ਹੋਵੇਗਾ। ਤੁਹਾਡੀ ਇੱਜ਼ਤ ਤੁਹਾਡੇ ਪਰਿਵਾਰ ਤੇ ਦੇਸ ਵਿੱਚ ਧਰੂ ਤਾਰੇ ਵਾਂਗ ਚਮਕੇਗੀ। ਫ਼ੈਸਲਾ ਤੁਹਾਡੇ ਹੱਥ ਵਿੱਚ ਹੈ। ਜ਼ਿੱਲਤ ਨਾਲ ਜੀਣਾ ਹੈ ਜਾਂ ਇੱਜ਼ਤ ਨਾਲ। ਅੱਜ ਦਾ ਦਿੱਤਾ ਅਸਤੀਫ਼ਾ ਤੁਹਾਡੀ ਹਮੇਸ਼ਾ ਜਿੱਤ ਦੇ ਝੰਡੇ ਝੁਲਾਵੇਗਾ। ਨਹੀਂ ਤਾਂ ਮਰ ਮਰ ਕੇ ਜਿਊਣ ਲਈ ਮਜਬੂਰ ਕਰ ਦੇਵੇਗਾ।

ਲੋੜ ਹੈ ਕਿ ਕਿਹੜਾ ਐਮ ਪੀ ਪਹਿਲ ਕਦਮੀ ਕਰਦਾ ਹੈ।

ਜਿਸ ਤਰਾਂ ਵਿਆਹ ਵੇਲੇ ਰੋਟੀ ਦੀ ਸ਼ੁਰੂਆਤ ਕੋਈ ਇਕ ਵਿਅਕਤੀ ਕਰਦਾ ਹੈ। ਮੁੜ ਲੰਬੀ ਕਤਾਰ ਲੱਗ ਜਾਂਦੀ ਹੈ। ਅਜਿਹੇ ਵਾਸਤੇ ਮੰਨ ਨੂੰ ਮਾਰੋ ਤੇ ਅਸਤੀਫ਼ਿਆਂ ਦੇ ਵੱਲ ਵਹੀਰਾਂ ਘੱਤ ਦਿਉ। ਇਸੇ ਵਿੱਚ ਹੀ ਭਲਾ ਹੈ।

ਬਾਕੀ ਸਫ਼ਾ 30 'ਤੇ

# ਨਸਲੀ ਨਿਆਂ ਲਈ ਮੁਹਿੰਮ ਚਲਾਉਣ ਵਾਲੀ 'ਬਲੈਕ ਲਿਵਜ਼ ਮੈਟਰ' ਸੰਸਥਾ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਕਾਲੇ ਲੋਕਾਂ ਲਈ ਨਿਆਂ ਦੀ ਮੁਹਿੰਮ ਚਲਾਉਣ ਵਾਲੀ ਸੰਸਥਾ 'ਬਲੈਕ ਲਿਵਜ਼ ਮੈਟਰ' ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਨਾਰਵੇ ਦੇ ਸੰਸਦ ਮੈਂਬਰ ਪੀਟਰ ਈਡ ਨੇ ਕਿਹਾ ਹੈ ਕਿ ਨਸਲੀ ਨਿਆਂ ਪ੍ਰਤੀ ਨਵੀਂ ਚੇਤਨਾ ਤੇ ਜਾਗਰੂਕਤਾ ਲਿਆਉਣ ਦੇ ਮੱਦੇਨਜ਼ਰ ਸੰਸਥਾ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਉਨਾਂ ਕਿਹਾ ਕਿ 'ਨਸਲੀ ਨਿਆਂ ਲਹਿਰ ਨੂੰ ਅੱਗੇ ਵਧਾਉਣਾ ਤੇ ਇਸ ਲਹਿਰ ਨੂੰ ਹੋਰ ਦੇਸ਼ਾਂ ਵਿਚ ਫੈਲਾਉਣਾ ਬਹੁਤ ਮਹੱਤਵਪੂਰਨ ਹੈ। ਅੱਜ 'ਬਲੈਕ ਲਿਵਜ਼ ਮੈਟਰ' ਨਾ ਕੇਵਲ ਅਮਰੀਕਾ ਬਲਕਿ ਯੂਰਪ ਤੇ ਏਸ਼ੀਆ ਵਿਚ ਵੀ ਇਕ ਮਜ਼ਬੂਤ ਤਾਕਤ ਬਣ ਚੁੱਕੀ ਹੈ।' ਉਨਾਂ ਕਿਹਾ ਕਿ ਬਲੈਕ ਲਿਵਜ਼ ਮੈਟਰ ਜਿਸ ਢੰਗ ਨਾਲ ਅਮਰੀਕਾ ਵਿਚ ਸਿਵਲ ਰਾਈਟਸ ਲਹਿਰ ਤੇ ਦੱਖਣੀ ਅਫ਼ਰੀਕਾ ਵਿਚ ਰੰਗ ਭੇਦ ਵਿਰੋਧੀ ਲਹਿਰ ਕੰਮ ਕਰ ਰਹੀ ਹੈ, ਉਸ ਤਰਾਂ ਹੀ ਕੰਮ ਕਰ ਰਹੀ ਹੈ। ਡਾ ਲੂਥਰ ਕਿੰਗ ਜੂਨੀਅਰ ਨੇ 1964 ਵਿਚ ਅਤੇ ਐਲਬਰਟ ਲੂਥੂਲੀ ਤੇ ਨੈਲਸਨ ਮੰਡੇਲਾ ਨੇ ਕ੍ਰਮਵਾਰ 1960 ਤੇ 1993 ਵਿਚ ਦੱਖਣੀ ਅਫ਼ਰੀਕਾ ਵਿਚ ਨਸਲੀ ਭੇਦਭਾਵ ਵਿਰੁੱਧ ਮੁਹਿੰਮ ਚਲਾਉਣ ਲਈ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ ਸੀ। ਈਡ ਨੇ ਕਿਹਾ ਕਿ ਨੋਬਲ ਪੁਰਸਕਾਰ ਕਮੇਟੀ ਲਈ ਨਸਲੀ ਨਿਆਂ ਨੂੰ ਅਮਨ ਨਾਲ ਜੋੜਨਾ ਅਸਧਾਰਨ ਵਰਤਾਰਾ ਨਹੀਂ ਹੈ ਕਿਉਂਕਿ ਨਿਆਂ ਤੋਂ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ। ਪੀਟਰ ਈਡ ਨੇ ਸਪੱਸ਼ਟ ਕੀਤਾ ਹੈ ਕਿ ਇਹ ਨਾਮਜ਼ਦੀ ਅਮਰੀਕਾ ਦੀ ਘਰੇਲੂ ਰਾਜਨੀਤੀ ਦੀ ਅਲੋਚਨਾ ਨਹੀਂ ਹੈ। ਈਡ ਨੇ ਕਿਹਾ ਸਨਿੱਚਰਵਾਰ ਨੂੰ ਉਨਾਂ ਨੂੰ ਬਹੁਤ ਸਾਰੇ ਅਮਰੀਕੀਆਂ ਦੀਆਂ ਈ ਮੇਲਾਂ ਆਈਆਂ ਜਿਨਾਂ ਵਿਚ ਉਨਾਂ ਨੇ ਆਪਣੇ ਗ਼ੁੱਸੇ ਦਾ ਇਜ਼ਹਾਰ ਕੀਤਾ ਹੈ। ਅਮਰੀਕੀਆਂ ਨੇ ਲਿਖਿਆ ਹੈ ਕਿ ਬਲੈਕ ਲਿਵਜ਼ ਮੈਟਰ ਸ਼ਾਂਤੀ ਨੂੰ ਪ੍ਰਣਾਈ ਹੋਈ ਸੰਸਥਾ ਨਹੀਂ ਹੈ। ਈਡ ਨੇ ਕਿਹਾ ਹੈ ਕਿ ਉਹ ਇਸ ਆਲੋਚਨਾ ਲਈ ਤਿਆਰ ਹੈ।

# ਪੌਪ ਸਟਾਰ ਰਿਹਾਨਾ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ

**ਵਾਸ਼ਿੰਗਟਨ /ਏ.ਟੀ.ਨਿਊਜ਼:** ਕੌਮਾਂਤਰੀ ਪੌਪ ਸਟਾਰ ਰਿਹਾਨਾ ਨੇ ਟਵੀਟ ਕਰ ਕੇ ਭਾਰਤ ਵਿਚ ਖੇਤੀ ਕਾਨੂੰਨਾਂ ਖਲਿਾਫ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਹਮਾਇਤ ਦਿੱਤੀ ਹੈ। ਰਿਹਾਨਾ ਨੇ ਇੰਟਰਨੈੱਟ ਬੰਦ ਕਰਨ ਦੀ ਵੀ ਨਿਖੇਧੀ ਕੀਤੀ ਹੈ ਜਿਸ ਨੂੰ ਕਿਸਾਨ ਸੰਘਰਸ਼ ਵਿਚ ਅੜਿੱਕਾ ਪਾਉਣ ਲਈ ਚੁੱਕਿਆ ਗਿਆ ਕਦਮ ਦੱਸ ਰਹੇ ਹਨ। ਉਸ ਨੇ 'ਸੀਐੱਨਐੱਨ' ਦਾ ਇਕ ਖ਼ਬਰ ਆਰਟੀਕਲ ਟਵੀਟ ਨਾਲ ਸਾਂਝਾ ਕੀਤਾ ਜਿਸ ਵਿਚ ਭਾਰਤ 'ਚ ਇੰਟਰਨੈੱਟ ਬੰਦ ਹੋਣ ਬਾਰੇ ਦੱਸਿਆ ਗਿਆ ਹੈ। ਪੌਪ ਸਟਾਰ ਨੇ ਲਿਖਿਆ 'ਅਸੀਂ ਇਸ ਬਾਰੇ ਗੱਲ ਕਿਉਂ ਨਹੀਂ ਕਰ ਰਹੇ?' ਉਸ ਨੇ ਨਾਲ ਹੀ ਹੈਸ਼ਟੈਗ 'ਫਾਰਮਰਜ ਪ੍ਰੋਟੈਸਟ' ਵੀ ਲਿਖਿਆ। ਜਕਿਰਯੋਗ ਹੈ ਕਿ ਗਾਇਕਾ ਦੇ ਟਵਿੱਟਰ ਉਤੇ 10 ਕਰੋੜ ਫਾਲੋਅਰਜ ਹਨ। ਦਿੱਲੀ ਦੇ ਸਿੰਘੂ, ਗਾਜੀਪੁਰ ਤੇ ਟਿਕਰੀ ਬਾਰਡਰ ਉਤੇ ਇੰਟਰਨੈੱਟ ਸੇਵਾਵਾਂ ਬੰਦ ਹਨ।

## 'ਪਰਾਊਡ ਬਵਾਏਜ਼' ਦੇ ਦੋ ਮੈਂਬਰਾਂ ਵਿਰੁੱਧ ਕੈਪੀਟਲ ਹਿੱਲ ਵਿਚ ਹਿੰਸਾ ਲਈ ਸਾਜ਼ਿਸ਼ ਰਚਣ ਦੇ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅੱਤਵਾਦੀ ਗਰੁੱਪ 'ਪਰਾਊਡ ਬਵਾਏਜ਼' ਜੋ ਗੋਰੇ ਰਾਸ਼ਟਰਵਾਦ ਦੀ ਗੱਲ ਕਰਦਾ ਹੈ, ਦੇ ਦੋ ਮੈਂਬਰਾਂ ਵਿਰੁੱਧ 6 ਜਨਵਰੀ ਨੂੰ ਰਾਜਧਾਨੀ ਵਾਸ਼ਿੰਗਟਨ ਵਿਚ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਲਈ ਸਾਜ਼ਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਨਾਂ ਵਿਚ ਡੋਮੀਨਿਕ ਪੇਜ਼ੋਲਾ ਜੋ ਰੋਚੈਸਟਰ, ਨਿਊਯਾਰਕ ਦਾ ਸਾਬਕਾ ਅਮਰੀਕੀ ਸੈਨਿਕ ਹੈ ਤੇ ਵਿਲੀਅਮ ਪੇਪ ਜੋ ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਟੀ ਬੀਕਾਨ, ਨਿਊਯਾਰਕ ਦਾ ਮੁਲਾਜ਼ਮ ਹੈ, ਸ਼ਾਮਿਲ ਹਨ। ਐਫ ਬੀ ਆਈ ਅਨੁਸਾਰ ਪੇਜ਼ੋਲਾ ਵਿਰੁੱਧ ਹਮਲਾ ਕਰਨ, ਸੁਰੱਖਿਆ ਲਈ ਤਾਇਨਾਤ ਪੁਲਿਸ ਅਫ਼ਸਰ ਨੂੰ ਰੋਕਣ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ। ਉਸ ਕੋਲੋਂ ਇਕ 'ਥੰਬ ਡਰਾਈਵ' ਵੀ ਬਰਾਮਦ ਹੋਈ ਹੈ ਜਿਸ ਵਿਚ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਘਰ ਵਿਚ ਅਗਨ ਹਥਿਆਰ, ਜ਼ਹਿਰ ਤੇ ਧਮਾਕਾਖ਼ੇਜ਼ ਸਮੱਗਰੀ ਕਿਸ ਤਰਾਂ ਬਣਾਉਣੀ ਹੈ। ਇਹ ਥੰਬ ਡਰਾਈਵ ਐਫ ਬੀ ਆਈ ਅਧਿਕਾਰੀਆਂ ਵੱਲੋਂ ਉਸ ਦੇ ਘਰ ਵਿਚ ਮਾਰੇ ਛਾਪੇ ਦੌਰਾਨ ਬਰਾਮਦ ਕੀਤੀ ਗਈ ਸੀ। ਪੇਜ਼ੋਲਾ ਤੇ ਪੇਪ ਵਿਰੁੱਧ ਕੈਪੀਟਲ ਹਿੱਲ ਵਿਚ ਹਿੰਸਾ ਕਰਨ ਲਈ ਮਿਲਕੇ ਕੰਮ ਕਰਨ ਦੇ ਦੋਸ਼ ਲਾਏ ਗਏ ਹਨ। ਇਸੇ ਦੌਰਾਨ ਪੁਲਿਸ ਅਜੇ ਵੀ ਕੈਪੀਟਲ ਹਿੱਲ ਵਿਚ ਹਿੰਸਾ ਕਰਨ ਵਾਲਿਆਂ ਦੀ ਤਲਾਸ਼ ਕਰ ਰਹੀ ਹੈ। ਦੋਸ਼ੀਆਂ ਦੀ ਪਛਾਣ ਲਈ ਲੋਕਾਂ ਕੋਲੋਂ ਵੀ ਮਦਦ ਲਈ ਜਾ ਰਹੀ ਹੈ।

# ਮਾਮਲਾ ਸਰਹੱਦ 'ਤੇ ਹੋਈਆਂ ਝੜਪਾਂ ਦਾ

## ਹਿੰਦ-ਪ੍ਰਸ਼ਾਂਤ 'ਚ ਭਾਰਤੀ ਹਿੱਤਾਂ ਨਾਲ ਖੜਾ ਹੋਇਆ ਅਮਰੀਕਾ

**ਵਾਸ਼ਿੰਗਟਨ/ਏ.ਟੀ.ਨਿਊਜ਼:** ਭਾਰਤ-ਚੀਨ ਸਰਹੱਦ 'ਤੇ ਜਾਰੀ ਅੜਿੱਕੇ ਵਿਚਕਾਰ ਬਾਇਡਨ ਪ੍ਰਸ਼ਾਸਨ ਨੇ ਕਿਹਾ ਕਿ ਆਪਣੇ ਗੁਆਂਢੀਆਂ ਨੂੰ ਡਰਾਉਣ-ਧਮਕਾਉਣ ਦੇ ਚੀਨ ਦੇ ਲਗਾਤਾਰ ਜਾਰੀ ਯਤਨਾਂ ਤੋਂ ਅਮਰੀਕਾ ਚਿੰਤਤ ਹੈ। ਉਸ ਨੇ ਦੋਵਾਂ ਦੇਸ਼ਾਂ ਦੀ ਸਰਹੱਦ ਦੇ ਹਾਲਾਤ 'ਤੇ ਕਰੀਬੀ ਨਜ਼ਰ ਬਣਾ ਕੇ ਰੱਖੀ ਹੈ। ਇਕ ਚੋਟੀ ਦੇ ਅਧਿਕਾਰੀ ਨੇ ਇਹ ਵੀ ਦਾਅਵਾ ਕੀਤਾ ਕਿ ਵਾਸ਼ਿੰਗਟਨ ਰਣਨੀਤਕ ਰੂਪ ਤੋਂ ਮਹੱਤਵਪੂਰਣ ਹਿੰਦ-ਪ੍ਰਸ਼ਾਂਤ ਖੇਤਰ ਵਿਚ ਭਾਰਤੀ ਹਿੱਤਾਂ ਨਾਲ ਖੜਾ ਰਹੇਗਾ। ਭਾਰਤ-ਚੀਨ ਵਿਚਕਾਰ ਸਰਹੱਦ 'ਤੇ ਹੋਈਆਂ ਝੜਪਾਂ ਦੇ ਸਬੰਧ ਵਿਚ ਇਹ ਬਾਇਡਨ ਪ੍ਰਸ਼ਾਸਨ ਦੀ ਪਹਿਲੀ ਪ੍ਰਤੀਕਿਰਿਆ ਹੈ।

ਵਾਈਟ ਹਾਊਸ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ (ਐੱਨਐੱਸਸੀ) ਦੀ ਤਰਜ਼ਮਾਨ ਏਮਿਲੀ ਜੇ ਹੋਰਨ ਨੇ ਕਿਹਾ ਕਿ ਅਸੀਂ ਹਾਲਾਤ 'ਤੇ ਕਰੀਬ ਤੋਂ ਨਜ਼ਰ ਬਣਾ ਰੱਖੀ ਹੈ। ਭਾਰਤ ਅਤੇ ਚੀਨ ਦੀਆਂ ਸਰਕਾਰਾਂ ਵਿਚਕਾਰ ਚੱਲ ਰਹੀ ਵਾਰਤਾ ਦੀ ਸਾਨੂੰ ਜਾਣਕਾਰੀ ਹੈ ਅਤੇ ਅਸੀਂ ਸਰਹੱਦੀ ਵਿਵਾਦਾਂ ਦੇ ਸ਼ਾਂਤੀਪੂਰਣ ਹੱਲ ਲਈ ਸਿੱਧੀ ਵਾਰਤਾ ਦਾ ਸਮਰਥਨ ਕਰਨਾ ਜਾਰੀ ਰੱਖਾਂਗੇ। ਹੋਰਨ ਭਾਰਤੀ ਖੇਤਰਾਂ ਵਿਚ ਘੁਸਪੈਠ ਕਰ ਕੇ ਉਨਾਂ 'ਤੇ ਕਬਜ਼ਾ ਜਮਾਉਣ ਦੇ ਚੀਨ ਦੇ ਹਾਲ ਦੇ ਯਤਨਾਂ ਨਾਲ ਸਬੰਧਤ ਸਵਾਲਾਂ ਦਾ ਜਵਾਬ ਦੇ ਰਹੀ ਸੀ। ਉਨਾਂ ਕਿਹਾ ਕਿ ਬੀਜਿੰਗ ਵੱਲੋਂ ਗੁਆਂਢੀਆਂ ਨੂੰ ਡਰਾਉਣ-ਧਮਕਾਉਣ ਦੇ ਨਿਰੰਤਰ ਯਤਨਾਂ ਤੋਂ ਅਮਰੀਕਾ ਚਿੰਤਤ ਹੈ। ਉਨਾਂ ਕਿਹਾ ਕਿ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸਾਂਝੀ ਖ਼ੁਸ਼ਹਾਲੀ, ਸੁਰੱਖਿਆ ਅਤੇ ਮੁੱਲਾਂ ਨੂੰ ਅੱਗੇ ਲੈ ਕੇ ਜਾਣ ਲਈ ਅਸੀਂ ਆਪਣੇ ਮਿੱਤਰਾਂ, ਭਾਈਵਾਲਾਂ ਅਤੇ ਸਹਿਯੋਗੀਆਂ ਨਾਲ ਖੜੇ ਹਾਂ। ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਪਿਛਲੇ ਹਫ਼ਤੇ ਸੰਸਦ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਦੇਸ਼ ਦੇ ਹਿੱਤਾਂ ਦੀ ਰੱਖਿਆ ਲਈ ਸਰਕਾਰ ਪੂਰੀ ਤਰਾਂ ਵਚਨਬੱਧ ਹੈ ਅਤੇ ਚੌਕਸ ਵੀ ਹੈ। ਵਾਸਤਵਿਕ ਕੰਟਰੋਲ ਰੇਖਾ (ਐੱਲਏਸੀ) 'ਤੇ ਭਾਰਤ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਹੋਰ ਫ਼ੌਜੀ ਬਲਾਂ ਦੀ ਤਾਇਨਾਤੀ ਵੀ ਕੀਤੀ ਗਈ ਹੈ। ਸਰਕਾਰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਚੁਣੌਤੀ ਦੇਣ ਵਾਲੀਆਂ ਤਾਕਤਾਂ ਨਾਲ ਨਿਪਟਣ ਲਈ ਹਰ ਪੱਧਰ 'ਤੇ ਯਤਨਸ਼ੀਲ ਹੈ।

# ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸਦਮਾ-ਸੱਸ ਹਰਜਿੰਦਰ ਕੌਰ ਘੁੰਮਣ ਦੀ ਮੌਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪੰਜਾਬੀ ਭਾਈਚਾਰੇ ਦੀ ਜਾਣੀ ਪਛਾਣੀ ਸ਼ਖ਼ਸੀਅਤ ਅਤੇ ਕੈਲੀਫੋਰਨੀਆ ਸੈਕਟਰੀ ਆਫ਼ ਸਟੇਟ ਦੇ ਸਲਾਹਕਾਰ ਅਤੇ ਐਲਗਰੋ ਦੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਦੇ ਸੱਸ ਮਾਤਾ ਹਰਜਿੰਦਰ ਕੌਰ ਘੁੰਮਣ (77) ਜੋ ਲੰਮੇ ਸਮੇਂ ਤੋਂ ਆਪਣੀ ਲੜਕੀ ਨਿਰਮਲਜੀਤ ਕੌਰ ਪਤਨੀ ਗੁਰਜਤਿੰਦਰ ਸਿੰਘ ਰੰਧਾਵਾ ਪਾਸ ਸੈਕਰਾਮੈਂਟੋ ਰਹਿੰਦੇ ਸਨ ਜੋ 2 ਦਿਨ ਪਹਿਲਾਂ ਭਾਰਤ ਗਏ ਸਨ, ਜਿੱਥੇ ਉਨਾਂ ਦੀ ਅਚਨਚੇਤ ਮੌਤ ਹੋ ਗਈ। ਉਹ ਆਪਣੇ ਪਿੱਛੇ 7 ਲੜਕੀਆਂ, ਇਕ ਲੜਕਾ ਛੱਡ ਗਏ ਹਨ ਜਿਨਾਂ ਦੀ ਅੰਤਿਮ ਅਰਦਾਸ ਜੱਦੀ ਪਿੰਡ ਚੌਧਰੀਵਾਲਾ (ਗੁਰਦਾਸਪੁਰ) ਵਿਖੇ 8 ਫਰਵਰੀ ਨੂੰ ਹੋਵੇਗੀ। ਪੰਜਾਬ ਕੁਸ਼ਤੀ ਸੰਸਥਾ ਦੇ ਪ੍ਰਧਾਨ ਪਦਮਸ਼੍ਰੀ ਕਰਤਾਰ ਸਿੰਘ, ਸਲਾਹਕਾਰ ਪ੍ਰੋ. ਰਜਿੰਦਰ ਸਿੰਘ ਪਨੂੰ, ਬੀਰਇੰਦਰ ਸਿੰਘ ਪੰਨੂੰ (ਬੌਬੀ) ਸਿਆਟਲ ਤੋਂ ਕੁਲਵੰਤ ਸਿੰਘ ਸ਼ਾਹ, ਮਨਮੋਹਨ ਸਿੰਘ ਧਾਲੀਵਾਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੱਸਿਆ ਕਿ ਮਾਤਾ ਹਰਜਿੰਦਰ ਕੌਰ ਘੁੰਮਣ ਧਾਰਮਿਕ ਖ਼ਿਆਲਾਂ ਦੇ ਅਤੇ ਨੇਕ ਤੇ ਮਿਹਨਤੀ ਸਨ।

# A-ONE EXPRESS

**ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ**

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

**ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ**

**28421 S CHRISMAN RD, UNIT# 3, TRACY, CA**



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

**Toll Free: 888.725.7441, Office: 209.537.0975, Fax: 209.537.0375**



# DIAMOND TRANSPORTATION

DIAMOND
Transportation Logistics, Inc.

**Dry Van ਤੇ Reefer ਦੇ ਕੰਮ ਲਈ**
**Owner Operators ਦੀ ਲੋੜ**

**Good Pay**

**Dedicated Routs**

**Weekly Payment**
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
**209.487.3699**

ਹਰਨੇਕ ਸਿੰਘ ਅਟਵਾਲ
**209.351.5965**

**2850 Loomis Rd, Stockton, CA 95205**

# ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਸਹੀਦ ਹੋਏ ਚਾਰ ਨੌਜਵਾਨ ਸਿੰਘਾਂ ਦੀਆਂ ਸਹਾਦਤਾਂ ਸੰਬੰਧੀ ਜ਼ੁਲਮ ਅਤੇ ਅਨਿਆਂ ਦੀ ਲਹੂ ਭਿੱਜੀ ਦਾਸਤਾਨ

**1986 ਸਾਕਾ ਨਕੋਦਰ ਬੇਅਦਬੀ ਕਾਂਡ ਦੇ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਦੀ ਖੁੱਲ ਦੇਣ ਵਾਲੇ, ਦੋਸ਼ੀਆਂ ਦੇ ਜ਼ੁਲਮਾਂ ਦੀ ਪਰਦਾਪੋਸ਼ੀ ਕਰਕੇ ਬਚਾਉਣ ਵਾਲੇ, ਤਰੱਕੀਆਂ ਦੇਣ ਵਾਲੇ ਤੇ ਸਿਆਸੀ ਬੁੱਕਲ ਵਿੱਚ ਸਾਂਭਣ ਵਾਲਿਆਂ ਨੂੰ ਬੇਨਕਾਬ ਕਰਨ ਅਤੇ ਸਚਾਈ ਤੇ ਇਨਸਾਫ ਲਈ 35 ਸਾਲ ਸ਼ੰਘਰਸ਼ ਨੂੰ ਜਾਨਣ ਲਈ ਪੜੋ**

## ਸਾਕਾ ਨਕੋਦਰ ਦੇ ਦੁਖਾਂਤ ਦਾ ਬ੍ਰਿਤਾਂਤ

**- ਹਰਿੰਦਰ ਸਿੰਘ ਲਿੱਤਰਾਂ**




ਸਾਕਾ ਨਕੋਦਰ ਦੇ ਮਹਾਨ ਸ਼ਹੀਦਾਂ ਦੇ 35ਵੇਂ ਸ਼ਹੀਦੀ ਦਿਹਾੜੇ ਦਾ 4 ਫਰਵਰੀ ਦਾ ਇਹ ਦਿਨ ਸਾਨੂੰ ਯਾਦਹਾਨੀ ਕਰਵਾਉਂਦਾ ਹੈ ਕਿ ਇੱਕ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਤੋਂ ਉੱਪਰ ਕੁੱਝ ਵੀ ਨਹੀਂ ਤੇ ਇੱਕ ਸਿੱਖ ਆਪਣੇ ਗੁਰੂ ਦੇ ਸਤਿਕਾਰ ਲਈ ਆਪਣੀ ਜ਼ਿੰਦਗੀ ਬੜੇ ਸਿਦਕ ਨਾਲ ਕੁਰਬਾਨ ਕਰ ਸਕਦਾ ਹੈ ।

19 ਸਾਲਾ **ਭਾਈ ਰਵਿੰਦਰ ਸਿੰਘ ਲਿੱਤਰਾਂ**, 22 ਸਾਲਾ **ਭਾਈ ਬਲਧੀਰ ਸਿੰਘ ਰਾਮਗੜ**, 24 ਸਾਲਾ **ਭਾਈ ਝਲਮਣ ਸਿੰਘ ਗੋਰਸੀਆਂ** ਤੇ 26 ਸਾਲਾ **ਭਾਈ ਹਰਮਿੰਦਰ ਸਿੰਘ ਚਲੂਪਰ** ਨੇ ਭਰ ਜਵਾਨੀ ਵਿੱਚ ਸ਼ਹਾਦਤਾਂ ਦੀ ਦਾਤ ਪ੍ਰਾਪਤ ਕਰਕੇ ਸਾਕਾ ਨਨਕਾਣਾ ਸਾਹਿਬ ਜੀ ਦੇ ਸ਼ਹੀਦਾਂ ਦਾ ਇਤਿਹਾਸ ਦੁਹਰਾ ਇਹ ਸਾਬਤ ਕਰ ਦਿੱਤਾ ਕਿ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਵਾਰਸ ਅੱਜ ਦੇ ਪਦਾਰਥ ਵਾਦੀ ਯੁੱਗ ਵਿੱਚ ਵੀ ਗੁਰੂ ਦੇ ਅਦਬ ਲਈ ਆਪਣਾ ਕਰਮ ਨਹੀਂ ਭੁੱਲੇ ।

ਸਾਕਾ ਨਕੋਦਰ ਸਮੇਂ ਮੁਗਲ ਜਾਂ ਅੰਗ੍ਰੇਜ਼ ਸਰਕਾਰ ਨਹੀਂ ਬਲਕਿ ਅਕਾਲੀ ਦਲ ਦੀ ਸਰਕਾਰ ਸੀ ਤੇ ਪੰਜਾਬ ਦਾ ਸੂਬੇਦਾਰ ਸੁਰਜੀਤ ਸਿੰਘ ਬਰਨਾਲਾ ਸੀ ।

ਸਾਕੇ ਦਾ ਮੁੱਢ 2 ਫਰਵਰੀ 1986 ਨੂੰ ਨਕੋਦਰ ਸਹਿਰ ਦੇ ਗੁਰੂ ਨਾਨਕਪੁਰਾ ਮੁਹੱਲੇ ਦੇ ਗੁਰਦੁਆਰਾ ਸ੍ਰੀ ਗੁਰੂ ਅਰਜਨ ਸਾਹਿਬ ਵਿਖੇ ਪੰਥ ਵਿਰੋਧੀ ਅਨਸਰਾਂ ਵੱਲੋਂ ਸਰਕਾਰੀ ਏਜੰਸੀਆਂ ਦੀ ਮੱਦਦ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਜ ਸਰੂਪਾਂ ਨੂੰ ਅਗਨ ਭੇਂਟ ਕਰਨ ਦੀ ਖਬਰ ਤੋਂ ਬੱਝਿਆ ਸੀ। ਇਹ ਖਬਰ ਸਿੱਖ ਸੰਗਤਾਂ ਤੇ ਅਸਮਾਨੀ ਬਿਜਲੀ ਡਿੱਗਣ ਵਾਂਗ ਸੀ ਜਿਸ ਨੇ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰ ਦਿੱਤੇ । ਪੁਲਿਸ ਤੇ ਪ੍ਰਸਾਸਨ ਵੱਲੋਂ ਇਸ ਸਬੰਧ ਨਕੋਦਰ ਥਾਣੇ ਵਿੱਚ 50 ਤਾਂ ਦਰਜ ਕਰ ਲਈ ਪਰ ਦੋਸ਼ੀਆਂ ਦੀ ਭਾਲ ਜਾਂ ਗ੍ਰਿਫਤਾਰੀ ਲਈ ਕੋਈ ਚਾਰਜਾਈ ਨਾ ਕੀਤੀ ਜਿਸਨੇ ਸਿੱਖ ਸੰਗਤਾਂ ਦੇ ਮਨਾ ਵਿੱਚ ਰੋਹ ਪੈਦਾ ਕੀਤਾ ਤੇ ਇਸ ਘਨਾਉਣੀ ਘਟਨਾ ਦੇ ਦੋਸੀਆਂ ਤੇ ਕਾਰਵਾਈ ਲਈ ਨਕੋਦਰ ਸਹਿਰ ਵਿੱਚ ਇੱਕ ਪੁਰਅਮਨ ਰੋਸ ਮਾਰਚ ਕੱਢਿਆ। ਪਰ ਉਸੇ ਸਾਮ ਜਲੰਧਰ ਦੇ ਤਤਕਾਲੀ ਐਸ ਐਸ ਪੀ ਇਜਹਾਰ ਆਲਮ ਅਤੇ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਵੱਲੋਂ ਗੁਰਦੁਆਰਾ ਸਾਹਿਬ ਜੀ ਦੇ ਗਰੰਥੀ ਸਿੰਘ ਨੂੰ ਹੀ ਦੋਸੀ ਕਰਾਰ ਦੇਣ ਤੇ ਸਿੱਖ ਸੰਗਤਾਂ ਦੇ ਰੋਹ ਨੇ ਇੱਕ ਲਾਵੇ ਦਾ ਰੂਪ ਧਾਰ ਲਿਆ ਅਤੇ ਸਾਰੇ ਹੀ ਇਲਾਕੇ ਵਿੱਚ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ । ਇਲਾਕੇ ਦੀਆਂ ਸੰਗਤਾਂ ਵੱਲੋਂ ਸਥਿਤੀ ਤੇ ਵਿਚਾਰਾਂ ਕਰਨ ਵਾਸਤੇ ਅਗਲੇ ਦਿਨ ਘਟਨਾ ਵਾਲੇ ਗੁਰਦੁਆਰਾ ਸਾਹਿਬ ਵਿੱਚ ਇਕੱਤਰ ਹੋਣ ਦਾ ਫੈਸਲਾ ਕੀਤਾ ।

2 ਫਰਵਰੀ 1986 ਦੀ ਸ਼ਾਮ ਨੂੰ ਆਈ ਬੀ ਏਜੰਸੀ ਦਾ ਡੀ ਐੱਸ ਪੀ ਰਣਜੀਤ ਸਿੰਘ ਭਿੰਡਰ, ਕਾਂਗਰਸ ਦਾ ਹਾਰਿਆ ਹੋਇਆ ਐੱਮ ਐੱਲ ਏ ਉਮਰਾਓ ਸਿੰਘ ਤੇ ਹਿੰਦੂ ਸੁਰੱਖਿਆ ਸੰਮਤੀ ਦਾ ਸੂਬਾ ਪ੍ਰਧਾਨ ਰਮਾ ਕਾਂਤ ਜਲੋਟਾ ਆਦਿਕ ਨੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਜੰਡਿਆਲਾ ਦੇ ਨਕੋਦਰ ਦੇ ਚੋਣ ਇੰਚਾਰਜ ਨੰਦੋ ਜੋ ਕਿ ਸ਼ਿਵ ਸੈਨਾ ਨਾਲ ਸੰਬੰਧਿਤ ਸੀ ਦੇ ਘਰੇ ਇੱਕ ਮੀਟਿੰਗ ਕੀਤੀ, ਜਿਸ ਤੋਂ ਬਾਅਦ ਪੰਜਾਬ ਦੇ ਦੂਸਰੇ ਸ਼ਹਿਰਾਂ ਤੋਂ ਸ਼ਿਵ ਸੈਨਿਕ ਨਕੋਦਰ ਸ਼ਹਿਰ ਵਿਚ ਪਹੁੰਚਣੇ ਸ਼ੁਰੂ ਹੋ ਗਏ ਸਨ ।

3 ਫਰਵਰੀ 1986 ਨੂੰ ਨਕੋਦਰ ਸਹਿਰ ਦੇ ਸਕੂਲ, ਕਾਲਜ, ਦੁਕਾਨਾਂ, ਕਚਹਿਰੀਆਂ ਤੇ ਵਪਾਰਕ ਅਦਾਰੇ ਮੰਦਭਾਗੀ ਘਟਨਾ ਦੇ ਰੋਸ ਵਿੱਚ ਬੰਦ ਹੋ ਗਏ। ਸੰਗਤਾਂ, ਵਿਦਿਆਰਥੀਆਂ, ਵਕੀਲਾਂ, ਦੁਕਾਨਦਾਰਾਂ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸਨ ਤੇ ਹੋਰ ਜਥੇਬੰਦੀਆਂ ਨੇ ਅਕਾਲੀ ਦੱਲ ਦੇ ਲੋਕਲ ਐਮ ਐਲ ਏ ਕੁਲਦੀਪ ਸਿੰਘ ਵਡਾਲਾ ਜੀ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਤੋਂ ਪੁਲਿਸ ਥਾਣਾ ਨਕੋਦਰ ਤੱਕ ਇੱਕ ਸ਼ਾਂਤਮਈ ਰੋਸ ਮਾਰਚ ਕੱਢਿਆ ਤੇ ਥਾਣੇ ਸਾਹਮਣੇ ਧਰਨਾ ਦਿੱਤਾ। ਜਲੰਧਰ ਦੇ ਤਤਕਾਲੀ ਐਸ ਐਸ ਪੀ ਇਜਹਾਰ ਆਲਮ ਨੇ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਦੀ ਮੌਜੂਦਗੀ ਵਿੱਚ ਜੱਥੇਦਾਰ ਵਡਾਲਾ, ਬਾਬਾ ਜੋਗਿੰਦਰ ਸਿੰਘ ਤੇ ਹੋਰ ਸਿੱਖ ਆਗੂਆਂ ਦੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਬੇਨਤੀ ਨੂੰ ਮੰਨਣ ਤੋਂ ਇਨਕਾਰ ਹੀ ਨਹੀਂ ਕੀਤਾ ਉਲਟਾ ਧਮਕੀ ਦਿੱਤੀ ਕਿ ਮੈਨੂੰ ਸਿੱਖ ਨੌਜਵਾਨਾਂ ਨਾਲ ਨਜਿੱਠਣਾ ਆਉਂਦਾ ਹੈ ਤੇ ਕਿਹਾ ਕਿ ਮੈਂ ਆਪਣੇ ਹੋਰ ਪੁਲਿਸ ਦਲ, ਸੀ ਆਰ ਪੀ ਤੇ ਬੀ ਐਸ ਐਫ ਲਿਆ ਕੇ ਸਿੱਖ ਨੌਜਵਾਨਾਂ ਨਾਲ ਸਿੱਝ ਲਵਾਂਗਾ। ਸ਼ਾਮ ਨੂੰ ਸਿੱਖ ਸੰਗਤਾਂ ਨੇ ਆਪਣਾ ਧਰਨਾ ਸਮਾਪਤ ਕਰ ਦਿੱਤਾ ਕੇ ਅਗਲੇ ਦਿਨ 4 ਫਰਵਰੀ ਨੂੰ ਫੇਰ ਗੁਰਦੁਆਰਾ ਸਾਹਿਬ ਇਕੱਤਰ ਹੋਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਦੇ ਜਾਣ ਤੋਂ ਬਾਅਦ ਸ਼ਿਵ ਸੈਨਾ ਦੇ ਸੂਬਾ ਪ੍ਰਧਾਨ ਰਮਾਂ ਕਾਂਤ ਜਲੋਟਾ ਤੇ ਲੋਕਲ ਪ੍ਰਧਾਨ ਰਮੇਸ਼ ਕੁਮਾਰ ਉਰਫ ਖਾਨ ਦੀ ਅਗਵਾਈ ਵਿੱਚ ਮਾਰੂ ਹਥਿਆਰਾਂ ਨਾਲ ਸ਼ਹਿਰ ਵਿੱਚ ਹੁੱਲੜਬਾਜੀ ਕੀਤੀ, ਸਿੱਖ ਵਿਰੋਧੀ ਨਾਹਰੇ ਲਾਏ, ਸਿੱਖਾਂ ਦੀਆਂ ਦੁਕਾਨਾਂ ਤੇ ਵਪਾਰਿਕ ਅਦਾਰਿਆਂ ਦੀ ਭੰਨ ਤੋੜ ਕੀਤੀ । ਆਲਮ ਤੇ ਗੁਰੂ ਦੀ ਅਗਵਾਈ ਵਿੱਚ ਪੁਲਿਸ ਤੇ ਪ੍ਰਸ਼ਾਸਨ ਮੂਕ ਦਰਸ਼ਕ ਬਣੇ ਰਹੇ ਤੇ ਹਜੂਮ ਵਿਰੁੱਧ ਕੋਈ ਕਾਰਵਾਈ ਨਾ ਕੀਤੀ । ਬਾਅਦ ਵਿੱਚ ਦੇਰ ਰਾਤ ਨਕੋਦਰ ਸਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ, ਪਰ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਨਾਲ ਲੱਗਦੇ ਪਿੰਡਾਂ ਵਿੱਚ ਕੋਈ ਵੀ ਮੁਨਾਦੀ ਨਾ ਕਰਾਈ।

4 ਫਰਵਰੀ 1986 ਨੂੰ ਨਕੋਦਰ ਸਹਿਰ ਵਿੱਚ ਲੱਗੇ ਕਰਫਿਊ ਤੋਂ ਅਣਜਾਣ ਇਲਾਕੇ ਦੀਆਂ ਸਿੱਖ ਸੰਗਤਾਂ ਤੇ ਫੈਡਰੇਸ਼ਨ ਦੇ ਮੈਂਬਰ ਮਿਥੇ ਫੈਸਲੇ ਮੁਤਾਬਕ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਹੋਣ ਲਈ ਜੱਦ ਸਹਿਰ ਵਿਖੇ ਪੁੱਜੇ ਤਾਂ ਉਨਾਂ ਨੂੰ ਸ਼ੇਰਪੁਰ ਦੇ ਨਹਿਰ ਦੇ ਪੁਲ ਤੇ ਪੁਲਿਸ ਵੱਲੋਂ ਰੋਕਣ ਤੇ ਸੰਗਤਾਂ ਉੱਥੇ ਹੀ ਧਰਨਾ ਮਾਰ ਕੇ ਬੈਠ ਗਈਆਂ । ਵਿਚਾਰ ਇਹ ਹੋਈ ਕਿ ਪੰਜ ਪਿਆਰੇ ਅਗਨ ਭੇਂਟ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਲੈ ਆਉਣ ਤਾਂ ਕਿ ਉਨਾਂ ਨੂੰ ਗੋਇੰਦਵਾਲ ਸਾਹਿਬ ਲਿਜਾ ਕੇ ਪੂਰਨ ਮਰਿਆਦਾ ਸਹਿਤ ਜਲ ਪ੍ਰਵਾਹ ਕੀਤਾ ਜਾ ਸਕੇ। ਪਰ ਪੁਲਿਸ ਨੇ ਪੰਜ ਪਿਆਰਿਆਂ ਨੂੰ ਵੀ ਸ਼ਹਿਰ ਵਿੱਚ ਜਾਣ ਦੀ ਇਜਾਜਤ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਮਹਿਤਪੁਰ ਵਾਲੇ ਪਾਸੇ ਤੋਂ ਇੱਕ ਨਿਹੰਗ ਸਿੰਘਾਂ ਦਾ ਜੱਥਾ ਜਦੋਂ ਨਕੋਦਰ ਸਹਿਰ ਦੀ ਹੱਦ ਤੇ ਪਹੁੰਚਾ ਤਾਂ ਉਨਾਂ ਨੂੰ ਕਰਫਿਊ ਲੱਗਣ ਦੀ ਜਾਣਕਾਰੀ ਮਿਲੀ। ਇਸ ਜੱਥੇ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਸਾਨੂੰ ਸ਼ੇਰਪੁਰ ਪੁੱਲ ਤੇ ਬੈਠੇ ਜੱਥੇ ਕੋਲ ਜਾਣ ਦੀ ਇਜਾਜਤ ਮੰਗੀ, ਪੁਲਿਸ ਦੇ ਅਫਸਰਾਂ ਨੇ ਜੱਥੇ ਨੂੰ ਸ਼ਹਿਰ ਦੇ ਬਾਹਰ ਬਾਹਰ ਬਾਈ ਪਾਸ ਭੇਜਣ ਦੀ ਬਜਾਏ ਕਰਫਿਊ ਲੱਗੇ ਸ਼ਹਿਰ ਦੇ ਵਿੱਚ ਦੀ ਜਾਣ ਦੀ ਆਗਿਆ ਦੇ ਦਿੱਤੀ । ਜੱਥਾ ਜਦੋਂ ਸਬਜੀ ਮੰਡੀ ਕੋਲ ਦੀ ਲੰਘਣ ਲੱਗਾ ਤਾਂ ਸੀ ਆਰ ਪੀ ਦੇ ਪਹਿਰੇ ਵਿੱਚ ਘੁੰਮ ਰਹੇ ਸ਼ਿਵ ਸੈਨਿਕ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਜੱਥੇ ਨੇ ਵੀ ਬੋਲੇ ਸੋ ਨਿਹਾਲ ਦੇ ਜੈਕਾਰੇ ਬਲਾਉਣੇ ਸ਼ੁਰੂ ਕਰ ਦਿੱਤੇ ਪੁਲਿਸ ਨੇ ਦਾਖਲ ਦੇ ਕੇ ਦੋਹਾਂ ਗਰੁੱਪਾਂ ਦਾ ਟਾਕਰਾ ਹੋਣ ਤੋਂ ਬਚਾ ਦਿੱਤਾ । ਜਦੋਂ ਇਹ ਜੱਥਾ ਸ਼ੇਰਪੁਰ ਪੁੱਲ ਤੇ ਪਹੁੰਚਾ ਤਾਂ ਸੰਗਤਾਂ ਨੂੰ ਪਤਾ ਲੱਗਾ ਕਿ ਸ਼ਹਿਰ ਵਿਚ ਕਰਫਿਊ ਦੇ ਬਾਵਜੂਦ ਸ਼ਿਵ ਸੈਨਿਕ ਖੁੱਲੇ ਆਮ ਘੁੰਮ ਰਹੇ ਹਨ ਤਾਂ ਸੰਗਤਾਂ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਸਿੱਖ ਸੰਗਤਾਂ ਨੂੰ ਵੀ ਪੁਰਅਮਨ ਵਾਹਿਗੁਰੂ ਦਾ ਜਾਪੁ ਕਰਦਿਆਂ ਗੁਰਦਵਾਰਾ ਸਾਹਿਬ ਜਾਣ ਦੀ ਇਜ਼ਾਜਤ ਦਿੱਤੀ ਜਾਵੇ । ਇਸ ਤੋਂ ਬਾਅਦ ਪੁਲਿਸ ਨੇ ਸੰਗਤਾਂ ਨੂੰ ਇਹ ਇਜ਼ਾਜਤ ਦੇ ਦਿੱਤੀ ।

ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਹ ਜੱਥਾ ਜਦੋਂ ਥੋੜੀ ਦੂਰੀ ਤੇ ਹੀ ਗਿਆ ਤਾਂ ਸੀ ਆਰ ਪੀ, ਬੀ ਐੱਸ ਐੱਫ, ਅਤੇ ਪੰਜਾਬ ਪੁਲਿਸ ਦੇ ਜਵਾਨਾਂ ਨੇ ਇਸ ਸ਼ਾਂਤਮਈ ਰੋਸ ਮਾਰਚ ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ । ਪੁਲਿਸ ਦੀ ਬਿਨਾ ਕਿਸੇ ਚਿਤਾਵਨੀ ਦੇ ਕੀਤੀ ਇਸ ਅੰਨੇਵਾਹ ਗੋਲੀਬਾਰੀ ਕਾਰਨ **ਪਹਿਲੀ ਸ਼ਹਾਦਤ ਪੰਜ ਪਿਆਰਿਆਂ ਵਿੱਚੋਂ ਇੱਕ ਸਿੰਘ ਭਾਈ ਰਵਿੰਦਰ ਸਿੰਘ ਲਿੱਤਰਾਂ ਦੀ ਹੋਈ ਤੇ ਉਹ ਮੌਕੇ ਤੇ ਹੀ ਪ੍ਰਾਣ ਤਿਆਗ ਗਏ। ਦੂਸਰੇ ਦੋ ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ ਅਤੇ ਭਾਈ ਝਲਮਣ ਸਿੰਘ ਰਾਜੋਵਾਲ- ਗੋਰਸੀਆਂ ਦੀ ਸ਼ਹਾਦਤ ਘਟਨਾ ਸਥਾਨ ਤੋਂ ਦੂਰ ਪਰੀਤੂ ਬਾਲਮੀਕੀ ਦੇ ਡੇਰੇ ਤੇ ਹੋਈ ਜਿੱਥੇ ਇਹ ਨੌਜਵਾਨ ਬਲਦਾਂ ਦੀ ਖੁਰਲੀ ਪਿੱਛੇ ਸਨ।** ਇਸ ਗੋਲਬਾਰੀ ਵਿੱਚ ਬੇਜੁਬਾਨ ਬਲਦ ਵੀ ਮਾਰੇ ਗਏ। ਪਰ ਪੁਲਿਸ ਨੇ ਇੱਥੇ ਹੀ ਬੱਸ ਨਹੀਂ ਕੀਤੀ, ਘੋੜ ਸਵਾਰ ਪੁਲਿਸ ਵਲੋਂ 2 ਕਿਲੋਮੀਟਰ ਤੋਂ ਵੀ ਦੂਰ ਸੇਰਪੁਰ ਅਤੇ ਹੁਸੈਨਪੁਰ ਤੱਕ ਜਾ ਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਗਿਆ। ਪੁਲਿਸ ਵਲੋਂ ਘਰਾਂ ਦੇ ਵਿੱਚ ਜਾਕੇ ਗੋਲੀਆਂ ਚਲਾਈਆਂ ਅਤੇ ਘਰਾਂ ਦੇ ਦਰਵਾਜੇ ਤੋੜਕੇ ਸਿੱਖ ਨੌਜਵਾਨਾਂ ਨੂੰ ਬਾਹਰ ਕੱਢ ਕੇ ਉਨਾਂ ਤੇ ਅਣਮਨੁੱਖੀ ਅਤਿਆਚਾਰ ਕੀਤਾ ਗਿਆ ।

**ਇਸ ਸਾਕੇ ਦੇ ਚੌਥੇ ਸਹੀਦ ਭਾਈ ਹਰਮਿੰਦਰ ਸਿੰਘ (ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸਨ ਖਾਲਸਾ ਕਾਲਜ ਜਲੰਧਰ) ਨੂੰ ਸਵਰਨ ਘੋਟਣੇ (ਤਤਕਾਲੀ ਐੱਸ ਪੀ) ਨੇ ਵਾਲਾਂ ਤੋਂ ਫੜਿਆ ਅਤੇ ਜਸਕੀਰਤ ਸਿੰਘ ਨਾਮ ਦੇ ਤਤਕਾਲੀ ਇੰਸਪੈਕਟਰ ਨੇ ਭਾਈ ਹਰਮਿੰਦਰ ਸਿੰਘ ਦੇ ਮੂੰਹ ਵਿੱਚ ਗੋਲੀਆਂ ਮਾਰ ਕੇ ਕਤਲ ਕੀਤਾ । ਉਸ ਸਮੇਂ ਭਾਈ ਹਰਮਿੰਦਰ ਸਿੰਘ ਲੱਕੜ ਦੇ ਆਰੇ ਦੇ ਅੰਦਰ ਨਿਹੱਥਾ ਬੈਠਾ ਸੀ।** ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸਭਾ ਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਭਾਈ ਹਰਮਿੰਦਰ ਸਿੰਘ ਚਲੂਪਰ ਦੀ ਸ਼ਹੀਦੀ ਨੂੰ ਪੁਲਿਸ ਵਲੋਂ ਕੀਤਾ ਨੰਗਾ ਚਿੱਟਾ ਕਤਲ ਦੱਸਿਆ ਹੈ ।

**5 ਫਰਵਰੀ 1986 ਨੂੰ** ਉਸ ਸਮੇਂ ਸਥਿਤੀ ਹੋਰ ਵਿਗੜ ਗਈ ਜਦੋਂ ਫਾਈਰਿੰਗ ਵਿੱਚ ਮਾਰੇ ਗਏ **ਚਾਰ ਸਿੱਖ ਨੌਜਵਾਨਾਂ ਦੀ ਅਸਲ ਪਹਿਚਾਣ ਹੋਣ ਦੇ ਬਾਵਜੂਦ ਤਤਕਾਲੀ ਐਸ ਪੀ ਡੀ ਸੁਰਜੀਤ ਸਿੰਘ ਤੇ ਤਤਕਾਲੀ ਇੰਸਪੈਕਟਰ ਹਰਿੰਦਰ ਸਿੰਘ ਕੰਗ ਵਲੋਂ ਇਨਾਂ ਸ਼ਹੀਦਾਂ ਦੇ ਸਰੀਰਾਂ ਨੂੰ ਅਣਪਛਾਤੇ ਅਤੇ ਲਾਵਾਰਸ ਕਰਾਰ ਦੇ ਕੇ ਆਪ ਹੀ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ।** ਮੌਕੇ ਦੇ ਐੱਸ ਡੀ ਐੱਮ ਨੇ ਆਪਣੇ ਬਿਆਨ ਵਿੱਚ ਕਿਹਾ ਕਿ 3 ਮ੍ਰਿਤਕ ਸਰੀਰਾਂ ਦੀ ਪਹਿਚਾਣ ਉਨਾਂ ਦੇ ਅੰਤਿਮ ਸੰਸਕਾਰ ਤੋਂ ਇੱਕ ਸ਼ਾਮ ਪਹਿਲਾਂ ਹੀ ਹੋ ਗਈ ਸੀ । 2 ਪੋਸਟ ਮਾਰਟਮ ਰਿਪੋਰਟਾਂ ਸਿੱਧ ਕਰਦੀਆਂ ਹਨ ਕਿ ਮ੍ਰਿਤਕ ਦੇਹਾਂ ਦੀ ਪਹਿਚਾਣ ਬਾਰੇ ਸਰਕਾਰੀ ਅਧਿਕਾਰੀਆਂ ਨੇ ਸਰਾਸਰ ਝੂਠ ਬੋਲਿਆ। ਪੋਸਟ ਮਾਰਟਮ ਦੀਆਂ ਰਿਪੋਰਟਾਂ ਤੇ ਸ਼ਹੀਦਾਂ ਦੇ ਨਾਮ ਲਿਖੇ ਹੋਏ ਹਨ । ਇੱਥੋਂ ਤੱਕ ਕਿ **ਪੋਸਟ ਮਾਰਟਮ ਵੀ 4/5 ਫਰਵਰੀ 1986 ਅੱਧੀ ਰਾਤ ਨੂੰ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਦੇ ਹੁਕਮਾਂ ਤੇ ਕੀਤੇ ਗਏ।**

ਇਸ ਕਾਰਵਾਈ ਵਿਰੁੱਧ ਰੋਸ ਵਜੋਂ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ, ਸ੍ਰੀ ਕੇਸਗੜ ਸਾਹਿਬ ਅਨੰਦਪੁਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਜੀ ਮੁਹਾਲੋਂ, ਤਿੰਨ ਅਕਾਲੀ ਵਿਧਾਇਕਾਂ ਸੁਰਜੀਤ ਸਿੰਘ ਮਿਨਹਾਸ, ਕੁਲਦੀਪ ਸਿੰਘ ਵਡਾਲਾ ਤੇ ਸ: ਸੁਰਿੰਦਰ ਪਾਲ ਸਿੰਘ ਬੰਮਣਵਾਲ ਅਤੇ ਲੋਕਲ ਜਥੇਦਾਰਾਂ ਨੇ ਥਾਣਾ ਨਕੋਦਰ ਵਿਖੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ । ਪੰਜਾਬ ਸਰਕਾਰ ਨੇ ਸੰਗਤਾਂ ਦੇ ਦਬਾਅ ਥੱਲੇ ਝੁਕਦਿਆਂ ਖਜ਼ਾਨਾ ਮੰਤਰੀ ਬਲਵੰਤ ਸਿੰਘ ਬਿੰਦ (ਲੱਡੂ) ਨੂੰ ਨਕੋਦਰ ਭੇਜਿਆ ਜਿਸ ਨੇ 5 ਫਰਵਰੀ 1986 ਦੀ ਸ਼ਾਮ ਨੂੰ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਰਿਹਾਅ ਕਰਨ ਅਤੇ ਉਨਾਂ ਤੇ ਪਾਏ ਝੂਠੇ ਮੁਕੱਦਮੇ ਵਾਪਿਸ ਲਏ ਅਤੇ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ। **ਜਸਟਿਸ ਗੁਰਨਾਮ ਸਿੰਘ ਕਮਿਸਨ ਨੇ 2 ਫਰਵਰੀ ਤੋਂ 5 ਫਰਵਰੀ 1986 ਤੱਕ ਦੀਆਂ ਘਟਨਾਵਾਂ ਦੀ ਜਾਂਚ ਕਰਕੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 31 ਅਕਤੂਬਰ 1986 ਨੂੰ ਸੌਂਪ ਦਿੱਤੀ ਸੀ।** ਪਰ ਪੀੜਤ ਪਰਿਵਾਰਾਂ ਨੂੰ 35 ਸਾਲਾਂ ਦੇ ਸੰਘਰਸ਼ ਬਾਅਦ ਵੀ ਇਸ ਦਾ ਪਹਿਲਾ ਭਾਗ ਹੀ ਪ੍ਰਾਪਤ ਹੋ ਸਕਿਆ ਹੈ।

ਬਾਕੀ ਸਫ਼ਾ 14 'ਤੇ

# 4 ਫਰਵਰੀ 2021 ਕੌਮਾਂਤਰੀ ਸਾਕਾ ਨਕੋਦਰ ਗਲੋਬਲ ਜਾਗਰੂਕਤਾ ਦਿਵਸ ਹੋਵੇਗਾ

ਚਾਰ ਸਿੱਖ ਨੌਜਵਾਨਾਂ ਦੀ ਸ਼ਾਹਦਤ ਦੇ 35 ਸਾਲ ਬੀਤਣ 'ਤੇ ਵੀ ਪੀੜਤ ਮਾਪਿਆਂ ਨੂੰ ਨਹੀਂ ਮਿਲਿਆ ਇਨਸਾਫ਼

ਸ੍ਰੀ ਅਕਾਲ ਤਖਤ ਸਾਹਿਬ ਸਮੇਤ ਦੁਨੀਆਂ ਭਰ ਦੇ ਗੁਰੂ ਘਰਾਂ ਵਿੱਚ ਮਨਾਇਆ ਜਾਵੇਗਾ ਅਰਦਾਸ ਦਿਵਸ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਵਿਰੁੱਧ ਰੋਸ ਪ੍ਰਗਟਾਉਣ ਸਮੇਂ ਪੰਜਾਬ ਪੁਲਿਸ ਦੀਆਂ ਗੋਲੀਆਂ ਨਾਲ ਨਕੋਦਰ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਮਾਪਿਆਂ ਨੂੰ 35 ਸਾਲਾਂ ਬਾਅਦ ਵੀ ਸਰਕਾਰਾਂ ਇਨਸਾਫ਼ ਨਹੀਂ ਦੇ ਰਹੀਆਂ।

ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਦੇ ਵਿਰੋਧ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦੇ ਹੋਈ ਸੰਗਤਾਂ 'ਤੇ ਪੰਜਾਬ ਪੁਲਿਸ ਨੇ 2 ਫਰਵਰੀ 1986 ਨੂੰ ਨਕੋਦਰ ਵਿੱਚ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਇਸ ਦਰਦਨਾਕ ਘਟਨਾ ਵਿੱਚ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ, ਭਾਈ ਹਰਮਿੰਦਰ ਸਿੰਘ ਚਲੂਪੁਰ ਅਤੇ ਭਾਈ ਝਲਮਣ ਸਿੰਘ ਗੋਰਸੀਆਂ ਦੀ ਪੁਲਿਸ ਜ਼ਬਰ ਨਾਲ ਸ਼ਹਾਦਤ ਹੋ ਗਈ ਸੀ।

ਸਾਕਾ ਨੀਲਾ ਤਾਰਾ ਤੋਂ ਮਹਿਜ 21 ਮਹੀਨਿਆਂ ਬਾਅਦ ਹੀ ਪੰਜਾਬ ਪੁਲੀਸ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆ ਹੋਇਆ ਸਿੱਖ ਨੌਜਵਾਨਾਂ ਨੂੰ ਸ਼ਹੀਦ ਕੀਤਾ ਸੀ। ਸਾਕਾ ਨਕੋਦਰ ਨਾਲ ਜਾਣੀ ਜਾਂਦੀ ਇਸ ਘਟਨਾ ਦੇ 35 ਸਾਲਾਂ ਬਾਅਦ ਵੀ ਕਿਸੇ ਵੀ ਸਰਕਾਰ ਨੇ ਜਦੋਂ ਗੱਲ ਨਹੀਂ ਸੁਣੀ ਤਾਂ ਦੁਨੀਆਂ ਭਰ ਵਿੱਚ ਵੱਸਦੇ ਸਿੱਖ ਭਾਈਚਾਰੇ ਨੇ ਇਸ ਸਰਕਾਰੀ ਹਕੂਮਤ ਦੇ ਕਾਰੇ ਨੂੰ ਕੇਂਦਰ ਬਿੰਦੂ ਵਿੱਚ ਲੈ ਆਂਦਾ ਹੈ। ਹੁਣ ਪੰਜਾਬ ਦੇ ਪਿੰਡ ਲਿੱਤਰਾਂ ਦੀਆਂ ਗਲੀਆਂ ਤੋਂ ਲੈ ਕੇ ਦੁਨੀਆਂ ਭਰ ਦੇ ਇੱਕ ਦਰਜਨ ਦੇਸ਼ਾਂ ਵਿੱਚ 4 ਫਰਵਰੀ 2021 ਨੂੰ ਕੌਮਾਂਤਰੀ ਪੱਧਰ 'ਤੇ ਅਰਦਾਸ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ।

ਦੁਖਾਂਤ ਦੇ 35 ਸਾਲਾਂ ਦੀ ਪੂਰੀ ਤਰਾਂ ਪੜਚੋਲ ਕਰਨ ਅਤੇ ਪੀੜਤ ਪਰਿਵਾਰਾਂ ਦੇ ਦੁੱਖ ਵਿਚ ਸ਼ਾਮਲ ਹੋਣ ਲਈ, ਅਮਰੀਕਾ, ਕਨੇਡਾ, ਯੂਕੇ, ਫਰਾਂਸ, ਜਰਮਨੀ, ਇਟਲੀ, ਆਸਟ੍ਰੇਲੀਆ, ਨਿਊਜੀਲੈਂਡ, ਭਾਰਤ ਅਤੇ ਪਾਕਿਸਤਾਨ ਦੀਆਂ ਦੁਨੀਆ ਭਰ ਦੀਆਂ ਵੱਖ-ਵੱਖ ਸਿੱਖ ਧਾਰਮਿਕ, ਮਨੁੱਖੀ ਅਧਿਕਾਰ, ਵਿਦਿਆਰਥੀ ਸੰਗਠਨ ਅਤੇ ਰਾਜਨੀਤਿਕ ਸੰਗਠਨ ਸੰਸਥਾਵਾਂ ਵਲੋਂ ਇਕੱਤਰ ਹੋ ਕੇ ਮਿਲਣ ਦਾ ਉਪਰਾਲਾ ਕੀਤਾ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਨੇ 4 ਫਰਵਰੀ 2021 ਨੂੰ ਸਾਕਾ ਨਕੋਦਰ ਗਲੋਬਲ ਜਾਗਰੂਕਤਾ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।

ਰਵਿੰਦਰ ਸਿੰਘ ਦੇ ਬਜ਼ੁਰਗ ਮਾਪਿਆਂ ਅਤੇ ਪਰਿਵਾਰ ਨੇ ਹਿੰਮਤ ਨਹੀਂ ਹਾਰੀ। ਉਨਾਂ ਨੇ ਫਿਰ ਵੀ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਸੰਸਦੀ ਚੋਣਾਂ ਦੌਰਾਨ ਮਈ 2019 ਵਿੱਚ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਨ ਕਿ ਉਹ ਪੀੜਤਾਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣਗੇ, ਜੋ ਟੀਵੀ ਤੇ ਲਾਈਵ



ਰਿਕਾਰਡ ਕੀਤੇ ਗਏ ਹਨ।

ਉਨਾਂ ਨੇ ਆਪਣੇ ਪੱਤਰ ਵਿੱਚ ਲਿਖਿਆ, '4 ਫਰਵਰੀ 2021 ਨੂੰ, ਸਾਨੂੰ ਦੁਬਾਰਾ ਦੁਖਾਂਤ ਦੀ ਯਾਦ ਦਿਵਾ ਦਿੱਤੀ ਜਾਏਗੀ, ਜੋ 35 ਸਾਲ ਪਹਿਲਾਂ ਚਾਰ ਪਰਿਵਾਰਾਂ ਉੱਤੇ ਵਾਪਰੀ ਸੀ, ਜਦੋਂ ਚਾਰ ਨੌਜਵਾਨ ਸਿੱਖ ਬੇਰਹਿਮੀ ਨਾਲ ਕਤਲ ਕਰ ਦਿਤੇ ਗਏ ਸਨ। ਅਸੀਂ ਤੁਹਾਡੇ ਨਾਲ ਉਨਾਂ ਸਾਰੇ ਦੁੱਖਾਂ ਅਤੇ ਪੀੜਾਂ ਨੂੰ ਸਾਂਝੇ ਕਰਨਾ ਚਾਹੁੰਦੇ ਹਾਂ, ਜੋ ਅਸੀਂ ਇਨਾਂ ਸਾਰੇ ਸਾਲਾਂ ਤੋਂ ਹੰਢਾ ਰਹੇ ਹਾਂ।'

ਫਰਵਰੀ 1986 ਵਿੱਚ ਵਾਪਰੇ ਸਾਕਾ ਨਕੋਦਰ ਦੇ ਕਤਲੇਆਮ ਵਿੱਚ ਗੈਰ ਕਾਨੂੰਨੀ ਹੱਤਿਆ ਦੇ ਚਾਰ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਦੇ ਹੰਝੂ ਅਜੇ ਤੱਕ ਸੁੱਕੇ ਨਹੀਂ ਹਨ। ਹੁਣ 35 ਸਾਲ ਬੀਤਣ ਤੋਂ ਬਾਅਦ ਵੀ, ਰਾਜ-ਨਿਯੁਕਤ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ, ਜਿਸ ਨੇ ਉਸ ਸਮੇਂ ਦੇ ਪੁਲਿਸ ਅਤੇ ਪ੍ਰਸ਼ਾਸਨ ਨੂੰ 'ਭਿਆਨਕ ਕਤਲੇਆਮ' ਵਿਚ ਫਸਾ ਦਿੱਤਾ ਸੀ, ਹਾਲਾਂਕਿ ਬਾਦਲ ਸਰਕਾਰ ਦੁਆਰਾ 15 ਸਾਲਾਂ ਬਾਅਦ ਗੁਪਤ ਰੂਪ ਵਿੱਚ ਇਹ ਜਾਂਚ ਰਿਪੋਰਟ ਪੰਜਾਬ ਅਸੈਂਬਲੀ ਵਿਚ ਇਹ ਪੇਸ ਕੀਤੀ ਗਈ ਸੀ ਪਰ ਕੋਈ ਐਕਸ਼ਨ ਲੈਣ ਦੀ ਰਿਪੋਰਟ ਨਹੀਂ ਪੇਸ਼ ਨਹੀਂ ਕੀਤੀ ਗਈ। ਭਾਵੇਂ ਇਹ ਰਿਪੋਰਟ 15 ਸਾਲਾਂ ਬਾਅਦ 5 ਮਾਰਚ 2001 ਨੂੰ ਵਿਧਾਨ ਸਭਾ ਵਿੱਚ ਗੁਪਤ ਰੂਪ ਵਿੱਚ ਪੇਸ਼ ਕਰ ਦਿੱਤੀ ਸੀ ਪਰ ਪੀੜਤ ਪਰਿਵਾਰਾਂ ਅਤੇ ਦੁਨੀਆਂ ਨੂੰ ਇਸ ਬਾਰੇ ਪਤਾ 33 ਸਾਲਾਂ ਬਾਅਦ 13 ਫ਼ਰਵਰੀ 2019 ਨੂੰ ਲੱਗਾ ਸੀ ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਪਿਛਲੇ ਦੋ ਸਾਲਾਂ ਵਿੱਚ ਇੱਕ ਇੰਚ ਵੀ ਅੱਗੇ ਨਹੀਂ ਵਧ ਸਕੀ ਹੈ। ਦਿਨ ਦਿਹਾੜੇ ਗੋਲੀਆਂ ਮਾਰ ਕੇ ਸ਼ਹੀਦ ਕੀਤੇ ਗਏ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸਨ ਨਾਲ ਜੁੜੇ ਚਾਰ ਸਿੱਖ ਨੌਜਵਾਨਾਂ ਬਾਰੇ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੇ ਪੰਜਾਬ ਦੇ ਵਿਧਾਇਕਾਂ, ਸੰਸਦ ਮੈਂਬਰਾਂ ਨੂੰ ਦਿੱਤੇ ਗਏ ਮੰਗ ਪੱਤਰ ਵਿਹਾਰ ਅਜੇ ਕਿਸੇ ਸਿਰੇ ਨਹੀਂ ਪਹੁੰਚੇ।

ਇਸ ਦਰਦਨਾਕ ਸਾਕੇ ਦੀ ਸ਼ੁਰੂਆਤ 2 ਫਰਵਰੀ 1986 ਨੂੰ ਹੋਈ ਸੀ ਜਦੋਂ ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਨੇ ਨਕੋਦਰ ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸਾੜ ਦਿੱਤੇ ਸਨ। ਇਸ ਹਿਰਦੇ ਵਿਦੇਕ ਘਟਨਾ ਵਿਰੁੱਧ 4 ਫਰਵਰੀ 1986 ਨੂੰ, ਸਥਾਨਕ ਸਿੱਖ ਗੁਰਦੁਆਰਾ ਸਾਹਿਬ ਤੋਂ ਅਗਨ ਭੇਂਟ ਹੋਏ ਸਰੂਪਾਂ ਦੇ ਅਵਸ਼ੇਸ਼ਾਂ ਨੂੰ ਇਕੱਤਰ ਕਰਨ ਲਈ ਸ਼ਾਂਤਮਈ ਜਲੂਸ ਵਿੱਚ ਸ਼ਾਮਲ ਹੋਏ, ਤਾਂ ਜੋ ਸਿੱਖ ਰਸਮਾਂ ਅਨੁਸਾਰ ਉਹਨਾਂ ਦਾ ਅੰਤਿਮ ਸੰਸਕਾਰ ਕਰਨ ਲਈ ਸ੍ਰੀ ਗੋਇੰਦਵਾਲ ਸਾਹਿਬ ਲਿਜਾਇਆ ਜਾ ਸਕੇ।

ਬਿਨਾਂ ਵਜਾ ਅਤੇ ਚਿਤਾਵਨੀ ਦਿੱਤੇ ਬਿਨਾਂ ਹੀ ਪੰਜਾਬ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੇ ਸੰਗਤਾਂ ਉਪਰ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ। ਪੰਜਾਬ ਪੁਲਿਸ ਨੇ ਚਾਰ ਸਿੱਖ ਨੌਜਵਾਨਾਂ, ਜਿਨਾਂ ਵਿਚ ਪਿੰਡ ਲਿੱਤਰਾਂ ਦਾ ਰਵਿੰਦਰ ਸਿੰਘ, ਰਾਮਗੜ ਦਾ ਬਲਧੀਰ ਸਿੰਘ, ਗੋਰਸੀਆਂ ਦਾ ਝਿਲਮਣ ਸਿੰਘ ਅਤੇ ਚਲੂਪੁਰ ਦਾ ਹਰਮਿੰਦਰ ਸਿੰਘ ਸੀ ਨੂੰ ਸ਼ਹੀਦ ਕਰ ਦਿੱਤਾ ਅਤੇ ਅੱਠ ਹੋਰ ਨੂੰ ਜਖਮੀ ਕਰ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿਚਲੇ ਵੇਰਵੇ ਉਸ ਉੱਤੇ ਕਾਰਵਾਈ ਨਾਂ ਕਰਨ ਅਤੇ ਲਾਪ੍ਰਵਾਹੀ ਕਰਨ ਦਾ ਦੋਸ਼ ਲਗਾਉਂਦੇ ਹਨ। ਇਸ ਵਿਚ ਕਿਹਾ ਗਿਆ ਕਿ ਜਸਟਿਸ ਗੁਰਨਾਮ ਸਿੰਘ ਇਨਕੁਆਰੀ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ ਅਤੇ 31 ਅਕਤੂਬਰ 1986 ਨੂੰ ਆਪਣੀ ਰਿਪੋਰਟ ਰਾਜ ਸਰਕਾਰ ਨੂੰ ਸੌਂਪੀ ਸੀ, ਜਦੋਂ ਕਿ ਅਮਰਿੰਦਰ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਸਨ। ਕਮਿਸ਼ਨ ਆਫ ਇਨਕੁਆਰੀ ਐਕਟ, 1952 ਦੇ ਤਹਿਤ ਕਾਨੂੰਨ ਦੇ ਨਿਯਮ ਅਤੇ ਸਥਾਪਤ ਪ੍ਰਕਿਰਿਆ ਦੀ ਉਲੰਘਣਾ ਕਰਦਿਆਂ ਸਰਕਾਰ, ਰਿਪੋਰਟ ਮਿਲਣ ਤੋਂ ਛੇ ਮਹੀਨਿਆਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਨ, ਅਟੈਂਡੈਂਟ ਐਕਸ਼ਨ ਟੈਕਨ ਰਿਪੋਰਟ ਦੇ ਨਾਲ-ਨਾਲ ਰਾਜ ਵਿਧਾਨ ਸਭਾ ਵਿੱਚ ਇਸ ਬਾਰੇ ਵਿਚਾਰ ਵਟਾਂਦਰੇ ਵਿੱਚ ਅਸਫਲ ਰਹੀ।'

ਇਹ ਨੋਟ ਕੀਤਾ ਜਾ ਸਕਦਾ ਹੈ ਕਿ 28 ਅਗਸਤ 2018 ਨੂੰ, ਜਦੋਂ ਬਹਿਬਲ ਕਲਾਂ ਵਿਖੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਕਰਨ ਅਤੇ ਪੁਲਿਸ ਫਾਇਰਿੰਗ ਦੀਆਂ ਘਟਨਾਵਾਂ ਵਾਪਰੀਆਂ ਸਨ, ਤਾਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਰਵਿੰਦਰ ਸਿੰਘ ਫੂਲਕਾ ਅਤੇ ਕੰਵਰ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਦੀ ਜਾਂਚ ਰਿਪੋਰਟ ਅਤੇ ਨਕੋਦਰ ਕਤਲੇਆਮ ਨੂੰ ਉਜਾਗਰ ਕੀਤਾ ਸੀ।

ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਲਗਾਤਾਰ ਮੀਡੀਆ ਰਿਪੋਰਟਿੰਗ ਅਤੇ ਫਾਲੋ-ਅਪ ਕਰਨ ਤੋਂ ਬਾਅਦ ਹੀ, ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰ ਸਿੰਘ ਨੇ 13 ਫਰਵਰੀ 2019 ਦੇ ਵਿਧਾਨ ਸਭਾ ਸੈਸ਼ਨ ਦੌਰਾਨ ਖੁਲਾਸਾ ਕੀਤਾ ਕਿ ਮਾਰਚ 200 1ਵਿਚ ਰਿਪੋਰਟ ਨੂੰ 'ਐਕਸ਼ਨ ਟੇਕਨ ਰਿਪੋਰਟ ਤੋਂ ਬਿਨਾਂ' ਰਾਜ ਵਿਧਾਨ ਸਭਾ ਵਿੱਚ ਰੱਖਿਆ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ 2001 ਵਿੱਚ ਸੱਤਾ ਵਿੱਚ ਸਨ, ਚਰਨਜੀਤ ਸਿੰਘ ਅਟਵਾਲ ਜੋ ਉਸ ਵਕਤ ਵਿਧਾਨ ਸਭਾ ਦੇ ਸਪੀਕਰ ਸਨ, ਨੇ ਕਿਹਾ ਕਿ ਇਹ ਰਿਪੋਰਟ ਵਿਧਾਨ ਸਭਾ ਲਾਇਬ੍ਰੇਰੀ ਵਿੱਚ ਉਪਲਬਧ ਹੈ। ਅਸੀਂ ਸਿਰਫ ਜਸਟਿਸ ਗੁਰਨਾਮ ਸਿੰਘ ਦੀ ਇਨਕੁਆਰੀ ਰਿਪੋਰਟ ਦਾ ਪਹਿਲਾ ਹਿੱਸਾ ਹੀ ਪ੍ਰਾਪਤ ਕਰ ਸਕੇ ਹਾਂ।'

ਇਸ ਜੋੜੇ ਨੇ ਆਪਣੀ ਦੁੱਖ ਜ਼ਾਹਰ ਕਰਦਿਆਂ ਕਿਹਾ, 'ਨਾਗਰਿਕਾਂ ਦੀ ਰਾਖੀ ਕਰਨ ਅਤੇ ਉਨਾਂ ਦੇ ਅਧਿਕਾਰਾਂ ਦੀ ਪੁਸ਼ਟੀ ਕਰਨ ਦੇ ਆਪਣੇ ਫਰਜ ਦੇ ਉਲਟ, ਰਾਜ ਨੇ ਰਿਪੋਰਟ ਦੇ ਨਤੀਜਿਆਂ ਨੂੰ ਇਸ ਗੈਰ ਕਾਨੂੰਨੀ ਕਤਲੇਆਮ ਲਈ ਜਿੰਮੇਵਾਰ ਲੋਕਾਂ ਨੂੰ ਬਚਾਉਣ ਲਈ ਸਰਗਰਮੀ ਨਾਲ ਦਬਾਇਆ ਹੈ ਅਤੇ ਰਿਪੋਰਟ ਦੇ ਭਾਗ 2 ਨੂੰ ਰੋਕ ਕੇ ਚੱਲ ਰਹੀ ਅਦਾਲਤ ਦੀ ਕਾਰਵਾਈ ਠੱਪ ਕਰ ਦਿੱਤੀ ਹੈ।'

ਬਲਦੇਵ ਸਿੰਘ ਨੇ ਦਲੀਲ ਦਿੱਤੀ ਕਿ ਮੁੱਖ ਮੰਤਰੀ ਅਤੇ ਪੰਜਾਬ ਦੇ ਰਾਜਪਾਲ ਨੂੰ ਦਖਲਅੰਦਾਜ਼ੀ ਲਈ ਲਿਖਣ ਦੀਆਂ ਉਨਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਅੰਤ ਹੋ ਗਿਆ ਹੈ। ਕੋਈ ਨਹੀਂ ਜਾਣਦਾ ਕਿ ਰਿਪੋਰਟ ਦਾ ਦੂਜਾ ਭਾਗ ਕਿੱਥੇ ਹੈ? ਮਨੁੱਖੀ ਅਧਿਕਾਰਾਂ ਦੀ ਹਿਫਾਜਤ ਕਰਨ ਵਾਲੇ ਅਤੇ ਹੋਰ ਪੁੱਛਦੇ ਹਨ, 'ਕੀ ਸਰਕਾਰ ਆਪਣਾ ਫਰਜ ਪੂਰਾ ਕਰੇਗੀ ਅਤੇ ਨਿਆਂ ਨੂੰ ਯਕੀਨੀ ਬਣਾਏਗੀ?'

ਹੋਰ ਜਾਣਕਾਰੀ ਲਈ ਈ-ਮੇਲ : sakanakodar@yahoo.com

## ਸਾਕਾ ਨਕੋਦਰ ਦੇ ਸ਼ਹੀਦਾਂ ਦੇ ਨਾਂ

- ਬਲਵਿੰਦਰ ਕੌਰ 'ਬੌਬੀ'

ਜਿਨਾਂ ਇਸ਼ਟ ਨਾਲ ਲਾਈਆਂ ਸੱਚੀਆਂ ਨੇ
ਜਿਨਾਂ ਜਾਣੀਆਂ ਜੱਗ ਦੀਆਂ ਕੱਚੀਆਂ ਨੇ
ਜਿਨਾਂ ਤਲੀ ਤੇ ਸੀਸ ਟਿਕਾਇਆ ਏ
ਪੈਰ ਗਲੀ ਯਾਰ ਜਾ ਪਾਇਆ ਏ

ਜਿਨਾਂ ਖਿੱਚ ਸੀਨੇ ਵਿਚ ਖਾਧੀ ਏ
ਨਾ ਟਿਕ ਬੈਠਣ ਦੀ ਚਾਹ ਕੋਈ ਏ
ਜਿਨਾਂ ਖੇਡ ਇਸ਼ਕ ਦੀ ਖੇਡੀ ਏ
ਜਿੱਤ ਹਾਰ ਦੀ ਨਾ ਪ੍ਰਵਾਹ ਕੋਈ ਏ

ਅਣਖਾਂ ਦੇ ਪਹਿਰੇਦਾਰ ਨੇ ਜੋ
ਜੋ ਆਸ਼ਕ ਸੱਚ ਤੇ ਹੱਕ ਦੇ ਨੇ
ਜ਼ੁਲਮਾਂ ਦੇ ਝੱਖੜ ਝੁਲਦੇ ਨੂੰ
ਜੋ ਸਿਰ ਦੇ ਦੇ ਕੇ ਡੱਕਦੇ ਨੇ

ਦੀਨ -ਦੁਨੀ ਦੀ ਖ਼ਾਤਰ ਲੜਦੇ ਨੇ
ਇੱਜਤਾਂ ਦੇ ਰਾਖੇ ਬਣਦੇ ਜੋ
ਕਰ ਦੇਣ ਲਈ ਠੀਕਰ ਵਹਿਸ਼ਤ ਦੇ
ਬਣ ਠੀਕਰ ਠੀਕਰ ਛਣਦੇ ਨੇ

ਇਸ਼ਟ ਤੇ ਜੇ ਕੋਈ ਚੜ ਆਉਂਦਾ
ਜੋ ਬਣ ਦੀਵਾਰਾਂ ਖੜ ਜਾਂਦੇ
ਫਿਰ ਜ਼ੁਲਮ ਦੀ ਭਾਜੀ ਮੋੜਨ ਲਈ
ਜ਼ਾਲਮ ਦੇ ਟੁਕੜੇ ਕਰ ਜਾਂਦੇ

ਜੋ ਭਾਣਾ ਜਦ ਵਰਤਾਉਂਦੇ ਨੇ
ਦੁਸ਼ਮਣ ਲਈ ਪਰਲੋ ਆਉਂਦੀ ਏ
ਭਾਣੇ ਵਿਚ ਸ਼ੁਕਰ ਮਨਾਉਂਦੇ ਨੇ
ਹੱਸ ਮੁਸ਼ਕਿਲ ਸਹਿਣੀ ਆਉਂਦੀ ਏ

ਜਿਨਾਂ ਮਦ ਖੰਡੇ ਦੀ ਪੀਤੀ ਏ
ਜੋ ਧਾਰ ਖੰਡੇ ਦੀ ਨੱਚਦੇ ਨੇ
ਸ਼ਮਾ ਬਲਦੀ ਦੇਖ ਪਿਆਰੜੇ ਦੇ
ਜੋ ਬਣ ਪਰਵਾਨੇ ਮੱਚਦੇ ਨੇ

ਸਦਾ ਸਿੱਜਦੇ ਉਨਾਂ ਕੁਰਬਾਨੀਆਂ ਨੂੰ
ਰੱਤ ਰੱਤੀਆਂ ਸੋਹਲ ਜਵਾਨੀਆਂ ਨੂੰ
ਲੋਹਾਂ ਲਿਆ ਏ ਜਿਨਾਂ ਜਰਵਾਣਿਆਂ ਨਾਲ
ਨੱਥ ਪਾਈ ਏ ਜਿਨਾਂ ਸ਼ੈਤਾਨੀਆਂ ਨੂੰ

# ਇੱਕ ਬੇਬਸ ਭੈਣ ਦੀ ਹੂਕ

35 ਸਾਲ ਬੀਤ ਗਏ ਪਰ ਉਹ ਦਿਨ ਮੈਨੂੰ ਅੱਜ ਵੀ ਉਸੇ ਤਰਾਂ ਯਾਦ ਹੈ, ਮੈਂ ਛੇਵੀਂ ਕਲਾਸ ਵਿਚ ਸੀ ਸਕੂਲ ਨੂੰ ਚੱਲੀ ਸੀ ਤੇ ਮੇਰੇ ਭਾਜੀ ਨੇ ਮੈਨੂੰ ਅਵਾਜ਼ ਮਾਰੀ ਸਤਿੰਦਰ ਮੇਰੀ ਪੱਗ ਦੀ ਪੂਣੀ ਕਰਾਦੇ ਮੈਂ ਕਿਹਾ ਭਾਜੀ ਮੈਂ ਸਕੂਲ ਲਈ ਲੇਟ ਹੋ ਰਹੀ ਹਾਂ ਤਾਂ ਭਾਜੀ ਨੇ ਕਿਹਾ ਪੂਣੀ ਕਰਾਕੇ ਜਾਈ ਤੈਂ ਮੇਰੀ ਇੰਜੜੀ ਨਹੀਂ ਫੜਨੀ। ਉਸ ਦਿਨ ਮੈਂ ਇਹ ਗੱਲ ਨਹੀਂ ਸੀ ਸਮਝ ਸਕੀ, ਹੁਣ ਪਤਾ ਲਗਦਾ ਵਈ ਉਸ ਨੂੰ ਪਤਾ ਸੀ ਕਿ ਉਸ ਨਾਲ ਕੀ ਹੋ ਸਕਦਾ ਹੈ। ਉਹ ਉਸ ਲਈ ਪੂਰੀ ਤਰਾਂ ਤਿਆਰ ਸੀ। ਉਸਨੂੰ ਪਤਾ ਸੀ ਕੇ ਸ਼ਾਇਦ ਉਹ ਘਰ ਵਾਪਸ ਨਾ ਆਵੇ ਤੇ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਸ਼ਹੀਦ ਹੋ ਜਾਵੇ ਤੇ ਉਹੀ ਹੋਇਆ ਉਹ ਉਸ ਦਿਨ ਦਾ ਗਿਆ ਵਾਪਸ ਨਹੀਂ ਆਇਆ ਤੇ ਮੈਂ ਉਸ ਦਿਨ ਮੌਤ ਲਾੜੀ ਨੂੰ ਵਿਹਾਉਣ ਚੱਲੇ ਵੀਰ ਦੀ ਪੂਣੀ ਨਹੀਂ ਸੀ ਕਰਾਈ ਇੰਜੜੀ ਫੜੀ ਸੀ।

ਮੈਨੂੰ ਆਪਣੀ ਮਾਂ ਦਾ ਰੋਣਾ, ਆਪਣੇ ਵੀਰਾਂ ਦਾ ਬੇਬਸ ਖੜੇ ਦੇਖਣਾ, ਮੇਰੇ ਡੈਡੀ ਦਾ ਨਕੋਦਰ ਨੂੰ ਛੇਤੀ ਛੇਤੀ ਜਾਣਾ ਸਭ ਯਾਦ ਹੈ।

ਪਰ ਅੱਜ ਇੰਨੇ ਸਾਲ ਬੀਤ ਜਾਣ ਤੇ ਵੀ ਇਹ ਯਕੀਨ ਨਹੀਂ ਆਉਂਦਾ ਕਿ ਉਹਨੇ ਵਾਪਸ ਨਹੀ ਆਉਣਾ। ਮੇਰੇ ਭਾਜੀ ਦੇ ਨਾਲ ਉਸ ਦਿਨ ਮੇਰੇ ਤਿੰਨ ਵੀਰ ਹੋਰ ਸ਼ਹੀਦ ਹੋਏ ਸਨ, ਮੇਰਾ ਵੀਰ ਰਵਿੰਦਰ ਸਿੰਘ, ਵੀਰ ਹਰਮਿੰਦਰ ਸਿੰਘ, ਵੀਰ ਬਲਧੀਰ ਸਿੰਘ ਤੇ ਵੀਰ ਝਿਲਮਣ ਸਿੰਘ ਉਹਨਾਂ ਦੇ ਘਰ ਦੇ ਵੀ ਮੇਰੀ ਤਰਾਂ ਹੀ ਇੰਤਜ਼ਾਰ ਕਰਦੇ ਹੋਣਗੇ ਕਿਉਂਕਿ ਇਹਨਾਂ ਵੀਰਾਂ ਦੀਆਂ ਲਾਸ਼ਾਂ ਵੀ ਲਵਾਰਿਸ ਆਖ ਕੇ ਸਾੜ ਦਿੱਤੀਆਂ ਗਈਆਂ ਤੇ ਉਹਨਾਂ ਨੂੰ ਵੀ ਆਖ਼ਰੀ ਵਾਰ ਆਪਣੇ ਬੱਚਿਆਂ ਦਾ ਮੂੰਹ ਦੇਖਣਾ ਨਸੀਬ ਨਾ ਹੋਇਆ।

ਕਿਵੇਂ ਯਕੀਨ ਆਵੇ ਕਿ ਮੇਰੇ ਭਾਜੀ ਨੇ ਨਹੀਂ ਆਉਣਾ ਮੇਰੇ ਕੋਲੋਂ ਤਾਂ ਉਹ ਪੂਰਾ ਤਿਆਰ ਬਿਆਰ ਹੋ ਕੇ ਗਿਆ ਸੀ। ਬਹੁਤ ਸਾਲ ਭੁਲੇਖੇ ਪੈਂਦੇ ਰਹੇ ਕਿ ਉਹਨੇ ਇਧਰੋਂ ਆ ਜਾਣਾ ਉਧਰੋਂ ਆ ਜਾਣਾ। ਪਰ ਉਹ ਨਾ ਆਇਆ, ਪਰ ਉਸਦੀ ਲਹੂ ਨਾਲ ਲਿੱਬੜੀ ਪੱਗ ਸਾਨੂੰ ਮਿਲੀ ਸੀ ਕਿਹਨੇ ਦਿੱਤੀ ਸੀ ਲਿਆ ਕੇ ਮੈਨੂੰ ਨਹੀਂ ਪਤਾ। ਵਜੂਦ ਕਰਕੇ ਉਹ ਸਾਡੇ ਕੋਲ ਨਹੀਂ ਹੈ ਪਰ ਸਾਡੀਆਂ ਸੋਚਾਂ ਵਿਚ ਉਹ ਅੱਜ ਵੀ ਉਸੇ ਤਰਾਂ ਹੱਸਦਾ ਮੁਸਕਰਾਉਂਦਾ ਨਜ਼ਰ ਆਉਂਦਾ ਹੈ। ਬਹੁਤ ਸੋਹਣਾ ਸੀ ਮੇਰਾ ਭਾਜੀ। ਬਹੁਤ ਯਾਦ ਆਉਂਦੀ ਹੈ। ਗ਼ੁੱਸਾ ਵੀ ਬਹੁਤ ਆਉਂਦਾ ਹੈ ਇਸ ਗੰਦੇ ਸਿਸਟਮ ਤੇ ਜੋ ਹਿੰਦੁਸਤਾਨ ਵਿਚ ਹੈ ਕਦੀ ਕਦੀ ਸੋਚਦੀ ਹਾਂ ਜੇ 47 ਵਿਚ ਪੰਜਾਬ ਅਲੱਗ ਹੁੰਦਾ ਤਾਂ ਜੋ ਸਾਡੇ ਨਾਲ ਹੋਇਆ ਉਹ ਨਾ ਹੁੰਦਾ, ਫਿਰ ਬਹੁਤ ਸਾਰੇ ਪ੍ਰਸ਼ਨ ਮੇਰੇ ਸਿਰ ਵਿਚ ਹਥੌੜਿਆਂ ਵਾਂਗ ਵੱਜਣ ਲਗਦੇ ਨੇ ਤੇ ਜਵਾਬ ਨਹੀਂ ਮਿਲਦੇ :

ਮੇਰੇ ਵੀਰਾਂ ਦਾ ਕੀ ਕਸੂਰ ਸੀ ?

ਕਿਉਂ ਉਨਾਂ ਤੇ ਗੋਲੀ ਚਲਾਈ?

ਕਿਉਂ ਗੋਲੀਆਂ ਛਾਤੀ ਵਿੱਚ ਮਾਰੀਆਂ?

ਨਿਹੱਥੇ ਲੋਕਾਂ ਤੇ ਗੋਲੀ ਚਲਾਉਣ ਦਾ ਅਧਿਕਾਰ ਪੁਲਿਸ ਨੂੰ ਕਿਸ ਨੇ ਦਿੱਤਾ?

ਕਿਉਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਟ ਹੋਏ?

ਕਿਉਂ ਦੋਸ਼ੀ ਅੱਜ ਵੀ ਅਜ਼ਾਦ ਨੇ?

ਕੀ ਸਰਕਾਰਾਂ ਮਜਲੂਮਾਂ ਤੇ ਤਸ਼ੱਦਦ ਕਰਨ ਲਈ ਹੁੰਦੀਆਂ?

ਕਿਉਂ ਗੁੰਡੇ ਸਰਕਾਰਾਂ ਚਲਾਉਂਦੇ?

ਕਿਉਂ ਆਮ ਬੰਦਾ ਡਰ ਡਰ ਕੇ ਜਿਉਂਦਾ?

ਕਿਉਂ ਕਿਉਂ ਕਿਉਂ?

ਮੈਂ ਪ੍ਰੇਸ਼ਾਨ ਹੁੰਦੀ ਹਾਂ ਦਿਲ ਕਰਦਾ ਹੈ ਕਿ ਉਹਨਾਂ ਲੋਕਾਂ ਨੂੰ ਆਪ ਸਜਾਵਾਂ ਦੇਵਾਂ, ਬਦਲ ਦੇਵਾਂ ਇਹ ਸਿਸਟਮ।

ਪਰ ਬੇਬਸ ਹਾਂ ਇਸ ਗੰਦੇ ਸਿਸਟਮ ਅੱਗੇ। ਕਾਸ਼ ਪੰਜਾਬ ਅਲੱਗ ਦੇਸ਼ ਹੋਵੇ ਜਿੱਥੇ ਭੈਣਾਂ ਦੇ ਵੀਰ ਤੇ ਮਾਵਾਂ ਦੇ ਪੁੱਤ ਨਾ ਖੋਏ ਜਾਣ

ਬਾਪੂ ਆਪਣੇ ਪੁੱਤ ਦੀ ਲਾਸ਼ ਦੇ ਕੋਲ ਖੜਾ ਹੋਣ ਦੇ ਬਾਵਜੂਦ ਸਰਕਾਰਾਂ ਉਸ ਦੇ ਪੁੱਤ ਨੂੰ ਲਵਾਰਿਸ ਆਖ ਕੇ ਨਾ ਸਾੜ ਸਕਣ।

# 4 ਫਰਵਰੀ ਦਾ ਦਿਨ ਨਕੋਦਰ ਸਾਕੇ ਦੀ ਯਾਦ ਵਿੱਚ ਅਰਦਾਸ ਦਿਵਸ ਵਜੋਂ ਮਨਾਉਣ ਦੀ ਸਿੱਖ ਜਗਤ ਨੂੰ ਅਪੀਲ

## '35 ਸਾਲ ਬੀਤ ਜਾਣ ਤੇ ਵੀ ਨਹੀਂ ਮਿਲਿਆ ਕੋਈ ਇਨਸਾਫ਼ - ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.

**ਲੰਡਨ/ਏ.ਟੀ.ਨਿਊਜ਼:** ਦੁਨੀਆਂ ਭਰ ਦੇ ਗੁਰਦਵਾਰਾ ਸਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਨੂੰ ਫੈਡਰੇਸਨ ਆਫ ਸਿੱਖ ਆਰਗੇਨਾਈਜੇਸਨਜ ਯੂ,ਕੇ ਵਲੋਂ ਸਨਿਮਰ ਅਪੀਲ ਕੀਤੀ ਗਈ ਹੈ ਕਿ 4 ਫਰਬਰੀ ਵਾਲੇ ਦਿਨ ਨਕੋਦਰ ਸਾਕੇ ਦੇ ਸਹੀਦਾਂ ਨੂੰ ਯਾਦ ਕਰਦਿਆਂ ਅਰਦਾਸ ਦਿਵਸ ਵਜੋਂ ਮਨਾਇਆ ਜਾਵੇ । ਬਰਤਾਨੀਆਂ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸਾਨੇ ਨੂੰ ਸਮਰਪਤਿ ਅਤੇ ਯਤਨਸੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸਨ ਆਫ ਸਿੱਖ ਆਰਗੇਨਾਈਜੇਸਨਜ ਯੂ,ਕੇ ਦੇ ਕੋਆਰਡੀਨੇਟਰਜ ਭਾਈ ਕੁਲਦੀਪ ਸਿੰਘ ਚਹੇੜੂ,ਭਾਈ ਲਵਸਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਨਕੋਦਰ ਸਾਕੇ ਦੇ ਸਹੀਦਾਂ ਨੂੰ ਕੇਸਰੀ ਪ੍ਰਣਾਮ ਕਰਦਿਆਂ ਆਖਿਆ ਕਿ ਉਹਨਾਂ ਦੀ ਕੁਰਬਾਨੀ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕੇਗੀ। ਜਿਹਨਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਤੇ ਰੋਸ ਗ੍ਰਗਟ ਕਰਦਿਆਂ ਸਹਾਦਤਾਂ ਦਿੱਤੀਆਂ ਹਨ । ਗੌਰ ਤਲਬ ਹੈ ਕਿ 2 ਫਰਬਰੀ 1986 ਦੀ ਰਾਤ ਨੂੰ ਗੁਰਦਵਾਰਾ ਗੁਰੂ ਅਰਜਨ ਦੇਵ ਜੀ ,ਗੁਰੂ ਨਾਨਕਪੁਰਾ ਮੁਹੱਲਾ ਨਕੋਦਰ ਵਿਖੇ ਹਿੰਦੂਤਵੀ ਸਰਾਰਤੀ ਅਨਸਰਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਂਟ ਕਰ ਦਿੱਤੇ । ਜਿਸਦੀ ਪੁਲਿਸ ਵਲੋਂ ਅਣਪਛਾਤੇ ਬੰਦਿਆਂ ਖਿਲਾਫ ਨਕੋਦਰ ਥਾਣੇ ਵਿੱਚ ਐੱਫ.ਆਈ.ਆਰ ਨੰਬਰ 50 ਦਰਜ ਕੀਤੀ ਗਈ । ਅਗਲੇ ਦਿਨ 3 ਫਰਬਰੀ ਨੂੰ ਸੰਯੁਕਤ ਅਕਾਲੀ ਦਲ ਦੇ ਕਨਵੀਨਰ ਬਾਬਾ ਜੋਗਿੰਦਰ ਸਿੰਘ ਜੀ ਅਤੇ ਸਥਾਨਕ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਹੇਠ ਰੋਸ ਮਾਰਚ ਕੱਢਿਆ ਗਿਆ ਜਿਹੜਾ ਨਕੋਦਰ ਥਾਣੇ ਮੂਹਰੇ ਇੱਕ ਧਰਨੇ ਦੇ ਰੂਪ ਵਿੱਚ ਤਬਦਲ ਹੋ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸਿੱਖ ਆਗੂਆਂ ਨੇ ਪੁਲਿਸ ਪਾਸੋਂ ਦੋਸੀਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ । ਅਗਲੇ ਦਿਨ 4 ਫਰਬਰੀ ਵਾਲੇ ਦਿਨ ਸੇਰਪੁਰ ਦੇ ਪੁਲ ਤੋਂ ਜਦੋਂ ਹਜਾਰਾਂ ਸਿੱਖ ਸੰਗਤਾਂ ਨਕੋਦਰ ਸਹਿਰ ਵੱਲ ਪੰਜ ਸਿੰਘਾਂ ਦੀ ਅਗਵਾਈ ਵਿੱਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਆ ਰਹੀਆਂ ਸਨ ਤਾਂ ਨਕੋਦਰ ਸਹਿਰ ਦੀ ਹਦੂਦ ਤੇ ਖੜੀ ਪੁਲਿਸ ਨੇ ਬਗੈਰ ਕਿਸੇ ਚਿਤਾਵਨੀ ਅਤੇ ਬਗੈਰ ਕਿਸੇ ਭੜਕਾਹਟ ਤੋਂ ਗੋਲੀ ਚਲਾਉਣੀ ਸੁਰੂ ਕਰ ਦਿੱਤੀ । ਜਿਸ ਕਾਰਨ ਭਾਈ ਹਰਮਿੰਦਰ ਸਿੰਘ ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸਨ ਜਿਲ੍ਹਾ ਜਲੰਧਰ,ਭਾਈ ਰਵਿੰਦਰ ਸਿੰਘ ਲਿੱਤਰਾਂ,ਭਾਈ ਝਲਮਣ ਸਿੰਘ ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਰਾਮਗੜ ਸਹੀਦ ਅਤੇ ਅਨੇਕਾਂ ਜਖਮੀਂ ਹੋ ਗਏ । ਪੁਲਿਸ ਵਲੋਂ ਵੱਡੀ ਪੱਧਰ ਤੇ ਲਾਠੀਚਾਰਜ ਕੀਤਾ ਗਿਆ । ਕਿਸੇ ਵੀ ਦੋਸੀ ਨੂੰ ਕੋਈ ਸਜਾ ਨਹੀਂ ਹੋਈ । ਉਸ ਵੇਲੇ ਪੰਜਾਬ ਵਿੱਚ ਸੁਰਜੀਤ ਬਰਨਾਲੇ ਦੀ ਅਗਵਾਈ ਵਿੱਚ ਸਰਕਾਰ ਸੀ । ਜਿਸ ਨੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਜਾਂਚ ਕਮੇਟੀ ਕਾਇਮ ਕੀਤੀ ਪਰ ਜਸਟਿਸ ਗੁਰਨਾਮ ਸਿੰਘ ਵਲੋਂ ਤਿਆਰ ਕੀਤੀ ਪੜਤਾਲੀਆ ਰਿਪੋਰਟ ਤੇ ਕੋਈ ਵੀ ਕਾਰਵਾਈ ਨਹੀਂ ਕੀਤੀ । ਸਰਕਾਰਾਂ ਅਤੇ ਸਰਕਾਰੀ ਏਜੰਸੀਆਂ ਨੇ ਸਦਾ ਹੀ ਦੋਸੀਆਂ ਨੂੰ ਬਚਾਉਣ ਲਈ ਜੋਰ ਲਾਇਆ । ਅੱਜ ਇਸ ਸਾਕੇ ਨੂੰ ਭਾਵੇਂ 35 ਸਾਲ ਬੀਤ ਚੁੱਕੇ ਹਨ ਪਰ ਇਸਦੇ ਜਖਮ ਅਤੇ ਦਰਦ ਬਿਲਕੁਲ ਤਾਜੇ ਹਨ । ਸੁਰਜੀਤ ਬਰਨਾਲੇ ਤੋਂ ਬਾਅਦ 15 ਸਾਲ ਬਾਦਲ ਦਲ ਨੇ ਪੰਜਾਬ ਤੇ ਹਕੂਮਤ ਕੀਤੀ , ਪਰ ਇਜਹਾਰ ਆਲਮ ਅਤੇ ਦਰਬਾਰਾ ਗੁਰੂ ਵਰਗੇ ਦੋਸੀਆਂ ਨੂੰ ਸਜਾਵਾਂ ਦੇਣ ਦੀ ਬਜਾਏ ਅਹੁਦੇਦਾਰੀਆਂ ਅਤੇ ਵਜੀਰੀਆਂ ਨਾਲ ਨਿਵਾਜਿਆ ਗਿਆ ।




When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

03 ਫਰਵਰੀ 2021 ਤੋਂ 09 ਫਰਵਰੀ 2021

# ਸਾਕਾ ਨਕੋਦਰ 1986 : ਗੁਰੂ ਦਾ ਅਦਬ ਅਤੇ ਤਾਕਤ ਦਾ ਨਸ਼ਾ

ਸਿੱਖ ਲਈ ਗੁਰੂ ਤੋਂ ਪਰੇ ਕੁਝ ਨਹੀਂ, ਗੁਰੂ ਦੇ ਰਾਹ ਉੱਤੇ ਸਿੱਖ ਸਭ ਹਿਸਾਬ ਕਿਤਾਬ ਪਿੱਛੇ ਛੱਡ ਕੇ ਤੁਰਦਾ ਹੈ। ਗੁਰੂ ਦੇ ਅਦਬ ਲਈ ਗੁਰੂ ਦੇ ਸਿੱਖ ਆਪਾ ਕੁਰਬਾਨ ਕਰਦੇ ਆਏ ਹਨ, ਕਰ ਰਹੇ ਹਨ ਅਤੇ ਹਮੇਸ਼ਾ ਕਰਦੇ ਰਹਿਣਗੇ। ਸੱਚ ਅਤੇ ਝੂਠ ਦੀ ਇਹ ਟੱਕਰ ਨਾ ਕਦੀ ਮੁੱਕੀ ਹੈ ਅਤੇ ਨਾ ਹੀ ਕਦੇ ਮੁੱਕਣੀ ਹੈ। ਜਾਬਰ ਨੇ ਆਪਣੀ ਤਾਕਤ ਦੇ ਨਸ਼ੇ ਵਿੱਚ ਹੱਕ ਸੱਚ ਦੇ ਰਾਹ ਉੱਤੇ ਚੱਲਣ ਵਾਲਿਆਂ ਉੱਤੇ ਜ਼ੁਲਮ ਕਰਦੇ ਹੀ ਰਹਿਣਾ ਹੈ। ਅੱਜ ਤੋਂ 35 ਵਰ੍ਹੇ ਪਹਿਲਾਂ ਵੀ ਗੁਰੂ ਦੇ ਅਦਬ ਵਿੱਚ ਜਦੋਂ ਗੁਰੂ ਦੇ ਸਿੱਖਾਂ ਨੇ ਆਪਣੇ ਗੁਰੂ ਵੱਲ ਮੂੰਹ ਕੀਤਾ ਤਾਂ ਜਾਬਰ ਤੋਂ ਸਹਿ ਨਾ ਹੋਇਆ ਅਤੇ ਓਹਨੇ ਆਪਣੀ ਤਾਕਤ ਦੇ ਨਸ਼ੇ ਵਿੱਚ ਉਹਨਾਂ ਕਦਮਾਂ ਨੂੰ ਜੋ ਆਪਣੇ ਗੁਰੂ ਵੱਲ ਵਧ ਰਹੇ ਸੀ, ਖਤਮ ਕਰਨ ਦਾ ਯਤਨ ਕੀਤਾ। ਚਾਰ ਸਿੰਘਾਂ ਨੂੰ ਗੁਰੂ ਦੀ ਕਿਰਪਾ ਨਾਲ ਸ਼ਹੀਦੀ ਦੀ ਦਾਤ ਪ੍ਰਾਪਤ ਹੋਈ ਅਤੇ ਉਹ ਸਦਾ ਲਈ ਹੀ ਜਿਉਂਦੇ ਹੋ ਗਏ। ਆਪਣੇ ਸੁਭਾਅ ਤੋਂ ਮਜ਼ਬੂਰ ਜਾਬਰ ਹਾਲੇ ਤੀਕ ਅਨਿਆਂ ਅਤੇ ਫਰੇਬ ਦੇ ਰਸਤੇ 'ਤੇ ਚੱਲ ਰਿਹਾ ਹੈ ਅਤੇ ਸੱਚ ਨੂੰ ਦੱਬਣ ਦਾ ਹਰ ਸੰਭਵ ਯਤਨ ਕਰ ਰਿਹਾ ਹੈ।

2 ਫਰਵਰੀ 1986 ਨੂੰ ਨਕੋਦਰ ਵਿੱਚ ਗੁਰਦੁਆਰਾ ਗੁਰੂ ਅਰਜਨ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਜਿਸ ਵਿੱਚ 5 ਸਰੂਪ ਅਗਨ ਭੇਟ ਹੋਏ। 4 ਫਰਵਰੀ ਨੂੰ ਸਿੱਖ ਸੰਗਤਾਂ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਗੁਰੂ ਅਰਜਨ ਸਾਹਿਬ ਵਿਖੇ ਸਰੂਪਾਂ ਦੀ ਸੰਭਾਲ ਲਈ ਜਾ ਰਹੀਆਂ ਸਨ ਜਿੰਨ੍ਹਾ ਉੱਤੇ ਪੁਲਸ ਨੇ ਬਿਨਾਂ ਚੇਤਾਵਨੀ ਦਿੱਤਿਆਂ ਗੋਲੀ ਚਲਾ ਦਿੱਤੀ। ਅਜਿਹੇ ਮੌਕਿਆਂ ਉੱਤੇ ਕਨੂੰਨੀ ਨਿਯਮਾਂ ਅਨੁਸਾਰ ਪੁਲਸ ਦੀ ਜੋ ਕਾਰਵਾਈ ਹੋਣੀ ਚਾਹੀਦੀ ਸੀ ਸਮੇਤ ਗੋਲੀ ਚਲਾਉਣ ਦੇ, ਉਹ ਨਹੀਂ ਹੋਈ ਸਗੋਂ ਉਸ ਦੇ ਬਿਲਕੁਲ ਉਲਟ ਹੋਇਆ ਜਿਸ ਦੇ ਨਤੀਜੇ ਵਜੋਂ 4 ਸਿੰਘ (ਭਾਈ ਰਵਿੰਦਰ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਬਲਧੀਰ ਸਿੰਘ ਅਤੇ ਭਾਈ ਝਿਲਮਣ ਸਿੰਘ) ਸ਼ਹੀਦ ਹੋਏ ਅਤੇ ਕਈ ਸਿੰਘ ਜਖਮੀ ਹੋਏ। ਪੋਸਟ ਮਾਰਟਮਾਂ ਦੀਆਂ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਗੋਲੀਆਂ ਦਾ ਨਿਸ਼ਾਨਾ ਸ਼ਰੀਰ ਦੇ ਹੇਠਲੇ ਹਿੱਸੇ 'ਤੇ ਨਹੀਂ ਸੀ ਸੇਧਿਆ ਗਿਆ। ਗੁਰੂ ਸਾਹਿਬ ਦੇ ਅਦਬ ਸਤਿਕਾਰ ਲਈ ਗੁਰੂ ਦੇ ਸਿੱਖਾਂ ਨੇ ਆਪਣੇ ਸ਼ਰੀਰ ਦਾ ਠੀਕਰਾ ਭੰਨ ਦਿੱਤਾ ਅਤੇ ਦੱਸ ਦਿੱਤਾ ਕਿ ਦੁਨੀਆਂ ਵਿੱਚ ਹਜੇ ਸੱਚ ਖਤਮ ਨਹੀਂ ਹੋਇਆ। ਸ਼ਹੀਦ ਸਿੰਘਾਂ ਦੇ ਸਸਕਾਰ ਵੀ ਉਹਨਾਂ ਦੇ ਪਰਿਵਾਰਾਂ ਤੋਂ ਪੁੱਛੇ ਬਿਨ੍ਹਾਂ ਕੀਤੇ ਗਏ ਅਤੇ ਬਾਅਦ ਵਿੱਚ ਇਸ ਗੱਲ ਤੋਂ ਮੁਕਰਿਆ ਵੀ ਗਿਆ ਕਿ ਅਸੀਂ ਕਿਸੇ ਨੂੰ ਅਣਪਛਾਤਾ/ਲਵਾਰਿਸ ਕਹਿ ਕੇ ਸਸਕਾਰ ਨਹੀਂ ਕਰਿਆ। ਸਿੱਖਾਂ ਦੇ ਦਬਾਅ ਅੱਗੇ ਉਸ ਸਮੇਂ ਦੀ ਬਰਨਾਲਾ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਜਿਸ ਨੇ ਜਾਂਚ ਕਰ ਕੇ ਆਪਣਾ ਲੇਖਾ 31 ਅਕਤੂਬਰ 1986 ਨੂੰ ਪੰਜਾਬ ਸਰਕਾਰ ਨੂੰ ਸੌਂਪ ਦਿੱਤਾ ਪਰ ਕਿੰਨੇ ਸਾਲ ਇਹ ਲੇਖਾ ਦੱਬ ਕੇ ਰੱਖਿਆ ਗਿਆ ਜਨਤਕ ਨਹੀਂ ਕੀਤਾ ਗਿਆ। ਹੁਣ ਵੀ ਸਿਰਫ ਇਹਦਾ ਇਕ ਭਾਗ ਹੀ ਜਨਤਕ ਹੋਇਆ ਹੈ ਦੂਸਰਾ ਹਾਲੇ ਵੀ ਦੱਬ ਕੇ ਰੱਖਿਆ ਹੋਇਆ ਹੈ ਜਿਸ ਵਿੱਚ ਹਲਫੀਆ ਬਿਆਨ ਫਾਈਲ, ਸਬੂਤਾਂ ਦੀ ਫਾਈਲ ਅਤੇ ਦਸਤਾਵੇਜ਼ ਫਾਈਲ ਹੈ। ਸਾਕਾ ਨਕੋਦਰ ਦੇ ਦੋਸ਼ੀਆਂ ਨੂੰ ਸਿਆਸੀ ਥਾਪੜੇ ਅਤੇ ਵੱਡੇ ਅਹੁਦੇ ਮਿਲਦੇ ਰਹੇ ਹਨ। ਦੋਸ਼ੀਆਂ ਨੂੰ ਬਚਾਉਣ ਵਾਲੇ ਸਿਆਸੀ ਬੰਦੇ ਤਾਂ ਇਹ ਵੀ ਕਹਿੰਦੇ ਰਹੇ ਕਿ ਨਕੋਦਰ ਵਰਗੇ ਕਾਂਡ ਤਾਂ ਹੁੰਦੇ ਹੀ ਰਹਿੰਦੇ ਨੇ। ਸਿਰਫ ਇਹੀ ਨਹੀਂ ਸਗੋਂ ਇਸ ਸਾਕੇ ਤੋਂ ਮੁਨਕਰ ਵੀ ਹੁੰਦੇ ਰਹੇ ਅਤੇ ਕਹਿੰਦੇ ਰਹੇ ਕਿ ਮੈਨੂੰ ਪਤਾ ਹੀ ਨਹੀਂ ਕਿ ਕੋਈ ਨਕੋਦਰ ਕਾਂਡ ਵੀ ਹੋਇਆ ਸੀ। ਭਾਵੇਂ ਹੱਕ ਸੱਚ ਦੇ ਰਾਹ ਉੱਤੇ ਤੁਰਨ ਵਾਲਿਆਂ ਲਈ ਦੁਨਿਆਵੀ ਅਦਾਲਤਾਂ ਕੋਈ ਮਾਇਨੇ ਨਹੀਂ ਰੱਖਦੀਆਂ ਹੁੰਦੀਆਂ ਪਰ ਜੇਕਰ ਵੇਖਿਆ ਜਾਵੇ ਤਾਂ 1986 ਤੋਂ ਹੁਣ ਤੱਕ ਵੱਖ ਵੱਖ ਪਾਰਟੀਆਂ ਸੱਤਾ 'ਤੇ ਕਾਬਜ ਰਹੀਆਂ ਪਰ ਕਿਸੇ ਨੇ ਵੀ ਨਕੋਦਰ ਸਾਕੇ ਸਬੰਧੀ ਇਨਸਾਫ ਕਰਦਿਆਂ ਦੋਸ਼ੀਆਂ ਨੂੰ ਬਣਦੀ ਸਜਾ ਨਹੀਂ ਕਰਵਾਈ। ਇਸ ਸਭ ਤੋਂ ਇਕ ਗੱਲ ਤਾਂ ਸਾਫ ਹੋ ਜਾਂਦੀ ਹੈ ਕਿ ਮਸਲਾ ਜਾ ਕਸੂਰ ਪਾਰਟੀਆਂ ਦਾ ਨਹੀਂ ਹੈ ਸਗੋਂ ਇਹ ਢਾਂਚੇ ਦੀਆਂ ਨੀਹਾਂ ਹੀ ਨਿਆਂ ਉੱਤੇ ਨਹੀਂ ਟਿਕੀਆਂ ਹੋਈਆਂ। ਇਹ ਢਾਂਚੇ ਵਿੱਚ ਬਰਾਬਰਤਾ ਅਤੇ ਸਰਬੱਤ ਦੇ ਭਲੇ ਦੀ ਅਣਹੋਂਦ ਹੈ। 4 ਫਰਵਰੀ 1986 ਨੂੰ ਜੋ ਵਾਪਰਿਆ ਉਸ ਵਿੱਚ ਕੋਈ ਬਹੁਤੀ ਵੱਡੀ ਉਲਝਣਤਾਣੀ ਨਹੀਂ ਹੈ ਜੋ ਸਲਝਾਉਣੀ ਔਖੀ ਸੀ ਸਗੋਂ ਅਸਲ ਮਸਲਾ ਤਾਂ ਨੀਅਤ ਦਾ ਹੈ। 4 ਫਰਵਰੀ ਨੂੰ ਗੋਲੀ ਚਲਾਉਣਾ ਕਿੰਨਾ ਕੁ ਠੀਕ ਸੀ ਇਸ ਬਾਬਤ ਜਸਟਿਸ ਗੁਰਨਾਮ ਸਿੰਘ ਆਪਣੇ ਜਾਂਚ ਲੇਖੇ ਦੇ ਪਹਿਲੇ ਭਾਗ ਵਿੱਚ ਲਿਖਦੇ ਹਨ ਕਿ "ਜੇਕਰ ਸਥਿਤੀ ਨਾਲ ਸਹੀ ਢੰਗ ਨਾਲ ਨਜਿੱਠਿਆ ਜਾਂਦਾ ਤਾਂ ਗੋਲੀਆਂ ਚਲਾਉਣ ਦਾ ਹੀਲਾ ਕਰਨ ਦੀ ਜਰੂਰਤ ਹੀ ਨਹੀਂ ਪੈਣੀ ਸੀ।" ਉਹ ਅੱਗੇ ਇਹ ਵੀ ਲਿਖਦੇ ਹਨ ਕਿ "4 ਫਰਵਰੀ 1986 ਨੂੰ ਨਕੋਦਰ ਵਿਖੇ ਪੁਲਸ ਦੁਆਰਾ ਗੋਲੀ ਚਲਾਉਣੀ ਉਚਿਤ ਨਹੀਂ ਸੀ ਅਤੇ ਇਹ ਟਾਲੀ ਜਾ ਸਕਦੀ ਸੀ।"

ਤਾਕਤ ਦੇ ਨਸ਼ੇ ਵਿੱਚ ਆਪਣੀਆਂ ਅਦਾਲਤਾਂ ਰਾਹੀਂ ਇਨਸਾਫ ਨੂੰ ਲਮਕਾਇਆ ਜਾ ਸਕਦਾ ਹੈ, ਦੱਬਿਆ ਜਾ ਸਕਦਾ ਹੈ, ਲੋਕਾਂ ਨੂੰ ਅਣਗੌਲਿਆਂ ਕੀਤਾ ਜਾ ਸਕਦਾ ਹੈ ਪਰ ਇਹ ਗੱਲਾਂ ਸਿਰਫ ਇੱਥੇ ਤਾਂ ਰਹਿ ਨਹੀਂ ਜਾਣੀਆਂ ਹੁੰਦੀਆਂ ਇਹ ਹਿਸਾਬ ਕਿਤਾਬ ਦਰਗਾਹ ਵਿੱਚ ਹੋਣੇ ਹਨ। ਓਥੇ ਹੱਕ ਸੱਚ ਦੇ ਰਾਹ ਉੱਤੇ ਤੁਰਨ ਵਾਲੇ ਹੀ ਪ੍ਰਵਾਨ ਚੜ੍ਹਨੇ ਹਨ। ਸਰਬੱਤ ਦੇ ਭਲੇ ਦੇ ਪਾਂਧੀ ਆਪਣੇ ਸੁਭਾਅ ਅਨੁਸਾਰ ਹਮੇਸ਼ਾ ਜ਼ੁਲਮ ਕਰਨ ਵਾਲਿਆਂ ਖਿਲਾਫ ਜੰਗ ਵਿੱਚ ਰਹਿਣਗੇ ਅਤੇ ਸੱਚ ਦੀ ਹੋਂਦ ਦੀ ਗਵਾਹੀ ਭਰਦੇ ਰਹਿਣਗੇ, ਸ਼ਹੀਦ ਹੁੰਦੇ ਰਹਿਣਗੇ। ਇਹ ਕਦਮ ਕਦੀ ਰੁਕਣੇ ਨਹੀਂ, ਇਹਨਾਂ ਕਦਮਾਂ ਨੂੰ ਦੁਨਿਆਵੀ ਅਦਾਲਤਾਂ ਕੋਈ ਬਹੁਤੇ ਮਾਇਨੇ ਨਹੀਂ ਰੱਖਦੀਆਂ, ਇਹਨਾਂ ਦੇ ਝੰਡੇ ਦਰਗਾਹ ਵਿੱਚ ਝੂਲਦੇ ਰਹਿਣਗੇ, ਇਹ ਹਮੇਸ਼ਾ ਜਿਉਂਦੇ ਰਹਿਣਗੇ।

# ਪੰਜਾਬੀ ਕਿਸਾਨ ਲੀਡਰਸ਼ਿਪ ਤੋਂ ਸਿੱਖ ਪੰਥ ਨਿਰਾਸ਼

**ਸਿਆਸੀ ਪਾਰਟੀਆਂ ਦੇ ਦਖ਼ਲ ਵਧਣ ਦੀ ਸੰਭਾਵਨਾ ✪ ਸੈਂਕੜੇ ਨੌਜਵਾਨਾਂ ਦੀ ਗ੍ਰਿਫ਼ਤਾਰੀ, ਸੈਂਕੜੇ ਟਰੈਕਟਰਾਂ ਨੂੰ ਕਬਜ਼ੇ 'ਚ ਲੈਣ ਤੇ ਸਰਕਾਰ ਵੱਲੋਂ ਸੰਗੀਨ ਕੇਸ ਮੜਨ ਦੇ ਬਾਵਜੂਦ ਪੰਜਾਬ ਕਿਸਾਨ ਯੂਨੀਅਨ ਆਗੂ ਚੁੱਪ ✪ 6 ਫਰਵਰੀ ਨੂੰ ਕਿਸਾਨ ਮੋਰਚੇ ਵੱਲੋਂ ਚੱਕਾ ਜਾਮ**




**ਜਲੰਧਰ /ਏ.ਟੀ.ਨਿਊਜ਼:** ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ 26 ਜਨਵਰੀ ਦੀ ਗਹਿਰੀ ਸੱਟ ਤੋਂ ਜਿਸ ਤੇਜ਼ੀ ਨਾਲ ਮੁੜ ਉੱਭਰਿਆ। 26 ਜਨਵਰੀ ਤੱਕ ਇਹ ਸੰਘਰਸ਼ ਕੁਲ ਮਿਲਾ ਕੇ ਕਿਸਾਨ ਜਥੇਬੰਦੀਆਂ ਦੇ ਦਾਇਰੇ ਤੱਕ ਹੀ ਸੀਮਤ ਸੀ ਪਰ ਨਵੇਂ ਉਭਾਰ ਅਧੀਨ ਪੰਜਾਬ, ਹਰਿਆਣਾ ਤੇ ਉੱਤਰਾਖੰਡ ਤੋਂ ਪੁੱਜ ਰਹੇ ਵੱਡੇ ਜਥੇ ਜਥੇਬੰਦੀਆਂ ਦੇ ਦਾਇਰੇ ਤੋਂ ਬਾਹਰੋਂ ਆਪ-ਮੁਹਾਰੇ ਤੁਰ ਰਹੇ ਹਨ। ਪੰਜਾਬ ਦੇ ਪਿੰਡਾਂ ਅੰਦਰ ਕਿਸਾਨ ਸੰਘਰਸ਼ ਦੀ ਪਿੱਠ ਨਾ ਲੱਗਣ ਦੇਣ ਦਾ ਜਜ਼ਬਾ ਏਨਾ ਵੇਗ ਫੜ ਗਿਆ ਹੈ ਕਿ ਬਹੁਤ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਮਤੇ ਪਾ ਕੇ ਸਭ ਪਿੰਡ ਵਾਸੀਆਂ ਨੂੰ ਵਾਰੀ ਸਿਰ ਦਿੱਲੀ ਕਿਸਾਨ ਮੋਰਚਿਆਂ ਵਿਚ ਜਾਣ ਲਈ ਆਖ ਰਹੀਆਂ ਹਨ। ਬਹੁਤ ਸਾਰੇ ਪਿੰਡਾਂ 'ਚ ਖ਼ੁਦ ਹੀ ਲੋਕਾਂ ਨੇ ਪਿਛਲੇ 3 ਦਿਨ ਤੋਂ ਦਿੱਲੀ ਲੱਗੇ ਮੋਰਚਿਆਂ ਵੱਲ ਵਹੀਰਾਂ ਘੱਤ ਰੱਖੀਆਂ ਹਨ। ਇਸੇ ਤਰਾਂ ਹਰਿਆਣਾ ਤੇ ਉੱਤਰ ਪ੍ਰਦੇਸ ਵਿਚ ਜਥੇਬੰਦੀਆਂ ਨਾਲੋਂ ਖਾਪ ਪੰਚਾਇਤਾਂ ਤੇ ਮਹਾਂ ਕਿਸਾਨ ਪੰਚਾਇਤਾਂ ਹਾਵੀ ਨਜ਼ਰ ਆ ਰਹੀਆਂ ਹਨ। ਰਾਕੇਸ ਟਿਕੈਤ ਦੀ ਅਗਵਾਈ 'ਚ ਇਸ ਵੇਲੇ ਜੁੜੇ ਮੋਰਚੇ ਵਿਚ ਖਾਪ ਤੇ ਮਹਾਂ ਪੰਚਾਇਤਾਂ ਦਾ ਹੀ ਬੋਲਬਾਲਾ ਹੈ। 26 ਤੋਂ ਬਾਅਦ ਦੇ ਸੰਘਰਸ਼ ਦਾ ਇਹ ਪਹਿਲੀ ਨਵੀਂ ਤਬਦੀਲੀ ਹੈ। ਨਵੇਂ ਉਭਾਰ ਦਾ ਦੂਜਾ ਰੰਗ ਹੈ ਕਿ ਗਾਜ਼ੀਪੁਰ ਬਾਰਡਰ ਉੱਪਰ ਕਿਸਾਨ ਸੰਘਰਸ਼ 'ਚ ਕ੍ਰਿਸ਼ਮਈ ਆਗੂ ਵਜੋਂ ਰਾਕੇਸ਼ ਟਿਕੈਤ ਦੀ ਸ਼ਖ਼ਸੀਅਤ ਉੱਭਰੀ ਹੈ। ਇਸੇ ਕਾਰਨ ਪਿਛਲੇ 3 ਦਿਨ ਤੋਂ ਕਿਸਾਨ ਸੰਘਰਸ਼ ਦੀ ਸਰਗਰਮੀ ਕੇਂਦਰ ਬਿੰਦੂ ਵੀ ਸਿੰਘੂ ਤੋਂ ਬਦਲ ਕੇ ਗਾਜ਼ੀਪੁਰ ਬਾਰਡਰ ਦਾ ਮੋਰਚਾ ਬਣ ਗਿਆ ਹੈ। ਇਸ ਅਹਿਮ ਤਬਦੀਲੀ ਦਾ ਵੱਡਾ ਕਾਰਨ ਉੱਤਰ ਪ੍ਰਦੇਸ ਦੇ ਲੋਕਾਂ ਦੀ ਮੋਰਚੇ 'ਚ ਸ਼ਮੂਲੀਅਤ ਵੱਡੇ ਵਾਧੇ ਤੇ ਟਿਕੈਤ ਦੀ ਕ੍ਰਿਸਮਈ ਸ਼ਖ਼ਸੀਅਤ ਤੇ 28 ਜਨਵਰੀ ਦੀ ਸ਼ਾਮ ਨੂੰ ਦਿਖਾਏ ਸਾਹਸ ਨੂੰ ਮੰਨਿਆ ਜਾ ਰਿਹਾ ਹੈ। ਹੁਣ ਤੱਕ ਸੰਯੁਕਤ ਕਿਸਾਨ ਮੋਰਚੇ ਵਿਚ ਪੰਜਾਬ ਦਾ ਹੀ ਦਬਦਬਾ ਸੀ ਤੇ ਮੀਟਿੰਗਾਂ ਵੀ ਹਮੇਸ਼ਾ ਸਿੰਘੂ ਬਾਰਡਰ ਉੱਪਰ ਹੀ ਹੁੰਦੀਆਂ ਸਨ। ਸੰਘਰਸ਼ ਦੇ ਨਵੇਂ ਉਭਾਰ ਦਾ ਤੀਜਾ ਰੰਗ ਉਹ ਹੈ ਕਿ 26 ਜਨਵਰੀ ਤੱਕ ਸਾਰੇ ਹੀ ਸੂਬਿਆਂ ਵਿਚ ਸਿਆਸੀ ਪਾਰਟੀਆਂ ਵੱਲੋਂ ਹਮਾਇਤ ਦੇ ਬਾਵਜੂਦ ਸੰਘਰਸ਼ ਦੇ ਨੇੜੇ ਨਹੀਂ ਸੀ ਫਟਕਣ ਦਿੱਤਾ ਜਾ ਰਿਹਾ ਪਰ ਨਵੇਂ ਉਭਾਰ 'ਚ ਟਿਕੈਤ ਨੇ ਇਹ ਲਕੀਰ ਮਿਟਾ ਦਿੱਤੀ ਹੈ। ਗਾਜ਼ੀਪੁਰ ਮੋਰਚੇ ਦੇ ਪਹਿਲੇ ਹੀ ਦਿਨ ਰਾਸ਼ਟਰੀ ਲੋਕ ਦਲ ਦੇ ਆਗੂ ਸ਼ਾਮਿਲ ਹੋਏ ਫਿਰ ਕਾਂਗਰਸ ਆਗੂ ਹਮਾਇਤ ਕਰਨ ਗਏ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਕਿਸਾਨ ਆਗੂ ਟਿਕੈਤ ਨੂੰ ਹੱਲਾਸ਼ੇਰੀ ਦੇਣ ਮੋਰਚੇ ਦੀ ਸਟੇਜ ਉੱਪਰ ਪੁੱਜੇ। ਬਾਦਲ ਨੇ ਉਨਾਂ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਵੀ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਜੋ ਰਾਜਨੀਤਕ ਦਲ ਹੁਣ ਤੱਕ ਸ਼ਾਂਤ ਬੈਠੇ ਸਨ, ਉਹ ਵੀ ਹੁਣ ਕਿਸਾਨਾਂ ਨੂੰ ਸਮਰਥਨ ਦੇਣ ਵਿਚ ਜੁੱਟ ਗਏ ਹਨ। ਕਾਂਗਰਸ, ਆਮ ਆਦਮੀ ਪਾਰਟੀ, ਸਮਾਜਵਾਦੀ ਤੇ ਹੋਰ ਪਾਰਟੀਆਂ ਦੇ ਸਮਰਥਕ ਗਾਜ਼ੀਪੁਰ ਦੇ ਬਾਰਡਰ 'ਤੇ ਪੁੱਜ ਰਹੇ ਹਨ ਅਤੇ ਕਿਸਾਨਾਂ ਨੂੰ ਹੌਂਸਲਾ ਦੇ ਰਹੇ ਹਨ। ਰਾਕੇਸ਼ ਟਿਕੈਤ ਵੱਲੋਂ ਸ਼ੁਰੂ ਕੀਤਾ ਰਾਜਸੀ ਪਾਰਟੀਆਂ ਦੀ ਹਮਾਇਤ ਹਾਸਲ ਕਰਕੇ ਚੱਲਣ ਦਾ ਨਵਾਂ ਰੰਗ ਬਾਕੀ ਦੇਸ਼ ਖ਼ਾਸਕਰ ਪੰਜਾਬ ਦੀਆਂ ਜਥੇਬੰਦੀਆਂ ਨੂੰ ਕਿੰਨਾ ਕੁ ਰਾਸ ਆਵੇਗਾ। ਇਹ ਗੱਲ ਵੀ ਆਉਂਦੇ ਦਿਨਾਂ 'ਚ ਬੜੀ ਦਿਲਚਸਪ ਹੋਵੇਗੀ। ਨਵੇਂ ਉਭਾਰ ਦਾ ਚੌਥਾ ਰੰਗ ਇਹ ਹੈ ਕਿ ਹੁਣ ਤੱਕ ਚੁਣੌਤੀ ਰਹਿਤ ਚੱਲੀ ਆ ਰਹੀ ਪੰਜਾਬ ਕਿਸਾਨ ਲੀਡਰਸ਼ਿਪ ਉੱਪਰ ਵੀ ਉਂਗਲਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਲੈ ਕੇ ਕਿਸਾਨ ਸੰਘਰਸ਼ 'ਚ ਜੁਟੇ ਸਰਗਰਮ ਵਰਕਰਾਂ ਵਿਚ ਇਹ ਗੱਲ ਆਮ ਉੱਠ ਰਹੀ ਹੈ ਕਿ ਲੱਖਾਂ ਲੋਕਾਂ ਨੂੰ ਬੁਲਾ ਕੇ ਫਿਰ ਦਿੱਲੀ ਪ੍ਰੇਡ ਬਿਖਰ ਜਾਣ ਦੇ ਬਾਅਦ ਸੈਂਕੜੇ ਨੌਜਵਾਨਾਂ ਦੀ ਗ੍ਰਿਫ਼ਤਾਰੀ, ਸੈਂਕੜੇ ਟਰੈਕਟਰਾਂ ਨੂੰ ਕਬਜ਼ੇ 'ਚ ਲੈਣ ਤੇ ਸਰਕਾਰ ਵੱਲੋਂ ਸੰਗੀਨ ਕੇਸ ਮੜਨ ਵਿਰੁੱਧ 5 ਦਿਨ ਲੰਘਣ ਤੱਕ ਕਿਸੇ ਵੀ ਤਰਾਂ ਦੀ ਰਣਨੀਤੀ ਘੜਨ ਦੀ ਬਜਾਏ ਉਨਾਂ ਵੱਲੋਂ ਨਾਤਾ ਤੋੜ ਲੈਣ ਦਾ ਰੁਖ ਕਿਉਂ ਅਪਣਾਇਆ ਗਿਆ ਹੈ? ਕਿਉਂ ਜਥੇਬੰਦੀਆਂ ਦੇ ਆਗੂ ਗੁੰਮ ਹੋਏ ਜਾਂ ਗ੍ਰਿਫ਼ਤਾਰ ਕੀਤੇ ਨੌਜਵਾਨਾਂ ਦੇ ਮਾਪਿਆਂ ਨੂੰ ਧਰਵਾਸ ਦਿਵਾਉਣ ਲਈ ਉਨਾਂ ਦੇ ਘਰਾਂ ਨੂੰ ਨਹੀਂ ਜਾ ਰਹੇ। ਇਹ ਰੰਗ ਵੀ ਮੋਰਚੇ ਦੀ ਚੁਣੌਤੀ ਰਹਿਤ ਚਲੀ ਆ ਰਹੀ ਲੀਡਰਸ਼ਿਪ ਲਈ ਵੱਡੀ ਚਿੰਤਾ ਖੜੀ ਕਰ ਸਕਦਾ ਹੈ।

## ਪੰਜਾਬ ਮੇਲ ਦਾ ਰੂਟ ਬਦਲਿਆ

ਭਾਰਤ ਦੀ ਸਭ ਤੋਂ ਪੁਰਾਣੀ ਰੇਲ ਗੱਡੀਆਂ 'ਚੋਂ ਇਕ 'ਪੰਜਾਬ ਮੇਲ' ਦੇ ਰੂਟ ਨੂੰ ਬੀਤੇ ਸੋਮਵਾਰ ਨੂੰ ਅਚਾਨਕ ਬਦਲ ਦਿੱਤਾ ਗਿਆ। ਜਾਣਕਾਰੀ ਅਨੁਸਾਰ ਫ਼ਿਰੋਜ਼ਪੁਰ ਤੋਂ ਮੁੰਬਈ ਜਾ ਰਹੀ ਰੇਲ ਗੱਡੀ ਨੂੰ ਦਿੱਲੀ ਵਿਚ ਨਹੀਂ ਰੋਕਿਆ ਗਿਆ। ਸੂਤਰਾਂ ਦਾ ਕਹਿਣਾ ਹੈ ਕਿ ਬੀਤੀ ਰਾਤ ਫ਼ਿਰੋਜ਼ਪੁਰ ਤੋਂ ਲਗਭਗ 1000 ਕਿਸਾਨ ਪੰਜਾਬ ਮੇਲ ਰਾਹੀਂ ਰਵਾਨਾ ਹੋਏ ਸਨ ਜੋ ਦਿੱਲੀ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ ਤੇ ਉਨਾਂ ਵੱਲੋਂ ਦਿੱਲੀ ਉੱਤਰਨ ਦੀ ਵਜਾ ਕਾਰਨ ਰੇਲ ਗੱਡੀ ਦਾ ਰੂਟ ਬਦਲ ਦਿੱਤਾ ਗਿਆ। ਦੂਜੇ ਪਾਸੇ ਰੇਲਵੇ ਦਾ ਕਹਿਣਾ ਹੈ ਕਿ ਇਹ ਸਭ ਤਕਨੀਕੀ ਕਾਰਨਾਂ ਕਰਕੇ ਕੀਤਾ ਗਿਆ ਹੈ। ਪੰਜਾਬ ਮੇਲ ਦੇ ਰੂਟ ਨੂੰ ਰੋਹਤਕ ਤੋਂ (ਹਰਿਆਣਾ) ਰੇਵਾੜੀ ਵੱਲ ਬਦਲਦੇ ਹੋਏ ਮੁੰਬਈ ਲਈ ਰਵਾਨਾ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਇਕ ਹੋਰ ਰੇਲ ਗੱਡੀ ਜੋ ਗੰਗਾਨਗਰ (ਰਾਜਸਥਾਨ) ਤੋਂ ਪੰਜਾਬ ਤੇ ਹਰਿਆਣਾ ਵਿਚੋਂ ਹੁੰਦੀ ਹੋਈ ਪੁਰਾਣੀ ਦਿੱਲੀ ਜਾਂਦੀ ਹੈ, ਦੇ ਰੂਟ ਨੂੰ ਘੱਟ ਕਰਦੇ ਹੋਏ ਬਹਾਦਰਗੜ (ਹਰਿਆਣਾ) ਤੱਕ ਕਰ ਦਿੱਤਾ ਗਿਆ। ਕਿਸਾਨ ਮੋਰਚੇ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਫ਼ਿਰੋਜ਼ਪੁਰ-ਮੁੰਬਈ ਪੰਜਾਬ ਮੇਲ ਨੂੰ ਲਗਪਗ 1000 ਕਿਸਾਨਾਂ ਨੂੰ ਦਿੱਲੀ ਪੁੱਜਣ ਤੋਂ ਰੋਕਣ ਲਈ ਰੋਹਤਕ ਤੋਂ ਰੇਵਾੜੀ ਭੇਜ ਦਿੱਤਾ ਗਿਆ।

## 6 ਫਰਵਰੀ ਨੂੰ ਚੱਕਾ ਜਾਮ ਦਾ ਸੱਦਾ

ਸੰਯੁਕਤ ਕਿਸਾਨ ਮੋਰਚੇ ਦੀ ਸਿੰਘੂ ਬਾਰਡਰ ਉੱਪਰ ਹੋਈ ਮੀਟਿੰਗ 'ਚ ਐਲਾਨ ਕੀਤਾ ਗਿਆ ਕਿ 6 ਫਰਵਰੀ ਨੂੰ ਪੂਰੇ ਦੇਸ਼ ਵਿਚ ਚੱਕਾ ਜਾਮ ਕੀਤਾ ਜਾਵੇਗਾ। ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ 26 ਨੂੰ ਫੜੇ ਨੌਜਵਾਨਾਂ ਉੱਪਰ ਤਸ਼ੱਦਦ ਕੀਤਾ ਜਾ ਰਿਹਾ ਹੈ ਤੇ ਉਸ ਦਿਨ ਜ਼ਬਤ ਕੀਤੇ ਟਰੈਕਟਰਾਂ ਬਾਰੇ ਕੋਈ ਅਤਾ-ਪਤਾ ਨਹੀਂ ਦੱਸਿਆ ਜਾ ਰਿਹਾ। ਦਹਿਸ਼ਤ ਦਾ ਮਾਹੌਲ ਬਣਾਉਣ ਲਈ ਕਿਸਾਨ ਮੋਰਚਿਆਂ ਦੇ ਬਿਜਲੀ, ਪਾਣੀ ਤੇ ਨੈੱਟ ਦੇ ਕੁਨੈਕਸ਼ਨ ਬੰਦ ਕਰ ਰੱਖੇ ਹਨ ਤੇ ਬਾਥਰੂਮ ਵਰਗੀਆਂ ਸਹੂਲਤਾਂ ਤੋਂ ਵੀ ਵਾਂਝਾ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਕਿਸਾਨ ਏਕਤਾ ਮੋਰਚੇ ਦੇ ਟਵਿੱਟਰ ਅਕਾਊਂਟ ਨੂੰ ਵੀ ਸਰਕਾਰ ਨੇ ਝੂਠੀ ਸ਼ਿਕਾਇਤ ਕਰਕੇ ਬੰਦ ਕਰਵਾ ਦਿੱਤਾ ਹੈ। ਉਨਾਂ ਦੱਸਿਆ ਕਿ ਰੇਲ ਗੱਡੀਆਂ 'ਚ ਮੋਰਚੇ ਵਿਚ ਸ਼ਾਮਿਲ ਹੋਣ ਆਉਣ ਵਾਲੇ ਕਿਸਾਨਾਂ ਨੂੰ ਵੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਬਜਟ 'ਚ ਖੇਤੀ ਲਈ ਰਕਮ ਪਹਿਲਾਂ ਨਾਲੋਂ ਵੀ ਘੱਟ ਕਰ ਦਿੱਤੀ ਹੈ ਤੇ ਸਬਸਿਡੀਆਂ ਵਿਚ ਕਟੌਤੀ ਕਰ ਦਿੱਤੀ ਹੈ।

# ਖੇਤੀ ਕਾਨੂੰਨ ਅਤੇ ਅੰਦੋਲਨ



- ਗੁਰਬਰਿੰਦਰ ਸਿੰਘ

ਇਕ ਫਰਾਂਸੀਸੀ ਕਵੀ ਨੇ ਇਕ ਵਾਰ ਦਰੁਸਤ ਕਿਹਾ ਸੀ ਕਿ 'ਜਦੋਂ ਤਾਨਾਸ਼ਾਹੀ ਰਾਜ ਪ੍ਰਬੰਧ ਤੁਹਾਡੇ ਹੱਕ ਕੁਚਲਣ ਲਗ ਜਾਵੇ ਤਾਂ ਇਨਕਲਾਬ ਤੁਹਾਡਾ ਇਕ ਹੱਕ ਬਣ ਜਾਂਦਾ ਹੈ।'

ਭਾਰਤ ਵਿਚ ਹਾਲ ਹੀ ਵਿਚ ਹੋਈਆਂ ਕੁਝ ਘਟਨਾਵਾਂ ਅਤੇ ਬਿਰਤਾਂਤ ਦੱਸਦੇ ਹਨ ਕਿ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਤਾਨਾਸ਼ਾਹੀ ਵਿਚ ਬਦਲਦਾ ਜਾਪਦਾ ਹੈ। ਜਮਹੂਰੀਅਤ ਦੇ ਚਾਰ ਥੰਮ ਇਕ-ਇਕ ਕਰਕੇ ਢਹਿ-ਢੇਰੀ ਹੋ ਰਹੇ ਹਨ। ਸਤਾ ਤੇ ਨੌਕਰਸ਼ਾਹੀ ਪ੍ਰਬੰਧ ਦੁਆਰਾ ਆਮ ਆਦਮੀ ਦੇ ਬੁਨਿਆਦੀ ਹੱਕਾਂ ਤੇ ਮਨੁੱਖੀ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ।

ਆਰਡੀਨੈਂਸਾਂ ਰਾਹੀਂ ਪੇਸ਼ ਕੀਤੇ ਗਏ ਖੇਤੀ ਕਾਨੂੰਨ, ਭਾਰਤ ਵਿਚ ਸਰਕਾਰ ਅਤੇ ਕਿਸਾਨ ਭਾਈਚਾਰੇ ਵਿਚਾਲੇ ਵਿਵਾਦ ਦਾ ਕਾਰਨ ਬਣੇ ਹੋਏ ਹਨ।

ਜਦੋਂ ਕਿ ਕਿਸਾਨ ਇਹ ਦੋਸ਼ ਲਾ ਰਹੇ ਹਨ ਕਿ ਇਹ ਕਾਨੂੰਨ ਕਾਰਪੋਰੇਟ ਸੈਕਟਰ ਦੇ ਪੱਖ ਵਿਚ ਲਿਆਂਦੇ ਗਏ ਹਨ, ਸਰਕਾਰ ਜ਼ੋਰ ਦੇ ਰਹੀ ਹੈ ਕਿ ਇਹ ਕਿਸਾਨਾਂ ਦੇ ਫ਼ਾਇਦੇ ਅਤੇ ਬਿਹਤਰੀ ਲਈ ਹਨ।

ਹਾਲਾਂਕਿ ਕੁਝ ਖੇਤੀ ਵਿਗਿਆਨੀਆਂ ਨੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਖੇਤੀ ਸੈਕਟਰ ਸੰਬੰਧੀ ਵਿਭਿੰਨਤਾ ਦੀ ਵਕਾਲਤ ਕੀਤੀ ਹੈ, ਪਰ ਕਈਆਂ ਨੇ ਸਰਕਾਰ 'ਤੇ ਖੇਤੀ ਸੈਕਟਰ ਵਿਚ ਉਸਾਰੂ ਵਿਕਾਸ ਨਾ ਕਰਨ ਦੇ ਦੋਸ਼ ਲਗਾਏ ਹੀ ਹਨ ਨਾਲ ਰਾਜ ਦੇ ਅਧਿਕਾਰਾਂ ਵਿਚ ਦਖ਼ਲ ਅੰਦਾਜ਼ੀ ਦੇਣ ਦਾ ਦੋਸ਼ ਵੀ ਲਗਾਇਆ ਹੈ। ਸਰਕਾਰ ਨੇ ਜਿਸ ਤਰੀਕੇ ਨਾਲ ਸਥਿਤੀ ਨੂੰ ਨਜਿੱਠਿਆ ਹੈ, ਉਹ ਸਾਡੇ ਲਈ ਗੰਭੀਰ ਚਿੰਤਾ ਦਾ ਕਾਰਨ ਹੈ। ਇਕ ਪਾਸੇ ਸਰਕਾਰ ਵਿਰੋਧ ਕਰ ਰਹੇ ਕਿਸਾਨਾਂ, ਨੇਤਾਵਾਂ ਨਾਲ ਗੱਲਬਾਤ ਕਰ ਰਹੀ ਹੈ, ਦੂਜੇ ਪਾਸੇ ਆਪਣੇ ਰਾਜਨੀਤਕ ਕੇਡਰ ਰਾਹੀਂ ਮਾਨਸਿਕ ਤੇ ਸਰੀਰਕ ਹਿੰਸਾ ਕਰਵਾ ਰਹੀ ਹੈ।

ਅਜਿਹੇ ਸਮੇਂ ਜਦੋਂ ਭਾਰਤ ਵਿਚ ਕਿਸਾਨਾਂ ਦੀ ਰੱਖਿਆ ਫੋਰਸ ਵਿਚ ਨੁਮਾਇੰਦਗੀ ਸਭ ਤੋਂ ਵੱਧ ਹੈ, ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਹਨ ਤਾਂ ਗੋਦੀ ਮੀਡੀਆ ਤੇ ਸਰਕਾਰੀ ਤੰਤਰ ਵੱਲੋਂ ਇਨਾਂ ਸੈਨਿਕਾਂ ਦੇ ਰਿਸ਼ਤੇਦਾਰ ਕਿਸਾਨਾਂ ਨੂੰ ਦੇਸ਼-ਵਿਰੋਧੀ ਕਹਿਕੇ ਉਨਾਂ ਦੇ ਜ਼ਖ਼ਮਾਂ ਉੱਪਰ ਲੂਣ ਭੁੱਕਿਆ ਜਾ ਰਿਹਾ ਹੈ। ਇਨਾਂ ਕਿਸਾਨਾਂ ਦੇ ਜ਼ਖ਼ਮ ਨਾ ਸਿਰਫ਼ ਇਨਾਂ ਗਲਤ-ਫਹਿਮੀ ਕਾਨੂੰਨਾਂ ਕਾਰਨ ਹਨ, ਬਲਕਿ ਦੇਸ਼ ਦੀ ਸਰਹੱਦਾਂ ਦੀ ਰੱਖਿਆ ਕਰਨ ਵਾਲੇ ਆਪਣੇ ਪੁੱਤਰਾਂ ਅਤੇ ਭਰਾਵਾਂ ਦੇ ਗੁਆਉਣ ਦੇ ਜ਼ਖ਼ਮ ਵੀ ਹਨ।

ਸਮਰਥਨ ਵਿਚ ਆਏ ਡਾਇਸਪੋਰਾ ਨੂੰ ਕੱਟੜਪੰਥੀ ਹੋਣ ਦਾ ਲੇਬਲ ਲਗਾ ਦਿੱਤਾ ਗਿਆ ਹੈ। ਹਾਲਾਂਕਿ, ਅਜਿਹੇ ਇਲਜ਼ਾਮ ਲਾਉਣ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸਾਨਾਂ ਦੇ ਸਮਰਥਨ ਵਿੱਚ ਸਹਿਯੋਗ ਤੇ ਸਮਰਥਨ ਜ਼ਮੀਰ ਦੀ ਅਵਾਜ਼ ਉੱਪਰ ਦਿੱਤਾ ਜਾ ਰਿਹਾ ਹੈ। ਜਿਵੇਂ ਕਿ ਮਾਰਟਿਨ ਲੂਥਰ ਕਿੰਗ ਨੇ ਇਕ ਵਾਰ ਕਿਹਾ ਸੀ: 'ਮਨੁੱਖ ਦਾ ਅੰਤਿਮ ਟੀਚਾ ਉਹ ਨਹੀਂ ਹੈ ਜਿੱਥੇ ਉਹ ਆਰਾਮ ਅਤੇ ਸੁਵਿਧਾ ਦੇ ਪਲਾਂ ਵਿਚ ਖੜਾ ਹੁੰਦਾ ਹੈ, ਅੰਤਿਮ ਨਿਸ਼ਾਨਾ ਹੈ ਜੋ ਚੁਣੌਤੀ ਅਤੇ ਵਿਵਾਦ ਦੇ ਸਮੇਂ ਉਹ ਖੜਾ ਹੈ। ਉਸਨੂੰ ਇਹ ਸਟੈਂਡ ਲੈਣਾ ਚਾਹੀਦਾ ਹੈ ਕਿ ਜ਼ਮੀਰ ਉਸ ਨੂੰ ਕੀ ਕਹਿੰਦੀ ਹੈ।'

ਦਿੱਲੀ ਦੇ ਲਾਲ ਕਿਲੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਦੀ ਘਟਨਾ ਤੋਂ ਜਾਪਦਾ ਹੈ ਕਿ ਇਸ ਨੂੰ ਸਟੇਟ ਦੀ ਨੀਤੀ ਦੇ ਅਨੁਸਾਰ ਨਫ਼ਰਤ ਪੈਦਾ ਕਰਨ ਅਤੇ ਫ਼ਿਰਕੂ ਤਣਾਅ ਭੜਕਾਉਣ ਲਈ ਵਰਤਿਆ ਗਿਆ ਸੀ। ਪਤਾ ਲਗਾ ਹੈ ਕਿ ਲਾਲ ਕਿਲੇ ਨੂੰ ਕਿਸੇ ਕਾਰਪੋਰੇਟ ਨੂੰ ਲੀਜ਼ ਉੱਪਰ ਦਿੱਤਾ ਗਿਆ ਹੈ। ਵੈਸਾ ਕੇਸਰੀ ਨਿਸ਼ਾਨ ਉਦੋਂ ਵੀ ਇਸਤੇਮਾਲ ਕੀਤਾ ਜਾਂਦਾ ਹੈ ਜਦੋਂ ਸਿੱਖ ਫ਼ੌਜੀਆਂ ਵੱਲੋਂ ਸਰਹੱਦਾਂ ਦੀ ਰੱਖਿਆ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬੰਗਲਾ ਸਾਹਿਬ ਗੁਰਦੁਆਰੇ ਵਿਖੇ ਜਦੋਂ ਦਰਸ਼ਨ ਨੂੰ ਗਏ ਸਨ ਤਾਂ ਸਿਰ ਉੱਪਰ ਇਸੇ ਨਿਸ਼ਾਨ ਵਾਲਾ ਰੁਮਾਲ ਬੰਨਿਆ ਸੀ।

ਸੋਸ਼ਲ ਮੀਡੀਆ ਉੱਪਰ ਕਲਿੱਪਾਂ ਘੁੰਮਦੀਆਂ ਹੋਈਆਂ, ਦਰਸਾਉਂਦੀਆਂ ਹਨ ਕਿ ਲਾਲ ਕਿਲੇ ਦੀ ਘਟਨਾ ਅਤੇ ਇਸ ਤੋਂ ਬਾਅਦ ਦੀ ਹਿੰਸਾ ਸ਼ਾਂਤਮਈ ਅੰਦੋਲਨ ਨੂੰ ਖ਼ਤਮ ਕਰਨ ਲਈ ਸਵਾਰਥੀ ਹਿੱਤਾਂ ਦੁਆਰਾ ਮੰਚਨ ਕੀਤੀ ਗਈ ਸੀ। ਇਨਾਂ ਸਮਾਗਮਾਂ ਵਿਚ ਕਿਸਾਨ ਨੇਤਾਵਾਂ ਦੀ ਕੋਈ ਭੂਮਿਕਾ ਨਹੀਂ ਸੀ, ਬਲਕਿ ਉਹ ਸਚਾਈ ਅਤੇ ਦੋਸ਼ੀਆਂ ਨੂੰ ਲੱਭਣ ਬਾਰੇ ਸੁਤੰਤਰ ਜਾਂਚ ਦੀ ਮੰਗ ਕਰ ਰਹੇ ਹਨ।

ਮੀਡੀਆ ਨਾਲ ਜੁੜੇ ਪੱਤਰਕਾਰ ਜਿਨਾਂ ਨੇ ਇਸ ਯੋਜਨਾਬੰਦੀ ਅਤੇ ਸਾਜ਼ਿਸ਼ ਨੂੰ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ, ਪੁਲਿਸ ਉਸ ਨੂੰ ਚੁੱਕ ਰਹੀ ਹੈ ਅਤੇ ਕਈਆਂ ਦਾ ਪਤਾ ਨਹੀਂ ਲੱਗ ਰਿਹਾ।

ਪ੍ਰਧਾਨ ਮੰਤਰੀ ਆਪਣੇ ਹੱਥਾਂ ਨਾਲ ਮਨ (ਮਨ ਕੀ ਬਾਤ) ਕਹਿਣ ਜਾਂ ਅਮਰੀਕਾ ਵਿਚ ਵਾਪਰੀਆਂ ਘਟਨਾਵਾਂ ਬਾਰੇ ਟਵੀਟ ਕਰਨ ਵਿਚ ਰੁੱਝੇ ਹੋਏ ਹਨ।

ਭਾਰਤੀ ਨਿਆਂਪਾਲਿਕਾ ਇਕ ਮੂਕ ਦਰਸ਼ਕ ਰਿਹਾ ਹੈ, ਆਮ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਲ ਧਿਆਨ ਨਹੀਂ ਦੇ ਰਿਹਾ। ਕਿਸੇ ਨੇ ਸਹੀ ਕਿਹਾ ਹੈ, 'ਕਿਤੇ ਵੀ ਬੇਇਨਸਾਫ਼ੀ ਹਰ ਪਾਸੇ ਇਨਸਾਫ਼ ਲਈ ਖ਼ਤਰਾ ਹੁੰਦੀ ਹੈ।' ਨਾ ਸਿਰਫ਼ ਵਿਸ਼ਵ ਭਰ ਦੇ ਮੀਡੀਆ, ਬਲਕਿ ਜ਼ਮੀਰ ਵਾਲੇ ਹਰੇਕ ਵਿਅਕਤੀ ਨੂੰ ਵੀ ਇਸ ਬੇਇਨਸਾਫ਼ੀ ਦਾ ਪਰਦਾਫਾਸ਼ ਕਰਨ ਲਈ ਕੁਝ ਚਿੰਤਾ ਕਰਨੀ ਪਵੇਗੀ ਅਤੇ ਅਵਾਜ਼ ਉਠਾਉਣੀ ਪਵੇਗੀ।

ਲੇਖਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਸਾਬਕਾ ਵਕੀਲ ਹੈ ਅਤੇ ਮੌਜੂਦਾ ਸਮੇਂ ਵਿੱਚ ਨਿਊਜ਼ੀਲੈਂਡ ਦੀ ਹਾਈ ਕੋਰਟ ਦਾ ਬੈਰਿਸਟਰ ਅਤੇ ਸਾਲਿਸਿਟਰ ਹੈ।

# ਮਾਮਲਾ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦਾ ਫਾਸਟ ਟਰੈਕ ਅਦਾਲਤ 'ਚ ਹੋਵੇਗੀ ਸੁਣਵਾਈ

**ਫ਼ਰੀਦਕੋਟ/ਏ.ਟੀ.ਨਿਊਜ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ ਸਬੰਧੀ ਫ਼ਰੀਦਕੋਟ ਜ਼ਿਲੇ ਵਿੱਚ ਵਾਪਰੀਆਂ ਤਿੰਨ ਘਟਨਾਵਾਂ ਅਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਸਬੰਧੀ ਅਦਾਲਤਾਂ 'ਚ ਚੱਲ ਰਹੇ ਮੁਕੱਦਮਿਆਂ ਦੇ ਜਲਦ ਨਿਪਟਾਰੇ ਲਈ ਪੰਜਾਬ ਸਰਕਾਰ ਨੇ ਇੱਕ ਫਾਸਟ ਟਰੈਕ ਅਦਾਲਤ ਬਣਾਉਣ ਦੀ ਤਜਵੀਜ ਰੱਖੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਨ 'ਤੇ ਇਨਾਂ ਮਾਮਲਿਆਂ ਦੀ ਜਲਦ ਸੁਣਵਾਈ ਦਾ ਭਰੋਸਾ ਦਿੱਤਾ ਸੀ ਪਰ ਚਾਰ ਸਾਲ ਤੋਂ ਵੱਧ ਸਮਾਂ ਬੀਤਣ 'ਤੇ ਕਿਸੇ ਵੀ ਮੁਕੱਦਮੇ ਨੂੰ ਸਰਕਾਰ ਅੰਜਾਮ ਤੱਕ ਨਹੀਂ ਪਹੁੰਚਾ ਸਕੀ ਅਤੇ ਪੀੜਤਾਂ ਵੱਲੋਂ ਜਲਦ ਇਨਸਾਫ਼ ਲਈ ਸਰਕਾਰ ਉੱਪਰ ਦਬਾਅ ਬਣਾਇਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਇਸ ਸਬੰਧੀ ਸਾਰੀ ਲੋੜੀਂਦੀ ਕਾਰਵਾਈ ਮੁਕੰਮਲ ਕਰ ਲਈ ਹੈ ਅਤੇ ਵਿਸ਼ੇਸ਼ ਜੱਜ ਦੀ ਨਿਯੁਕਤੀ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਕੇਸ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਵਿੱਚ 21 ਮਹੀਨੇ ਪਹਿਲਾਂ ਚਲਾਨ ਪੇਸ਼ ਹੋ ਗਿਆ ਸੀ। ਪਰ ਏਨਾ ਸਮਾਂ ਬੀਤਣ ਜਾਣ ਬਾਅਦ ਵੀ ਅਜੇ ਤੱਕ ਮੁਲਜ਼ਮਾਂ ਖਲਿਾਫ ਚਾਰਜ ਫਰੇਮ ਨਹੀਂ ਹੋ ਸਕੇ। ਵਿਸ਼ੇਸ਼ ਜਾਂਚ ਟੀਮ ਨੇ ਕੁਝ ਸਮਾਂ ਪਹਿਲਾਂ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਅਰਜੀ ਦੇ ਕੇ ਖਦਸ਼ਾ ਜਾਹਿਰ ਕੀਤਾ ਸੀ ਕਿ ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਵਿੱਚ ਨਾਮਜ਼ਦ ਕੀਤੇ ਗਏ ਮੁਲਜ਼ਮ ਉੱਚੀ ਪਹੁੰਚ ਵਾਲੇ ਹਨ ਅਤੇ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਇਨਾਂ ਮਾਮਲਿਆਂ ਦੀ ਸੁਣਵਾਈ ਪਹਿਲ ਦੇ ਆਧਾਰ 'ਤੇ ਕੀਤੀ ਜਾਵੇ ਪਰ ਜਾਂਚ ਟੀਮ ਦੀ ਅਰਜੀ ਦਾਇਰ ਹੋਣ ਤੋਂ ਦੋ ਮਹੀਨੇ ਬਾਅਦ ਵੀ ਮਾਮਲੇ ਵਿੱਚ ਕੋਈ ਪ੍ਰਗਤੀ ਨਹੀਂ ਹੋਈ। ਪੰਜਾਬ ਸਰਕਾਰ ਨੇ ਬੇਅਦਬੀ ਕਾਂਡ ਅਤੇ ਕੋਟਕਪੂਰਾ ਬਹਿਬਲ ਗੋਲੀ ਕਾਂਡ ਦੇ ਕੁੱਲ ਸੱਤ ਮੁਕੱਦਮਿਆਂ ਨੂੰ ਫਾਸਟ ਟਰੈਕ ਕੋਰਟ ਰਾਹੀਂ ਨਿਪਟਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸੂਤਰਾਂ ਅਨੁਸਾਰ ਅਪਰੈਲ ਮਹੀਨੇ ਤੋਂ ਫਾਸਟ ਟਰੈਕ ਕੋਰਟ ਫ਼ਰੀਦਕੋਟ ਵਿੱਚ ਆਪਣਾ ਕੰਮ ਸ਼ੁਰੂ ਕਰ ਸਕਦੀ ਹੈ। ਪਹਿਲਾਂ ਇਹ ਅਦਾਲਤ ਮੁਹਾਲੀ ਵਿੱਚ ਸਥਾਪਿਤ ਕਰਨ ਦਾ ਫੈਸਲਾ ਹੋਇਆ ਸੀ ਪਰ ਗਵਾਹਾਂ ਦੀ ਸਹੂਲਤ ਨੂੰ ਦੇਖਦਿਆਂ ਫਾਸਟ ਟਰੈਕ ਕੋਰਟ ਫ਼ਰੀਦਕੋਟ ਵਿੱਚ ਸਥਾਪਿਤ ਕੀਤੀ ਜਾਵੇਗੀ, ਕਿਉਂਕਿ 90 ਫ਼ੀਸਦੀ ਗਵਾਹ ਫ਼ਰੀਦਕੋਟ ਜਲਿੇ ਨਾਲ ਸਬੰਧਤ ਹਨ।

ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੇ ਕਿਹਾ ਕਿ ਬੇਅਦਬੀ ਅਤੇ ਗੋਲੀ ਕਾਂਡ ਮਾਮਲਿਆਂ ਦੀ ਸੁਣਵਾਈ ਲਈ ਫਾਸਟ ਟਰੈਕ ਕੋਰਟ ਸਥਾਪਿਤ ਕਰਨ ਦੀ ਤਜਵੀਜ ਹੈ। ਉਨਾਂ ਕਿਹਾ ਕਿ ਇਨਾਂ ਮਾਮਲਿਆਂ ਵਿੱਚ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸਰਕਾਰ ਪੂਰੀ ਤਰਾਂ ਵਚਨਬੱਧ ਹੈ।

# ਆਪਣੀ ਇੱਕ ਵੱਖਰੀ ਪਹਿਚਾਣ ਬਣਾਓ

- ਹਰਕੀਰਤ ਕੌਰ
੯੭੭੯੧੧੮੦੬੬

ਇਸ ਦੁਨੀਆ ਵਿੱਚ ਹਰ ਇੱਕ ਇਨਸਾਨ ਕੋਈ ਨਾ ਕੋਈ ਗੁਣ ਜਾਂ ਕਲਾ ਆਪਣੇ ਵਿੱਚ ਸਮਾ ਕੇ ਲਿਆਇਆ ਹੈ। ਕਈ ਆਪਣੀਆਂ ਕਲਾਵਾਂ ਨੂੰ ਪਹਿਚਾਣ ਲੈਂਦੇ ਹਨ ਅਤੇ ਦੁਨੀਆ ਦੇ ਦਿੱਗਜਾਂ ਵਿੱਚ ਆਪਣੇ ਆਪ ਨੂੰ ਸ਼ਾਮਿਲ ਕਰ ਲੈਂਦੇ ਹਨ। ਕਈ ਮਜਬੂਰੀਆਂ, ਹਾਲਤਾਂ ਅੱਗੇ ਗੋਡੇ ਟੇਕ ਆਪਣੇ ਆਪ ਨੂੰ ਆਮ ਲੋਕਾਂ ਦੀ ਭੀੜ ਵਿੱਚ ਗਵਾ ਲੈਂਦੇ ਹਨ। ਬੁਰਾ ਦੌਰ, ਮਜਬੂਰੀਆਂ, ਔਖੀਆਂ ਘੜੀਆਂ ਹਰ ਇੱਕ ਦੀ ਜ਼ਿੰਦਗੀ ਵਿੱਚ ਆਉਂਦੀਆਂ ਹਨ। ਕਈ ਇਹਨਾਂ ਦੀ ਮਾਰ ਨੂੰ ਨਾ ਸਹਾਰਦੇ ਹੋਏ ਇਹਨਾਂ ਵਾ-ਵਰੋਲਿਆਂ ਵਿੱਚ ਉੱਡ ਪੁੱਡ ਜਾਂਦੇ ਹਨ ਅਤੇ ਕਈ ਤੂਫ਼ਾਨਾਂ ਅੱਗੇ ਹਿੱਕ ਡਾਹ ਕੇ ਉਹਨਾਂ ਦੇ ਰੁੱਖ ਮੋੜ ਦਿੰਦੇ ਹਨ। ਇਹ ਤਾਂ ਗੱਲ ਹੋਈ ਆਪਣੇ ਹੁਨਰ, ਕਲਾ ਜਾਂ ਆਪਣੀ ਮਿਹਨਤ ਨੂੰ ਸਹਾਰਾ ਬਣਾ ਆਪਣੀ ਪਹਿਚਾਣ ਬਣਾਉਣੀ। ਪਰ ਇਸ ਸਭ ਤੋਂ ਇਲਾਵਾ ਵੀ ਹੋਰ ਬਹੁਤ ਸਾਰੇ ਗੁਣ ਹਨ ਜਿੰਨਾ ਦੀ ਮਦਦ ਨਾਲ ਅਸੀਂ ਚਾਰ ਬੰਦਿਆਂ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਲੈਂਦੇ ਹਾਂ। ਜਿਸ ਵਿੱਚ ਮੈਨੂੰ ਲੱਗਦਾ ਹੈ ਕਿ ਸਭ ਤੋਂ ਅਹਿਮ ਗੁਣ ਹੈ ਸਾਡਾ ਹੱਸੋਂ ਹੱਸੋਂ ਕਰਦਾ ਚਿਹਰਾ। ਸਾਡੇ ਚਿਹਰੇ ਦੀ ਰੌਣਕ, ਸਕਾਰਾਤਮਕ ਸੋਚਣੀ। ਸਾਡੇ ਵਿਚਾਰ, ਸਾਡੇ ਬੋਲਣ ਦਾ ਢੰਗ ਤਰੀਕਾ, ਲੋਕਾਂ ਵਿੱਚ ਵਿਚਰਨ ਦਾ ਤਰੀਕਾ ਆਦਿ ਅਜਿਹੇ ਪੱਖ ਹਨ ਕਿ ਜੇਕਰ ਇਹਨਾਂ ਵਿਚੋਂ ਕੋਈ ਇੱਕ ਵੀ ਸਾਡੇ ਕੋਲ ਹੋਵੇ ਤਾਂ ਸਾਡੀ ਸ਼ਖ਼ਸੀਅਤ ਨੂੰ ਚਾਰ ਚੰਨ ਲੱਗ ਜਾਂਦੇ ਹਨ। ਇੱਕ ਬਹੁਤ ਹੀ ਆਮ ਜਿਹੀ ਗੱਲ ਹੈ ਕਿ ਜਿਸ ਮਨੁੱਖ ਦਾ ਚਿਹਰਾ ਹਮੇਸ਼ਾ ਖਿੜਿਆ ਅਤੇ ਮੁਸਕਾਨ ਨਾਲ ਭਰਿਆ ਹੋਵੇਗਾ, ਉਸ ਨਾਲ ਰਹਿਣ ਵਾਲੇ ਇਨਸਾਨਾਂ ਉੱਤੇ ਵੀ ਉਸੇ ਤਰਾਂ ਦਾ ਪ੍ਰਭਾਵ ਪਵੇਗਾ। ਹਰ ਕੋਈ ਉਸ ਵਿਅਕਤੀ ਦੀ ਸੰਗਤ ਕਰਨਾ ਲੋਚੇਗਾ। ਇਸ ਦੁਨੀਆ ਵਿੱਚ ਕੋਈ ਕਿਸੇ ਦੇ ਦੁੱਖ ਨੂੰ ਸਮਝਣ ਅਤੇ ਸੁਣਨ ਲਈ ਤਿਆਰ ਨਹੀਂ, ਬਹੁਤੇ ਲੋਕ ਹੋਰਾਂ ਕੋਲ ਆਪਣੇ ਦੁੱਖਾਂ ਦੇ ਰੋਣੇ ਰੋ ਕੇ ਆਪਣਾ ਮਜ਼ਾਕ ਬਣਾ ਲੈਂਦੇ ਹਨ। ਇਸਦੇ ਉਲਟ ਆਪਣੇ ਦੁੱਖਾਂ ਨੂੰ ਆਪਣੇ ਅੰਦਰ ਸਮਾ ਉਹਨਾਂ ਨੂੰ ਆਪਣੀ ਕਮਜ਼ੋਰੀ ਬਣਨ ਤੋਂ ਉਲਟ ਆਪਣੀ ਤਾਕਤ ਬਣਾਉਣ ਵਾਲੇ ਲੋਕ ਦੁਨੀਆ ਅਤੇ ਲੋਕਾਂ ਦੇ ਦਿਲਾਂ ਉੱਪਰ ਰਾਜ ਕਰਦੇ ਹਨ। ਸਾਡੀ ਬੋਲੀ ਅਤੇ ਅਵਾਜ਼ ਵਿੱਚ ਮਿਠਾਸ ਹੋਣੀ ਬਹੁਤ ਜ਼ਰੂਰੀ ਹੈ। ਸਾਡੀ ਬੋਲ ਬਾਣੀ ਅਜਿਹੀ ਹੋਵੇ ਕਿ ਹਰ ਸੁਣਨ ਵਾਲਾ ਸਾਡੀ ਸ਼ਖ਼ਸੀਅਤ ਦਾ ਮੁਰੀਦ ਹੋ ਜਾਵੇ। ਸਾਡੀ ਸ਼ਖ਼ਸੀਅਤ ਅਜਿਹੀ ਹੋਵੇ ਕਿ ਭਾਵੇਂ ਰੁਤਬੇ ਵਜੋਂ ਸਾਡੀ ਪਹਿਚਾਣ ਹੋਵੇ ਜਾਂ ਨਾ ਪਰ ਸਾਡੇ ਸੁਭਾਅ ਅਤੇ ਵਤੀਰੇ ਕਾਰਣ ਸਾਡੀ ਸਮਾਜ ਅਤੇ ਆਪਣੇ ਆਲੇ ਦੁਆਲੇ ਇੱਕ ਅਲੱਗ ਪਹਿਚਾਣ ਹੋਵੇ।



ਗੁਰਦੁਆਰਾ ਸਾਹਿਬ ਸਿੱਖ ਸੈਂਟਰ ਆਫ ਨਿਊਯੌਰਕ
ਫਲੱਸ਼ਿੰਗ, ਨਿਊਯੌਰਕ, ਅਮਰੀਕਾ

## ਸ੍ਰੀ ਗੁਰੂ ਗਰੰਥ ਸਾਹਿਬ ਜੀ...

28 ਅਗਸਤ 2018 ਨੂੰ ਪੰਜਾਬ ਵਿਧਾਨ ਸਭਾ ਦੇ ਬੇਅਦਬੀਆਂ ਸਬੰਧੀ ਖਾਸ ਸੈਸ਼ਨ ਵਿਚ ਆਮ ਆਦਮੀ ਪਾਰਟੀ ਦੇ ਐੱਮ ਐਲ ਏ ਹਰਵਿੰਦਰ ਸਿੰਘ ਫੂਲਕਾ ਅਤੇ ਕੰਵਰ ਸੰਧੂ ਨੇ ਸਾਕਾ ਨਕੋਦਰ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਵਿਧਾਨ ਸਭਾ ਵਿੱਚ ਰੱਖਣ, ਇਸਤੇ ਕਾਰਵਾਈ ਕਰਨ ਅਤੇ ਦੋਸ਼ੀਆਂ ਨੂੰ ਸਜਾ ਦੇਣ ਦੀ ਪੰਜਾਬ ਸਰਕਾਰ, ਮੁੱਖ ਮੰਤਰੀ ਅਤੇ ਰਾਜਪਾਲ ਪੰਜਾਬ ਤੋਂ ਜੋਰਦਾਰ ਢੰਗ ਨਾਲ ਮੰਗ ਕੀਤੀ ਸੀ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ।

2 ਅਕਤੂਬਰ 2018 ਨੂੰ ਆਮ ਆਦਮੀ ਪਾਰਟੀ ਦੇ ਐੱਮ ਐਲ ਏ ਕੰਵਰ ਸੰਧੂ ਨੇ ਆਪਣੇ ਪੁਰਾਣੇ ਰਿਕਾਰਡ ਵਿਚੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਸਬੰਧੀ ਰਿਪੋਰਟ ਜੋ ਕੇ 24 ਮਾਰਚ 1987 ਦੀ ਅੰਗਰੇਜੀ ਟ੍ਰਿਬਿਊਨ ਅਖਬਾਰ ਵਿੱਚ ਪਹਿਲੇ ਪੰਨੇ ਤੇ ਪ੍ਰਕਾਸ਼ਤ ਹੋਈ ਸੀ ਲੱਭ ਲਈ । ਇਹ ਰਿਪੋਰਟ ਉਨਾਂ ਨੇ ਕਿਸੇ ਉੱਚ ਅਫਸਰ ਦੇ ਦਫਤਰ ਵਿੱਚ ਪੱਤਰਕਾਰ ਹੋਣ ਦੇ ਨਾਤੇ ਪ੍ਰਾਪਤ ਕਰਕੇ ਲਿਖੀ ਸੀ । ਉਨਾਂ ਦੀ ਇਸ ਲਿਖਤ ਵਿੱਚ ਬਿਲਕੁਲ ਸਾਫ ਹੈ ਕਿ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਮੰਨਿਆ ਹੈ ਕਿ ਪੁਲਿਸ ਦੀ ਕਾਰਵਾਈ ਬਿਲਕੁਲ ਬੇਲੋੜੀ ਅਤੇ ਨਜਾਇਜ਼ ਸੀ । ਪੁਲਿਸ ਅਤੇ ਪ੍ਰਸਾਸਨ ਸਿੱਖ ਨੌਜਵਾਨਾਂ ਦੇ ਕਤਲ ਲਈ ਜਿੰਮੇਵਾਰ ਹੈ । ਐੱਸ ਐੱਸ ਪੀ ਇਜ਼ਹਾਰ ਆਲਮ, ਏ ਡੀ ਸੀ ਦਰਬਾਰਾ ਗੁਰੂ, ਜਸਕੀਰਤ ਸਿੰਘ ਇੰਸਪੈਕਟਰ ਅਤੇ ਏ ਕੇ ਸ਼ਰਮਾ ਐੱਸ ਪੀ (ਅਪ੍ਰੇਸ਼ਨ) ਸੀ ਆਰ ਪੀ ਨੇ ਝੂਠੀਆਂ ਰਿਪੋਰਟਾਂ ਲਿਖੀਆਂ ਸਨ ।

ਕੰਵਰ ਸੰਧੂ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ, ਫੇਸ ਬੁੱਕ ਤੇ ਲਾਈਵ ਹੋਕੇ ਅਤੇ ਖਬਰ ਮੀਡਿਆ ਰਾਹੀਂ ਮੰਗ ਕੀਤੀ ਸੀ ਕਿ ਸਰਕਾਰ ਆ ਰਹੇ ਵਿਧਾਨ ਸਭਾ ਸੈਸਨ ਵਿੱਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ, ਇਸਤੇ ਕੀਤੀ ਕਾਰਵਾਈ ਦੀ ਰਿਪੋਰਟ (**Action Taken Report**) ਦੇ ਨਾਲ ਰੱਖੇ, ਖਾਸ ਜਾਂਚ ਟੀਮ (**Special Invistigation Team**) ਬਣਾ ਕੇ ਦੋਸ਼ੀ ਪੁਲਿਸ ਅਫਸਰਾਂ ਤੇ ਮੁਕੱਦਮੇ ਦਰਜ ਕਰਕੇ ਬਣਦੀ ਕਾਰਵਾਈ ਕਰੇ, ਪੀੜਿਤ ਪਰਿਵਾਰਾਂ ਤੋਂ ਮੁਆਫੀ ਮੰਗੇ ਅਤੇ ਪਰਿਵਾਰਾਂ ਨੂੰ ਬਣਦਾ ਹਰਜਾਨਾ ਦੇਵੇ ।

ਦਸੰਬਰ 2018 ਦੇ ਪਹਿਲੇ ਦੋ ਹਫਤੇ ਲੋਕ ਸਭਾ ਦੀ ਕਾਰਵਾਈ ਲਗਾਤਾਰ ਠੱਪ ਹੋਣ ਅਤੇ ਸਦਨ ਅੰਦਰ ਸਾਕਾ ਨਕੋਦਰ ਸੰਬੰਧੀ ਮੁੱਦਾ ਨਾ ਉਠਾਏ ਜਾਣ ਕਾਰਨ, 19 ਦਸੰਬਰ 2018 ਨੂੰ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰਕੇ ਸਾਕਾ ਨਕੋਦਰ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਦੀ ਰਿਪੋਰਟ ਅਜੇ ਤੱਕ ਨਸ਼ਰ ਨਾ ਕਰਨ ਅਤੇ ਦੋਸ਼ੀਆਂ ਨੂੰ ਜੁਲਮ ਦੇ ਕਟਿਹਰੇ ਵਿਚ ਖੜਾ ਕਰਕੇ ਸਜਾਵਾਂ ਨਾ ਦੇਣ ਵਿਰੁੱਧ, ਪੰਜਾਬ ਸਰਕਾਰ ਦੀ ਮੁਜਰਮਾਨਾਂ ਉਦਾਸੀਨਤਾ ਤੇ ਪਹੁੰਚ ਦੇ ਖਿਲਾਫ ਇਨਸਾਫ ਦੀ ਮੰਗ ਕਰਦੇ ਹੋਏ ਇਸ ਸਬੰਧ ਵਿਚ ਨਿਰਦੋਸ਼ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਸਜਾਵਾਂ ਦੇਣ ਲਈ ਪੰਜਾਬ ਸਰਕਾਰ ਨੂੰ ਸਖਤ ਦਿਸ਼ਾ ਨਿਰਦੇਸ ਜਾਰੀ ਕਰਨ ਦੀ ਬੇਨਤੀ ਕੀਤੀ। ਸ੍ਰੀ ਰਾਜਨਾਥ ਸਿੰਘ ਨੇ ਤੁਰੰਤ ਆਪਣੇ ਸੈਕਟਰੀ ਨੂੰ ਬੁਲਾ ਕੇ ਪੰਜਾਬ ਸਰਕਾਰ ਦੀ ਇਸ ਗੈਰ-ਸੰਜੀਦਗੀ ਨੂੰ ਲੈ ਕੇ ਤੁਰੰਤ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਨੂੰ ਚਿੱਠੀ ਲਿਖਣ, ਲਈ ਕਿਹਾ ਅਤੇ ਰਿਪੋਰਟ ਭੇਜਣ ਲਈ ਹੁਕਮ ਦਿੱਤੇ ਸਨ।

**ਭਾਂਵੇਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਕਮਿਸ਼ਨ ਨੇ 2 ਫਰਵਰੀ ਤੋਂ 5 ਫਰਵਰੀ 1986 ਤੱਕ ਦੀਆਂ ਘਟਨਾਵਾਂ ਦੀ ਜਾਂਚ ਕਰਕੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 31 ਅਕਤੂਬਰ 1986 ਨੂੰ ਸੌਂਪ ਦਿੱਤੀ ਸੀ । ਪਰ ਸਮੇਂ ਦੀਆਂ ਸਰਕਾਰਾਂ ਵਲੋਂ ਇਹ ਰਿਪੋਰਟ 15 ਸਾਲ ਵਿਧਾਨ ਸਭਾ ਵਿਚ ਪੇਸ਼ ਹੀ ਨਾ ਕੀਤੀ ਗਈ ਅਤੇ ਜਦੋਂ ਪੇਸ਼ ਵੀ ਕੀਤੀ ਤਾਂ ਚੋਰੀ ਛਿਪੇ ਬਿਨਾ ਕਿਸੇ ਬਹਿਸ ਜਾਂ ਕਾਰਵਾਈ ਦੇ ਅਤੇ ਪਰਿਵਾਰਾਂ ਨੂੰ 33 ਸਾਲ ਇਸਦੀ ਭਿਣਕ ਤੱਕ ਨਾ ਪੈਣ ਦਿੱਤੀ ।**

ਇਸ ਸੱਭ ਦਾ ਖੁਲਾਸਾ ਉਦੋਂ ਹੋਇਆ ਜਦੋਂ 13 ਫਰਵਰੀ 2019 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਮੰਨਿਆ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ 5 ਮਾਰਚ 2001 ਨੂੰ ਵਿਧਾਨ ਸਭਾ ਦੀ ਸਲੀਬ ਤੇ ਰੱਖੀ ਗਈ ਸੀ। ਜਦੋਂ ਪ੍ਰਕਾਸ ਸਿੰਘ ਬਾਦਲ ਮੁੱਖ ਮੰਤਰੀ ਸਨ ਅਤੇ ਚਰਨਜੀਤ ਸਿੰਘ ਅਟਵਾਲ ਸਪੀਕਰ ਸਨ ਅਤੇ ਇਹ ਰਿਪੋਰਟ ਪੰਜਾਬ ਵਿਧਾਨ ਸਭਾ ਲਾਇਬ੍ਰੇਰੀ ਵਿੱਚ ਉਪਲੱਬਧ ਹੈ । **ਆਖਰਕਾਰ ਤੇਤੀ ਸਾਲਾਂ ਬਾਅਦ 15 ਫਰਵਰੀ 2019 ਨੂੰ ਪੰਜਾਬ ਵਿਧਾਨ ਸਭਾ ਲਾਇਬ੍ਰੇਰੀ ਵਿੱਚੋਂ ਰਿਪੋਰਟ ਦਾ ਕੇਵਲ ਪਹਿਲਾ ਭਾਗ ਹੀ ਪ੍ਰਾਪਤ ਹੋ ਸਕਿਆ ਹੈ । ਪਿਛਲੇ 35 ਸਾਲਾਂ ਤੋਂ ਸਮੇ ਦੀਆਂ ਸਰਕਾਰਾਂ ਨੇ ਕਾਤਲਾਂ ਨੂੰ ਬਚਾਉਣ ਦੀਆਂ ਹੀ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਰਿਪੋਰਟ ਤੇ ਕੋਈ ਕਾਰਵਾਈ ਨਹੀਂ ਕੀਤੀ ।**




ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਦੀ ਰਿਪੋਰਟ ਉਪਰੰਤ 8 ਮਾਰਚ 2019 ਨੂੰ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਕੀਲ ਐਚ ਸੀ ਅਰੋੜਾ ਰਾਹੀਂ ਅਦਾਲਤ ਵਿਚ ਪਟੀਸ਼ਨ ਪਾਈ ਸੀ। ਸਾਕਾ ਨਕੋਦਰ ਸਬੰਧੀ ਕੇਸ (**CRM-M-10715-2019: BALDEV SINGH Vs STATE OF PUNJAB AND OTHERS** ) ਦੀ 10 ਜੁਲਾਈ 2019 ਨੂੰ ਸੁਣਵਾਈ ਸਮੇ ਸੂਬਾ ਗ੍ਰਿਹ ਵਿਭਾਗ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜਸਟਿਸ ਮਹਾਂਬੀਰ ਸਿੰਘ ਸਿੰਧੂ ਦੇ ਬੇਂਚ ਕੋਲ ਮੰਨਿਆਂ ਹੈ ਕਿ **ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਹਿੱਸਾ ਸੂਬਾ ਗ੍ਰਹਿ ਵਿਭਾਗ ਦੇ ਰਿਕਾਰਡ ਵਿੱਚੋਂ ਗੁੰਮ ਹੈ ।**

ਜਸਟਿਸ ਮਹਾਂਬੀਰ ਸਿੰਘ ਸਿੰਧੂ ਦੇ ਬੇਂਚ ਨੇ 22 ਜੁਲਾਈ 2019 ਨੂੰ ਪਟੀਸ਼ਨ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ, ਪੰਜਾਬ ਗ੍ਰਿਹ ਵਿਭਾਗ, ਨਾਲ ਤਤਕਾਲੀ ਜਲਿਾ ਮੈਜਿਸਟ੍ਰੇਟ ਅਤੇ ਮੌਜੂਦਾ ਅਕਾਲੀ ਆਗੂ ਦਰਬਾਰਾ ਸਿੰਘ ਗੁਰੂ, ਤਤਕਾਲੀ ਐਸਐਸਪੀ ਮੁਹੰਮਦ ਇਜ਼ਹਾਰ ਆਲਮ ਅਤੇ ਸੀ ਆਰ ਪੀ ਦੇ ਤਤਕਾਲੀ ਐਸਪੀ (ਅਪਰੇਸ਼ਨ) ਅਸ਼ਵਨੀ ਕੁਮਾਰ ਸ਼ਰਮਾ ਨੂੰ ਨੋਟਿਸ ਜਾਰੀ ਕਰ ਜਵਾਬ ਤਲਬ ਕੀਤਾ ਹੈ। ਕਾਬਲੇ ਗੌਰ ਹੈ ਕਿ **ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੇਸ ਸੰਬੰਧੀ 22 ਜੁਲਾਈ 2019 ਨੂੰ ਨੋਟਿਸ ਜਾਰੀ ਹੋਣ ਤੋਂ ਬਾਅਦ ਅਜੇ ਤੱਕ ਕੋਈ ਵੀ ਸੁਣਵਾਈ ਨਹੀਂ ਹੋਈ,** ਹਰ ਬਾਰ ਸੁਣਵਾਈ ਲਈ ਨਵੀਂ ਤਰੀਕ ਦੇ ਦਿੱਤੀ ਜਾਂਦੀ ਹੈ । **ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੇਸ ਸੰਬੰਧੀ ਅਗਲੀ ਸੁਣਵਾਈ 8 ਅਪ੍ਰੈਲ 2021 ਨੂੰ ਹੈ ।**

29 ਮਾਰਚ 1987 ਨੂੰ ਸ੍ਰੀ ਇੰਦਰਜੀਤ ਸਿੰਘ ਜੁਡੀਸ਼ਲ ਮੈਜਿਸਟ੍ਰੇਟ ਕਲਾਸ 1 ਨਕੋਦਰ ਵਲੋਂ ਪੁਲਿਸ ਥਾਣਾ ਨਕੋਦਰ ਦੇ ਇੰਸਪੈਕਟਰ ਜਸਕੀਰਤ ਸਿੰਘ ਵਲੋਂ 4 ਫਰਵਰੀ 1986 ਨੂੰ ਲਿਖੀ ਰਿਪੋਰਟ ਅ/ਧ 307/392/427/353/332/188/148/149/436/511 ਭ/ਦ 25/27-54-59 ਦੀ ਅਖਰਾਜ ਰਿਪੋਰਟ ਭਰੀ ਗਈ ਸੀ ਅਤੇ 4 ਜਨਵਰੀ 1988 ਨੂੰ ਸ੍ਰੀ ਇੰਦਰਜੀਤ ਸਿੰਘ ਜੁਡੀਸ਼ਲ ਮੈਜਿਸਟ੍ਰੇਟ ਕਲਾਸ 1 ਨਕੋਦਰ ਦੇ ਹੁਕਮਾਂ ਤੇ ਇਹ ਅਖਰਾਜ ਰਿਪੋਰਟ ਦਾਖਲ ਦਫਤਰ ਕੀਤੀ ਗਈ ਸੀ । **ਹੈਰਾਨਗੀ ਇਸ ਗੱਲ ਦੀ ਹੈ ਕਿ ਇਹ ਫੈਸਲੇ ਦੀ ਫਾਇਲ ਅਤੇ ਇਸ ਨਾਲ ਨੱਥੀ ਸਾਕਾ ਨਕੋਦਰ ਬੇਅਦਬੀ ਕਾਂਡ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਅਦਾਲਤ ਦੇ ਰਿਕਾਰਡ ਵਿਚੋਂ ਗਾਇਬ ਹੈ ।** ਸ੍ਰੀ ਇੰਦਰਜੀਤ ਸਿੰਘ ਹਾਈਕੋਰਟ ਦੇ ਜੱਜ ਵਜੋਂ 23 ਅਕਤੂਬਰ 2019 ਨੂੰ ਸੇਵਾ ਮੁਕਤ ਹੋਏ ਹਨ ।

ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਪਿਤਾ ਸਰਦਾਰ ਬਲਦੇਵ ਸਿੰਘ ਨੇ 12 ਦਸੰਬਰ 2018 ਨੂੰ ਪੰਜਾਬ ਰਾਜਪਾਲ ਕੋਲ ਸ਼ਿਕਾਇਤ ਨੰਬਰ **GRHPB/E/2018/00224** ਦਰਜ ਕਰਵਾਈ ਸੀ ਕਿ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਨੂੰ 1986 ਵਿਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜੋ ਕਿ ਪੰਜਾਬ ਸਰਕਾਰ ਕੋਲ 31 ਅਕਤੂਬਰ 1986 ਤੋਂ ਹੈ ਨਹੀਂ ਦੇ ਰਹੀ। **ਰਾਜ ਭਵਨ ਨੇ ਇਹ ਸ਼ਕਾਇਤ ਰੱਦ ਹੋਈ ਐੱਫ ਆਈ ਆਰ ਦੀ ਕਾਪੀ ਦੇ ਕੇ 20 ਫਰਵਰੀ 2020 ਨੂੰ ਇਹ ਕਹਿਕੇ ਬੰਦ ਕਰ ਦਿੱਤੀ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਉਨਾਂ ਦੇ ਰਿਕਾਰਡ ਵਿੱਚ ਨਹੀਂ ਹੈ ।**

8 ਮਈ 2019 ਨੂੰ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੇ ਇੰਡੀਆ ਨਿਊਜ਼ ਪੰਜਾਬ ਟੀ ਵੀ ਚੈਨਲ ਨਾਲ ਗੱਲ ਕਰਦਿਆਂ ਘੋਸ਼ਣਾ ਕੀਤੀ ਸੀ ਕਿ ਪੰਜਾਬ ਸਰਕਾਰ ਨੇ 1986 ਵਿਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦੇ ਇਨਸਾਫ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਕਾਰਵਾਈ ਕਰਨ ਲਈ ਇਹ ਕੇਸ ਦੋਬਾਰਾ ਖੁਲਵਾ ਦਿੱਤਾ ਗਿਆ ਹੈ ।

**https://youtu.be/ezsaLkd-pPU://./-**

**16 -17 ਫਰਵਰੀ 2020 ਨੂੰ ਪੰਜਾਬ ਵਿਧਾਨ ਸਭਾ ਦੇ ਸੈਸਨ ਵਿੱਚ ਲੋਕ ਇਨਸਾਫ ਪਾਰਟੀ ਦੇ ਐੱਮ ਐਲ ਏ ਸਿਮਰਜੀਤ ਸਿੰਘ ਬੈਂਸ ਵੱਲੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਨੂੰ ਇਹ ਸਵਾਲ ਪੁੱਛਣ ਲਈ ਵਿਧਾਨ ਸਭਾ ਵਿੱਚ ਸਟਾਰਡ ਸਵਾਲ ਦਰਜ ਕਰਵਾਏ ਸਨ :**

(ੳ) ਕੀ ਇਹ ਠੀਕ ਹੈ, ਕਿ ਮੁੱਖ ਮੰਤਰੀ ਪੰਜਾਬ ਦੁਬਾਰਾ 1986 ਵਿੱਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦਾ ਕੇਸ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਅਨੁਸਾਰ ਕਾਰਵਾਈ ਕਰਨ ਲਈ ਦੋਬਾਰਾ ਖੁਲਵਾ ਦਿੱਤਾ ਗਿਆ ਹੈ, ਜੇਕਰ ਅਜਿਹਾ ਹੋਵੇ, ਤਾਂ ਮਿਤੀ ਅੰਤ ਤੱਕ ਇਸ ਤੇ ਕੀਤੀ ਕਾਰਵਾਈ ਦੇ ਵੇਰਵੇ ਕੀ ਹਨ ?

(ਅ) ਕੀ ਇਹ ਵੀ ਠੀਕ ਹੈ, ਕਿ ਉਪਰੋਕਤ ਭਾਗ (ੳ) ਵਿੱਚ ਵਰਣਨ ਸਾਕਾ ਨਕੋਦਰ ਬੇਅਦਬੀ ਕਾਂਡ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਭਾਗ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਵਿੱਚ ਮੌਜੂਦ ਨਹੀਂ ਹੈ, ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ ਕੀ ਹਨ ?

(ੲ) ਕੀ ਇਹ ਠੀਕ ਹੈ, ਕਿ 1986 ਵਿੱਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦਾ ਕੇਸ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਭਾਗ ਗ੍ਰਿਹ ਵਿਭਾਗ, ਪੰਜਾਬ ਦੇ ਰਿਕਾਰਡ ਵਿੱਚੋਂ ਗਾਇਬ ਹੈ, ਜੇਕਰ ਅਜਿਹਾ ਹੋਵੇ, ਤਾਂ ਕੀ ਪੰਜਾਬ ਸਰਕਾਰ ਦੁਆਰਾ ਇਸ ਸੰਬੰਧੀ ਕੋਈ ਜਾਂਚ ਕਰਵਾਈ ਗਈ ਹੈ ?

(ਅ) ਜੇਕਰ ਉਪਰੋਕਤ ਭਾਗ (ੲ) ਵਿੱਚ ਵਰਣਨ ਗੁੰਮ ਹੋਏ ਰਿਕਾਰਡ ਦੇ ਸੰਬੰਧ ਵਿੱਚ ਪੰਜਾਬ ਸਰਕਾਰ ਦੁਆਰਾ ਕੋਈ ਜਾਂਚ ਕਰਵਾਈ ਗਈ ਹੈ, ਤਾਂ ਇਸਦੇ ਨਤੀਜੇ ਕੀ ਹਨ ?

(ੳ) ਕੀ ਇਹ ਠੀਕ ਹੈ, ਕਿ 4 ਫਰਵਰੀ, 1986 ਨੂੰ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਪੁਲਿਸ ਥਾਣਾ ਨਕੋਦਰ ਵਿਖੇ ਲਿਖੀ ਗਈ ਰਿਪੋਰਟ ਨੂੰ 4 ਜਨਵਰੀ 1988 ਨੂੰ ਜੁਡੀਸ਼ਲ ਮੈਜਿਸਟ੍ਰੇਟ ਕਲਾਸ 1 ਦੇ ਹੁਕਮਾਂ ਅਨੁਸਾਰ ਦਾਖਲ ਦਫਤਰ ਕਰ ਦਿੱਤਾ ਗਿਆ ਸੀ ?

(ਅ) ਕੀ ਇਹ ਵੀ ਠੀਕ ਹੈ, ਕਿ ਉਪਰੋਕਤ ਭਾਗ (ੳ) ਵਿੱਚ ਵਰਣਨ ਰਿਪੋਰਟ ਨੂੰ ਦਾਖਲ ਦਫਤਰ ਕਰਨ ਦੇ ਫੈਸਲੇ ਅਤੇ ਇਸ ਨਾਲ ਨੱਥੀ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਅਦਾਲਤ ਦੇ ਰਿਕਾਰਡ ਵਿੱਚੋਂ ਗਾਇਬ ਹੈ ; ਕੀ ਰਿਪੋਰਟ ਦੇ ਅਦਾਲਤੀ ਰਿਕਾਰਡ ਵਿੱਚੋਂ ਗੁੰਮ ਹੋਣ ਸੰਬੰਧੀ ਸਰਕਾਰ ਨੇ ਕੋਈ ਜਾਂਚ ਕਾਰਵਾਈ ਹੈ, ਜੇਕਰ ਅਜਿਹਾ ਹੋਵੇ, ਤਾਂ ਇਸਦੇ ਸਿੱਟੇ ਕੀ ਹਨ ?

(ੲ) ਕੀ ਪੰਜਾਬ ਸਰਕਾਰ ਸਾਕਾ ਨਕੋਦਰ ਬੇਅਦਬੀ ਕਾਂਡ ਦੇ ਪੀੜਤਾਂ ਨੂੰ ਪਹਿਲ ਦੇ ਅਧਾਰ ਤੇ ਇਨਸਾਫ ਦਿਵਾਉਣ ਲਈ ਕਾਰਵਾਈ ਕਰੇਗੀ ?

**ਪਰ ਵਿਧਾਨ ਸਭਾ ਦੇ ਸ਼ੈਸ਼ਨ ਸ਼ੁਰੂ ਹੋਣ ਮੌਕੇ ਇਹ ਸਵਾਲ ਅਨ-ਸਟਾਰਡ ਕਰ ਦਿੱਤੇ ਗਏ ਤੇ ਅਜੇ ਤੱਕ ਇਸਦਾ ਕੋਈ ਜਵਾਬ ਨਹੀਂ ਦਿੱਤਾ।**

20 ਫਰਵਰੀ 2020 ਨੂੰ ਰਾਜਪਾਲ ਪੰਜਾਬ ਵਲੋਂ ਸ਼ਕਾਇਤ ਰੱਦ ਹੋਣ ਦੇ ਵਿਰੋਧ ਵਿੱਚ ਬਾਪੂ ਬਲਦੇਵ ਸਿੰਘ ਜੀ ਨੇ 11 ਮਾਰਚ 2020 ਨੂੰ ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਸ਼ਿਕਾਇਤ ਨੰਬਰ **PRSEC/E/2020/05156** ਦਰਜ ਕਰਵਾਈ ਸੀ ਕਿ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਨੂੰ 1986 ਵਿਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜੋ ਕਿ ਪੰਜਾਬ ਸਰਕਾਰ ਕੋਲ 31 ਅਕਤੂਬਰ 1986 ਤੋਂ ਹੈ ਨਹੀਂ ਦੇ ਰਹੀ। ਪਰ ਅਫਸੋਸ ਰਾਸ਼ਟਰਪਤੀ ਸਕੱਤਰੇਤ ਨੇ ਇਹ ਸ਼ਕਾਇਤ ਅਗਲੇ ਹੀ ਦਿਨ 12 ਮਾਰਚ 2020 ਨੂੰ ਵਿੰਨੀ ਮਹਾਜਨ, ਮੁੱਖ ਸਕੱਤਰ ਪੰਜਾਬ ਨੂੰ ਅਗਲੀ ਕਾਰਵਾਈ ਲਈ ਅੱਗੇ ਤੋਰ ਦਿੱਤੀ। ਮੁੱਖ ਸਕੱਤਰ ਜੋ ਰਾਜਪਾਲ ਪੰਜਾਬ ਦੇ ਮੁਤਾਹਿਤ ਕੰਮ ਕਰਦਾ ਹੈ ਤੋਂ ਅਸੀਂ ਕਿਸ ਕਾਰਵਾਈ ਦੀ ਆਸ ਰੱਖੀਏ।

18 ਮਾਰਚ 2020 ਨੂੰ ਸੁਖਦੇਵ ਸਿੰਘ ਢੀਂਡਸਾ ਮੈਂਬਰ ਪਾਰਲੀਮੈਂਟ ਰਾਜ ਸਭਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖਕੇ ਫ਼ਿਕ ਜ਼ਾਹਰ ਕੀਤਾ ਸੀ ਕਿ ਰਿਪੋਰਟ ਦਾ ਦੂਸਰਾ ਹਿੱਸਾ ਸਾਜ਼ਿਸ਼ ਅਧੀਨ ਗਾਇਬ ਕਰਵਾਇਆ ਗਿਆ ਹੈ, ਉਨਾਂ ਨੇ ਪੰਜਾਬ ਸਰਕਾਰ ਤੋਂ ਇਸ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਸੀ।

23 ਜੁਲਾਈ 2020 ਨੂੰ ਚੌਧਰੀ ਸੰਤੋਖ ਸਿੰਘ ਮੈਂਬਰ ਪਾਰਲੀਮੈਂਟ ਲੋਕ ਸਭਾ ਨੇ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖਕੇ ਉਨਾਂ ਨੂੰ ਮਈ 2019 ਦੀਆਂ ਪਾਰਲੀਮਾਨੀ ਚੋਣਾਂ ਮੌਕੇ ਸਾਕਾ ਨਕੋਦਰ ਦਾ ਇਨਸਾਫ਼ ਕਰਨ ਦਾ ਜਨਤਿਕ ਵਾਅਦਾ ਪੂਰਾ ਕਰਨ ਦੀ ਯਾਦਹਾਨੀ ਕਾਰਵਾਈ ਸੀ। ਮੁੱਖ ਮੰਤਰੀ ਪੰਜਾਬ ਵਲੋਂ ਇਸ ਸੰਬੰਧੀ ਕਿਸੇ ਵੀ ਠੋਸ ਕਾਰਵਾਈ ਦਾ ਸੰਕੇਤ ਨਹੀਂ ਮਿਲਿਆ, ਕੈਪਟਨ ਅਮਰਿੰਦਰ ਸਿੰਘ ਵਲੋਂ ਸਾਕਾ ਨਕੋਦਰ ਦੇ ਇਨਸਾਫ਼ ਦੇ ਕੀਤੇ ਦਾਅਵੇ ਹੁਣ ਤੱਕ ਖੋਖਲੇ ਹੀ ਸਾਬਿਤ ਹੋਏ ਹਨ ।

ਕੋਟਕਪੂਰਾ ਤੋਂ ਆਪ ਦੇ ਐੱਮ ਐੱਲ ਏ ਸਰਦਾਰ ਕੁਲਤਾਰ ਸਿੰਘ ਜੀ ਸੰਧਵਾਂ ਨੇ 22 ਜਨਵਰੀ 2021 ਨੂੰ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਪੰਜਾਬ ਨੂੰ ਚਿੱਠੀ ਲਿਖ ਕੇ ਜ਼ੋਰਦਾਰ ਮੰਗ ਕੀਤੀ ਹੈ ਕਿ 35 ਸਾਲਾਂ ਤੋਂ ਸਾਕਾ ਨਕੋਦਰ ਦੇ ਇਨਸਾਫ ਲਈ ਸ਼ੰਘਰਸ਼ ਕਰ ਰਹੇ ਮਾਪਿਆਂ ਦੇ ਰਿਸਦੇ ਜ਼ਖ਼ਮਾਂ ਤੇ ਮਰਮ ਲਾਉਣ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਤੇ ਤੁਰੰਤ ਕਾਰਵਾਈ ਕੀਤੀ ਜਾਵੇ ।

**ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਪਿਛਲੇ 35 ਸਾਲਾਂ ਤੋਂ ਸਮੇ ਦੀਆਂ ਸਰਕਾਰਾਂ ਨੇ ਕਾਤਲਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਹੀ ਕੀਤੀਆਂ ਹਨ ਅਤੇ ਰਿਪੋਰਟ ਤੇ ਕੋਈ ਕਾਰਵਾਈ ਨਹੀਂ ਕੀਤੀ ।**



**ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ**
**ਸਰੀ, ਕੈਨੇਡਾ**

# ਸਨਅਤੀ ਘਰਾਣਿਆਂ ਦਾ ਰਾਜਨੀਤੀ ਉੱਪਰ ਪ੍ਰਭਾਵ ਮਜ਼ਬੂਤ

## ✪ ਭਾਰਤੀ ਰਾਜਤੰਤਰ ਖੇਤੀ ਤੇ ਪੇਂਡੂ ਖੇਤਰ ਨੂੰ ਰਾਜਨੀਤਿਕ ਹਿੱਤਾਂ ਲਈ ਵਰਤਣ ਵਿਚ ਰੁੱਝਿਆ ✪ ਸਰਕਾਰੀ ਨੀਤੀਆਂ ਕਾਰਨ ਕਿਰਸਾਨੀ ਅੱਜ ਵੀ ਸਮੇਂ ਦੀ ਹਾਣੀ ਨਹੀਂ ਬਣੀ



**- ਰਣਜੀਤ ਸਿੰਘ ਕੁਕੀ**

ਪੇਂਡੂ ਸੱਭਿਅਤਾ ਲੰਮੇ ਸਮੇਂ ਤੋਂ ਭਾਰਤ ਦਾ ਵਿਸ਼ੇਸ਼ ਹਿੱਸਾ ਰਹੀ ਹੈ ਅਤੇ ਇਸ ਨਾਲ ਇਕ ਤਰਾਂ ਦਾ ਰੋਮਾਂਚਕ ਪੱਖ ਵੀ ਜੋੜਿਆ ਜਾਂਦਾ ਹੈ। ਬਸਤੀਵਾਦੀ ਸੱਤਾ ਨੇ ਵੀ ਭਾਰਤ ਨੂੰ ਨਾ ਬਦਲਣ ਵਾਲੇ ਸਦੀਵੀ ਪੇਂਡੂ ਸਮਾਜ ਦੇ ਤੌਰ ਤੇ ਪਰਿਭਾਸ਼ਿਤ ਕੀਤਾ। ਗਾਂਧੀ ਜਿਹੇ ਰਾਸ਼ਟਰਵਾਦੀ ਨੇਤਾਵਾਂ, ਸਮਾਜਵਾਦੀਆਂ ਅਤੇ ਹਿੰਦੂ ਰਾਸ਼ਟਰਵਾਦੀਆਂ ਨੇ ਵੀ ਅਧਿਆਤਮਕ ਪੇਂਡੂ ਪੱਖ ਦੀ ਸਰਵਉੱਚਤਾ ਸਾਬਿਤ ਕਰਨ ਲਈ ਇਸੇ ਬਿਰਤਾਂਤ ਦਾ ਅਨੁਸਰਨ ਕੀਤਾ ਅਤੇ ਉਦਯੋਗਿਕ ਅਤੇ ਭੌਤਿਕਵਾਦੀ ਯੂਰੋਪ ਨੂੰ ਆਲੋਚਨਾ ਦਾ ਸ਼ਿਕਾਰ ਬਣਾਇਆ। ਭਾਰਤ ਨੇ ਕਦੇ ਵੀ ਉਹ ਸਮਾਜਿਕ ਅਤੇ ਆਰਥਿਕ ਵਿਕਾਸ ਨਹੀਂ ਕੀਤਾ ਜਿਸ ਦੀ ਜੀਵਿਕਾ ਚਲਾਉਣ ਤੋਂ ਉੱਪਰ ਕੋਈ ਹੋਂਦ ਹੋਵੇ। ਅਜ਼ਾਦੀ ਤੋਂ ਬਾਅਦ ਵੀ ਭਾਰਤੀ ਰਾਜਤੰਤਰ ਖੇਤੀ ਅਤੇ ਪੇਂਡੂ ਖੇਤਰ ਨੂੰ ਰਾਜਨੀਤਿਕ ਹਿੱਤਾਂ ਲਈ ਵਰਤਣ ਵਿਚ ਹੀ ਰੁੱਝਿਆ ਰਿਹਾ। ਇਸ ਨੇ ਪੇਂਡੂ ਜੀਵਨ ਦਾ ਪੱਧਰ ਉੱਚਾ ਚੁੱਕਣ ਅਤੇ ਇਸ ਨੂੰ ਸ਼ਹਿਰੀ ਖੇਤਰਾਂ ਦੇ ਬਰਾਬਰ ਲੈ ਕੇ ਆਉਣ ਦੀ ਦਿਸ਼ਾ ਵੱਲ ਕੋਈ ਕੰਮ ਨਹੀਂ ਕੀਤਾ। 73 ਸਾਲਾਂ ਬਾਅਦ ਵੀ ਪਿੰਡ ਅਤੇ ਖੇਤੀ ਅੱਜ ਵੀ ਮੁੱਢਲੀਆਂ ਲੀਹਾਂ ਤੇ ਹੀ ਹਨ। ਸ਼ਹਿਰੀਕਰਨ ਵਿਕਾਸ ਕੇਂਦਰਿਤ ਨੀਤੀਆਂ ਦੇ ਅਧੀਨ ਹੋ ਕੇ ਵੀ ਮੁੱਢਲੀਆਂ ਸਹੂਲਤਾਂ ਜਿਵੇਂ ਵਿੱਦਿਆ ਅਤੇ ਸਿਹਤ ਸੇਵਾਵਾਂ ਤੋਂ ਪਿੰਡ ਅੱਜ ਵੀ ਕੋਹਾਂ ਦੂਰ ਹਨ। ਸਮੂਹ ਸਰਕਾਰਾਂ ਦੇ ਵਿਕਾਸ ਦਾ ਕੇਂਦਰ ਖੇਤੀ, ਮਨੁੱਖੀ ਵਿਕਾਸ ਅਤੇ ਕੁਦਰਤੀ ਸੰਭਾਲ ਤੋਂ ਹਟ ਕੇ ਸੰਗਠਿਤ ਸਨਅਤੀ ਘਰਾਣਿਆਂ ਵੱਲ ਅਤੇ ਸ਼ਹਿਰੀ ਪੱਖੀ ਹੀ ਰਿਹਾ ਹੈ। ਇਸ ਕਰਕੇ ਕਿਰਸਾਨੀ ਅੱਜ ਵੀ ਸਮੇਂ ਦੀ ਹਾਣੀ ਨਹੀਂ ਬਣ ਸਕੀ ਜਦਕਿ ਭਾਰਤ ਅੱਜ ਵੀ ਸੰਸਾਰਿਕ ਭੁੱਖਮਰੀ ਦੇ ਸੂਚਕ ਅੰਕ ਮੁਤਾਬਿਕ 107 ਦੇਸ਼ਾਂ ਵਿਚੋਂ 94ਵੇਂ ਸਥਾਨ ਤੇ ਹੈ।

ਰਾਜਨੀਤਿਕ ਦ੍ਰਿਸ਼ ਨੂੰ ਮੁੜ ਅਕਾਰ ਦੇਣ ਲਈ ਮੌਜੂਦਾ ਸਰਕਾਰ ਨੇ ਸੱਤਾ ਦਾ ਧੁਰਾ ਸ਼ਹਿਰੀ ਖੇਤਰ ਵੱਲ ਕਰਨ ਤੇ ਜ਼ੋਰ ਦਿੱਤਾ ਹੈ। ਖੇਤੀਬਾੜੀ ਨੂੰ ਨਿੱਜੀ ਖੇਤਰ ਅਤੇ ਕਿਸਾਨਾਂ ਨੂੰ ਨਿੱਜੀ ਉਤਪਾਦਕ ਮੰਨ ਕੇ, ਤਾਂਕਿ ਸਰਕਾਰ ਨੂੰ ਇਸ ਵਿਚ ਕੋਈ ਭੂਮਿਕਾ ਨਾ ਅਦਾ ਕਰਨੀ ਪਵੇ, ਇਸ ਨੇ ਖੇਤੀਬਾੜੀ ਦੇ ਕਾਰਜ ਖੇਤਰ ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ। ਇਸ ਨੇ ਸਾਰਾ ਧਿਆਨ ਸ਼ਹਿਰੀ ਸ਼ਾਸਨ ਪ੍ਰਣਾਲੀ ਵੱਲ ਹੀ ਮੋੜ ਦਿੱਤਾ ਹੈ, ਕਿਉਂਕਿ ਸ਼ਹਿਰੀ ਖੇਤਰਾਂ ਨੇ ਹੀ ਹੁਣ ਰਾਜਨੀਤਿਕ ਸੱਤਾ ਅਖ਼ਤਿਆਰ ਕਰ ਲਈ ਹੈ। ਇਸ ਨੇ ਪੇਂਡੂ ਖੇਤਰ ਦੀ ਰਾਜਨੀਤਿਕ ਸੱਤਾ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਇਸੇ ਦਾ ਹੀ ਨਤੀਜਾ ਨਵੇਂ ਖੇਤੀ ਕਾਨੂੰਨ ਹਨ। ਪੇਂਡੂ ਤੋਂ ਸ਼ਹਿਰੀ ਖੇਤਰ ਤੱਕ ਸੱਤਾ ਦੇ ਧੁਰੇ ਵਿਚ ਨੱਬਿਆਂ ਤੋਂ ਬਾਅਦ ਹੌਲੀ-ਹੌਲ਼ੀ ਬਦਲਾਅ ਆਇਆ ਹੈ। ਇਸ ਸਮੇਂ ਤੋਂ ਹੀ ਭਾਰਤ ਨੇ ਆਪਣੀਆਂ ਨੀਤੀਆਂ ਵਿਚ ਤਬਦੀਲੀ ਕਰਦੇ ਹੋਏ ਨਵ-ਉਦਾਰਵਾਦ, ਵਿਸ਼ਵੀਕਰਨ, ਨਿੱਜੀਕਰਨ ਨੂੰ ਹੀ ਮੁੱਖ ਅਧਾਰ ਬਣਾ ਲਿਆ। ਇਹਨਾਂ ਨੀਤੀਆਂ ਰਾਹੀਂ ਹੀ ਕਿਸਾਨੀ ਅਰਥਚਾਰੇ ਨੂੰ ਸਰਕਾਰੀ ਕੰਟਰੋਲ ਤੋਂ ਅਜ਼ਾਦ ਕਰਨਾ ਵੀ ਇਕ ਉਦੇਸ਼ ਸੀ ਤਾਂ ਜੋ ਕਿਸਾਨੀ ਨੂੰ ਪੂੰਜੀਵਾਦ ਦੇ ਹਵਾਲੇ ਕਰ ਦਿੱਤਾ ਜਾਵੇ। ਪਰ ਮੋਦੀ ਦੇ ਰਾਜ ਵਿਚ ਬਹੁ-ਰਾਸ਼ਟਰੀ ਕੰਪਨੀਆਂ ਅਤੇ ਸੰਗਠਿਤ ਖੇਤਰ ਨਾਲ ਭਾਈਵਾਲੀ ਸਦਕਾ ਇਹ ਗੱਠਜੋੜ ਹੋਰ ਜ਼ਿਆਦਾ ਮਜ਼ਬੂਤ ਹੋਇਆ ਹੈ। ਇਸ ਨਾਲ ਸੰਗਠਿਤ ਅਤੇ ਸਨਅਤੀ ਘਰਾਣਿਆਂ ਦਾ ਰਾਜਨੀਤਿਕ ਪ੍ਰਭਾਵ ਵੀ ਮੁਕੰਮਲ ਹੋ ਗਿਆ ਹੈ।

ਖੇਤੀ ਖ਼ਿੱਤੇ ਨੂੰ ਨਿੱਜੀ ਖੇਤਰ ਵਿਚ ਬਦਲਣ ਲਈ ਸਰਕਾਰ ਨੂੰ ਇਸ ਨੂੰ ਉਦਯੋਗਿਕ ਇਕਾਈਆਂ ਦੇ ਬਰਾਬਰ ਲੈ ਕੇ ਆਉਣ ਲਈ ਪੁਰਜ਼ੋਰ ਕੋਸ਼ਿਸ਼ ਕਰਨੀ ਪਵੇਗੀ। ਨਿੱਜੀ ਖੇਤਰ ਦੀ ਤਰਾਂ ਹੀ ਕਰਜ਼ੇ ਮਾਫ਼ ਕਰਨੇ ਪੈਣਗੇ ਅਤੇ ਕਈ ਲਾਭ ਦੇਣੇ ਪੈਣਗੇ। ਇਸ ਦੇ ਲਈ ਕਿਸਾਨਾਂ ਦਾ ਵਿਸ਼ਵਾਸ ਜਿੱਤਣਾ ਬਹੁਤ ਅਹਿਮ ਹੈ ਤਾਂ ਹੀ ਖੇਤੀ ਖੇਤਰ ਵਿਚ ਯਕੀਨਨ ਤਬਦੀਲੀ ਲਿਆਂਦੀ ਜਾ ਸਕੇ ਅਤੇ ਕਿਸਾਨੀ ਨੂੰ ਸਨਅਤੀ ਅਤੇ ਸੰਗਠਿਤ ਘਰਾਣਿਆਂ ਦੇ ਸੰਸਿਆਂ, ਸ਼ੰਕਿਆਂ ਅਤੇ ਤੌਖਲਿਆਂ ਤੋਂ ਰਾਹਤ ਮਿਲ ਸਕੇ। ਖੇਤੀ ਖ਼ਿੱਤੇ ਦਾ ਨਿੱਜੀਕਰਨ ਕਰਨ ਲਈ ਲਿਆਂਦੇ ਗਏ ਮੌਜੂਦਾ ਕਾਨੂੰਨ ਪਹਿਲਾਂ ਦੀਆਂ ਸਰਕਾਰਾਂ ਅਤੇ ਉਨਾਂ ਦੀ ਰਾਜਨੀਤਿਕ ਵਿਰਾਸਤ ਦਾ ਹੀ ਸਿੱਟਾ ਹਨ। ਨਿੱਜੀਕਰਨ ਅਤੇ ਉਦਾਰੀਕਰਨ ਨੂੰ ਲੈ ਕੇ ਰਾਜਨੀਤਿਕ ਪਾਰਟੀਆਂ ਦਾ ਰਵੱਈਆ ਬਦਲਦਾ ਰਿਹਾ ਹੈ। ਅਜ਼ਾਦੀ ਤੋਂ ਬਾਅਦ ਪੇਂਡੂ ਖੇਤਰ, ਜੋ ਕਿ ਭਾਰਤ ਦਾ ਪਚਾਸੀ ਪ੍ਰਤੀਸ਼ਤ ਹਿੱਸਾ ਬਣਦਾ ਸੀ, ਅਣਗਹਿਲੀ ਦਾ ਹੀ ਸ਼ਿਕਾਰ ਰਿਹਾ ਹੈ ਅਤੇ ਇਸ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪਿਆ ਹੈ। ਹਰੀ ਕ੍ਰਾਂਤੀ ਨੇ ਕੁਝ ਹਿੱਸਿਆਂ ਵਿਚ ਕੁਝ ਹੱਦ ਤੱਕ ਇਨਾਂ ਮੁਸ਼ਕਿਲਾਂ ਦਾ ਹੱਲ ਕੀਤਾ, ਪਰ ਇਸ ਨਾਲ ਸਬੰਧਿਤ ਸੁਧਾਰਾਂ ਨੂੰ ਚੰਗੀ ਤਰਾਂ ਲਾਗੂ ਕਰਨ ਦੀ ਨੀਤੀ ਤੇ ਕੰਮ ਨਹੀਂ ਕੀਤਾ ਗਿਆ। ਇਸ ਨਾਲ ਸ਼ੁਰੂਆਤੀ ਲਾਭ ਤਾਂ ਹੋਏ, ਪਰ ਇਸ ਦੇ ਕੋਈ ਚਿਰ ਸਥਾਈ ਨਤੀਜੇ ਨਹੀਂ ਨਿਕਲ ਸਕੇ। ਨਤੀਜਾ, ਪੰਜਾਬ, ਜੋ ਕਿ ਹਰੀ ਕ੍ਰਾਂਤੀ ਦਾ ਧੁਰਾ ਸੀ, ਘਣੇ ਫ਼ਸਲੀ ਚੱਕਰ, ਕਰਜ਼ਿਆਂ ਦੇ ਜਾਲ ਅਤੇ ਅਣਉਪਜਾਊ ਭੂਮੀ ਜਿਹੀਆਂ ਸਮੱਸਿਆਵਾਂ ਨਾਲ ਘਿਰ ਗਿਆ।

ਮੌਜੂਦਾ ਕਿਸਾਨੀ ਸੰਘਰਸ਼, ਜਿਸ ਨੇ ਮੋਦੀ ਦੇ ਕਿਲੇ ਨੂੰ ਢਾਹ ਲਾਈ ਹੈ, ਬਾਰੇ ਅਜੇ ਇਹ ਅਨਿਸ਼ਚਿਤਤਾ ਹੈ ਕਿ ਇਹ ਸਰਕਾਰ ਦੇ ਹੱਕ ਵਿਚ ਭੁਗਤੇਗਾ ਜਾਂ ਕਿਸਾਨਾਂ ਦੇ। ਅਹਿਮਦ ਜ਼ਫਰ ਦੇ ਸ਼ਬਦਾਂ ਵਿਚ,

**'ਕੌਨ ਡੁਬੇਗਾ ਕਿਸੇ ਪਾਰ ਉਤਰਨਾ ਹੈ ਜ਼ਫਰ,**
**ਫ਼ੈਸਲਾ ਵਕਤ ਕੇ ਦਰਿਆ ਮੇਂ ਉਤਰਕਰ ਹੋਗਾ'**

ਪਰ ਮਹੱਤਵਪੂਰਨ ਸੁਆਲ ਫਿਰ ਵੀ ਰਹਿ ਜਾਂਦਾ ਹੈ ਕਿ ਇਹ ਖੇਤੀ ਖ਼ਿੱਤੇ ਦੇ ਬੋਝ, ਕਰਜ਼ੇ, ਗ਼ਰੀਬੀ, ਖ਼ੁਦਕੁਸ਼ੀਆਂ, ਗੰਨਾ ਖੇਤਰ ਦਾ ਨਿੱਜੀਕਰਨ ਜਿਹੀਆਂ ਸਮੱਸਿਆਵਾਂ ਦਾ ਕੋਈ ਹੱਲ ਲੱਭ ਪਾਵੇਗਾ ? ਸਰਕਾਰ ਦੇ ਪੇਂਡੂ ਖੇਤਰ ਅਤੇ ਕਿਸਾਨਾਂ ਪ੍ਰਤੀ ਅਣਗਹਿਲੀ, ਹਠ ਅਤੇ ਅਸੰਵੇਦਨਸ਼ੀਲਤਾ ਵਾਲੇ ਰਵੱਈਏ ਕਰਕੇ ਹੀ ਮੌਜੂਦਾ ਗਤੀਰੋਧ ਪੈਦਾ ਹੋਇਆ ਹੈ।

ਖੇਤੀ ਖੇਤਰ ਦੀ ਅਵਿਵਸਥਾ ਇੰਨੀ ਡੂੰਘੀ ਹੋ ਗਈ ਹੈ ਕਿ ਲੰਮੇ ਸਮੇਂ ਤੋਂ ਹਰ ਸਾਲ ਦੋ ਹਜ਼ਾਰ ਤੋਂ ਲੈ ਕੇ ਪੱਚੀ ਸੌ ਤੱਕ ਪੇਂਡੂ ਘਰ ਖੇਤੀ ਤੋਂ ਦੂਰ ਹੋ ਰਹੇ ਹਨ ਅਤੇ ਸ਼ਹਿਰੀ ਖੇਤਰ ਵਿਚ ਰਹਿਣ ਦੀਆਂ ਥਾਵਾਂ ਲੱਭਣ ਲੱਗੇ ਹਨ। ਪਿਛਲੇ ਦਹਾਕੇ ਤੋਂ ਹੁਣ ਤੱਕ ਹਜ਼ਾਰਾਂ ਹੈਕਟੇਅਰ ਖੇਤੀ ਅਧੀਨ ਜ਼ਮੀਨ ਸ਼ਹਿਰੀ ਖੇਤਰ ਦੇ ਤੌਰ ਤੇ ਵਿਕਸਿਤ ਕੀਤੀ ਜਾ ਚੁੱਕੀ ਹੈ। ਵਿਕਾਸ ਦੀ ਇਸ ਪ੍ਰਕਿਰਿਆ ਵਿਚ ਪੰਜ ਕਰੋੜ ਤੋਂ ਵੀ ਜ਼ਿਆਦਾ ਪੇਂਡੂ ਲੋਕ ਵਿਸਥਾਪਿਤ ਹੋਏ ਹਨ। ਮੌਜੂਦਾ ਗਤੀਰੋਧ ਦੀ ਸਥਿਤੀ ਵਿਚ ਸਰਕਾਰ ਅਤੇ ਵਿਰੋਧ ਕਰ ਰਹੀਆਂ ਧਿਰਾਂ ਦੋਹਾਂ ਦੀ ਹੀ ਨਜ਼ਰ ਉੱਚੇ ਉਦੇਸ਼ਾਂ ਵੱਲ ਹੈ। ਸਰਕਾਰ ਆਪਣੀ ਜ਼ਿੱਦ 'ਤੇ ਅੜੀ ਹੋਈ ਹੈ ਅਤੇ ਦੂਜੇ ਪਾਸੇ ਆਪਣੇ ਵਿਸ਼ਵਾਸ ਅਤੇ ਤਸੱਵਰ ਕਰਕੇ ਕਿਸਾਨ ਵੀ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਟੱਲ ਖੜੇ ਹਨ। ਹੁਣ ਇਹ ਸੁਆਲ ਹੈ,

**'ਵੋ ਜ਼ਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ,**
**ਲਮਹੋਂ ਨੇ ਖ਼ਤਾ ਕੀ ਸਦੀਓਂ ਨੇ ਸਜ਼ਾ ਪਾਈ ਹੈ'**
**(ਮੁਜੱਫਰ ਰਜ਼ਮੀ)।**



ਇਸ ਸਭ ਦੇ ਵਿਚਕਾਰ ਸਿੱਖ ਧਰਮ ਫਿਰ ਤੋਂ ਸ਼ਕਤੀ ਸ੍ਰੋਤ ਦੇ ਰੂਪ ਵਿਚ ਉੱਭਰਿਆ ਹੈ। ਲੋਕਾਂ ਅਤੇ ਕਾਨੂੰਨਾਂ ਨਾਲ ਸਬੰਧਤ ਧਿਰਾਂ ਨੂੰ ਯਕੀਨ ਵਿਚ ਨਾ ਲੈ ਕੇ ਕਾਨੂੰਨ ਪਾਸ ਕਰਨਾ ਹਮੇਸ਼ਾ ਹੀ ਵਿਵਾਦਪੂਰਨ ਰਿਹਾ ਹੈ। ਭਾਰਤੀ ਸੰਵਿਧਾਨ ਦੇ ਮੁਤਾਬਿਕ ਕਿਸਾਨ ਪ੍ਰਤਿਰੋਧ ਕਰਨ ਦੇ ਆਪਣੇ ਹੱਕ ਦਾ ਇਸਤੇਮਾਲ ਕਰ ਰਹੇ ਹਨ। ਹਰ ਅੰਦੋਲਨ ਆਪਣੀ ਇਕ ਛਾਪ ਛੱਡ ਕੇ ਜਾਂਦਾ ਹੈ, ਪਰ ਉਸ ਦੇ ਲਈ ਯੋਗ ਅਤੇ ਸਮਰੱਥਾ ਵਾਲਾ ਨੇਤਾ ਵੀ ਓਨਾ ਹੀ ਜ਼ਰੂਰੀ ਹੈ ਜੋ ਕਿ ਸੱਤਾ ਢਾਂਚਿਆਂ ਸਾਹਵੇਂ ਲੱਖਾਂ ਲੋਕਾਂ ਦਾ ਇਕੱਠ ਕਰਕੇ ਆਪਣੇ ਅਵਾਜ਼ ਉਠਾ ਕੇ ਕਹਿ ਸਕੇ, 'ਮੇਰਾ ਇਕ ਸੁਪਨਾ ਹੈ।' ਇਸ ਤਰਾਂ ਦੀ ਮਜ਼ਬੂਤ ਅਵਾਜ਼ ਤੋਂ ਬਿਨਾਂ ਸੰਘਰਸ਼ ਆਪਣਾ ਰਾਸਤਾ ਤੈਅ ਨਹੀਂ ਕਰ ਪਾਉਂਦੇ। ਟਰੈਕਟਰਾਂ ਦਾ ਕਾਫ਼ਲਾ ਸੰਘਰਸ਼ਾਂ ਦੀਆਂ ਸਮਰਥਾਵਾਂ ਨੂੰ ਬਲ ਦੇ ਸਕਦਾ ਹੈ, ਪਰ ਇਹ ਵੀ ਸੱਚ ਹੈ ਕਿ ਸੰਘਰਸ਼ ਕਰਦੇ ਲੋਕ ਥੱਕ ਜਾਂਦੇ ਹਨ, ਬਿਮਾਰ ਪੈ ਜਾਂਦੇ ਹਨ, ਦਬਾਅ ਸਾਹਵੇਂ ਗੋਡੇ ਟੇਕ ਦਿੰਦੇ ਹਨ, ਜਦੋਂ ਕਿ ਸੱਤਾ ਅਜਿਹੀ ਦੀਵਾਰ ਹੈ ਜਿਸ ਵਿਚ ਸੇਧ ਲਾਉਣਾ ਸੌਖਾ ਕੰਮ ਨਹੀਂ ਹੈ। ਅਮਰੀਕਾ ਦੇ ਰਾਸ਼ਟਰਪਤੀ ਰਹਿ ਚੁੱਕੇ ਅਤੇ ਬੁੱਧੀਜੀਵੀ ਥਾਮਸ ਜੈਫਰਸਨ ਦਾ ਕਹਿਣਾ ਹੈ, 'ਜਦ ਗੱਲ ਵੇਗ/ਉਤਸ਼ਾਹ ਦੀ ਹੋਵੇ ਤਾਂ ਵਹਾਅ ਦੀ ਦਿਸ਼ਾ ਵੱਲ ਤੁਰੋ, ਜਦੋਂ ਗੱਲ ਸਿਧਾਂਤਾਂ ਦੀ ਹੋਵੇ ਤਾਂ ਚਟਾਨ ਬਣ ਜਾਵੋ।'

ਭਾਰਤ ਦਾ ਪ੍ਰਮੁੱਖ ਖੇਤੀ ਸੂਬਾ ਪੰਜਾਬ ਮੌਜੂਦਾ ਸੰਘਰਸ਼ ਦੀ ਅਗਵਾਈ ਕਰ ਰਿਹਾ ਹੈ। ਮੌਜੂਦਾ ਖੇਤੀ ਵਿਵਸਥਾ ਲੰਮੇ ਸਮੇਂ ਤੋਂ ਹੀ ਨਕਾਰਾ ਹੋ ਗਈ ਹੈ। ਇੱਥੋਂ ਤੱਕ ਕਿ ਮੰਡੀ ਵਿਵਸਥਾ ਵੀ ਖੇਤੀ ਖੇਤਰ ਦੇ ਪਤਨ, ਵਧਦੀਆਂ ਖ਼ੁਦਕੁਸ਼ੀਆਂ, ਡੂੰਘੇ ਹੁੰਦੇ ਪਾਣੀ ਦੇ ਪੱਧਰ, ਜ਼ਹਿਰੀਲੀ ਹੁੰਦੀ ਭੂਮੀ ਜਿਸ ਨੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨੂੰ ਪੈਦਾ ਕੀਤਾ ਹੈ, ਉੱਪਰ ਕੋਈ ਰੋਕ ਨਹੀਂ ਲਗਾ ਪਾਈ ਹੈ। ਖੇਤੀ ਖੇਤਰ ਅਤੇ ਇਸ ਨਾਲ ਜੁੜੇ ਕਾਮਿਆਂ ਨੂੰ ਜਿਊਂਦਾ ਰੱਖਣ ਲਈ ਇਸ ਵਿਚ ਵੱਡੇ ਪੱਧਰ 'ਤੇ ਸੁਧਾਰਾਂ ਦੀ ਲੋੜ ਹੈ। ਕਿਸੇ ਵੀ ਦੇਸ਼ ਵਿਚ ਸੰਵਿਧਾਨ ਸਰਵਉੱਚ ਪ੍ਰਮੁੱਖਤਾ ਰੱਖਦਾ ਹੈ। ਮੌਜੂਦਾ ਕਿਸਾਨੀ ਸੰਘਰਸ਼ ਦੇ ਦੌਰਾਨ ਸਰਵਉੱਚ ਅਦਾਲਤ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਪੱਧਰ 'ਤੇ ਖੇਤੀ ਕਾਨੂੰਨਾਂ ਅਤੇ ਉਨਾਂ ਦੀ ਸੰਵਿਧਾਨਿਕਤਾ ਦੀ ਨਿਰਪੱਖ ਜਾਂਚ ਕਰੇ। ਭਾਰਤੀ ਸੰਵਿਧਾਨ ਲੋਕਾਂ ਦੁਆਰਾ ਬਣਾਇਆ ਗਿਆ ਹੈ ਨਾ ਕਿ ਪਾਰਲੀਮਾਨੀ ਪ੍ਰਕਿਰਿਆਵਾਂ ਦੁਆਰਾ। ਇਸ ਕਰਕੇ ਇੱਥੇ ਸੰਵਿਧਾਨ ਸਰਵੋਪਰੀ ਸਥਾਨ ਰੱਖਦਾ ਹੈ। ਪਾਸ ਕੀਤੇ ਗਏ ਖੇਤੀ ਕਾਨੂੰਨ ਸੰਸਦ ਦੇ ਅਧਿਕਾਰ ਖੇਤਰ ਦੇ ਅਨੁਰੂਪ ਹਨ ਜਾਂ ਨਹੀਂ, ਅਤੇ ਕਾਨੂੰਨਾਂ ਦੀ ਵੈਧਤਾ ਬਾਰੇ ਕੋਈ ਟਿੱਪਣੀ ਕੀਤੇ ਬਿਨਾਂ ਨਿਆਂਪਾਲਿਕਾ ਇਨਾਂ 'ਤੇ ਕੋਈ ਰੋਕ ਲਗਾ ਸਕਦੀ ਹੈ ਜਾਂ ਨਹੀਂ, ਇਹ ਵੀ ਇਕ ਮਹੱਤਵਪੂਰਨ ਸੁਆਲ ਹੈ।

ਭਾਰਤ ਦੀ ਰਾਜਨੀਤਿਕ ਆਰਥਿਕਤਾ ਜਿਸ ਵਿਚ ਸਾਰਾ ਧਨ ਕੁਝ ਕੁ ਪਰਿਵਾਰਾਂ ਅਤੇ ਸੰਗਠਿਤ ਘਰਾਣਿਆਂ ਦੇ ਹੱਥਾਂ ਵਿਚ ਹੀ ਕੇਂਦਰਿਤ ਹੈ ਅਤੇ ਪੇਂਡੂ ਅਤੇ ਸ਼ਹਿਰੀ ਖੇਤਰ ਵਿਚ ਵੱਡਾ ਪਾੜਾ ਹੈ। ਮੌਜੂਦਾ ਕਿਸਾਨੀ ਸੰਘਰਸ਼ ਨੂੰ ਮਹਿਜ਼ ਖੇਤੀ ਸਬਸਿਡੀਆਂ, ਫ਼ਸਲੀ ਵਿਭਿੰਨਤਾ ਅਤੇ ਮੰਡੀ ਵਿਵਸਥਾ ਦੀਆਂ ਗੁੰਝਲਤਾਈਆਂ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ। ਸ਼ਹਿਰੀ ਕੁਲੀਨ ਵਰਗ ਇਸ ਨੂੰ ਮਹਿਜ਼ ਗ਼ੁੱਸੇ ਵਜੋਂ ਹੀ ਦੇਖਦਾ ਹੈ ਜੋ ਕਿ ਸਮਾਂ ਪੈਣ ਨਾਲ ਠੰਡਾ ਹੋ ਜਾਵੇਗਾ ਕਿਉਂਕਿ ਚੁਣਾਵੀ ਜਟਿਲਤਾ ਨੇ ਰਾਜਨੀਤਿਕ ਵਿਵਸਥਾ ਨੂੰ ਕਿਸੇ ਵੀ ਗ਼ੁੱਸੇ ਅਤੇ ਵਿਰੋਧ ਤੋਂ ਸੁਰੱਖਿਅਤ ਕਰ ਦਿੱਤਾ ਹੈ। ਭਾਰਤ ਦੀ ਰਾਜਨੀਤੀ ਅਜਿਹੇ ਜਨ-ਸਮੂਹ ਤੇ ਅਧਾਰਿਤ ਹੈ, ਜਿਸਨੇ ਭੀੜ ਦਾ ਨਿਰਮਾਣ ਕਰ ਦਿੱਤਾ ਹੈ। ਇਹ ਭੀੜ ਤਰਕ ਅਤੇ ਸੁਆਲ ਬਰਦਾਸ਼ਤ ਨਹੀਂ ਕਰ ਸਕਦੀ। ਸਰਕਾਰ ਨੂੰ ਹੀ ਦੇਸ਼ ਰੂਪੀ ਮੰਨਦੀ ਹੈ ਅਤੇ ਨੇਤਾ ਨੂੰ ਵਾਹਦ ਜਿਸ ਵਿਚ ਹੀ ਸਾਰੀਆਂ ਆਤਮਾਵਾਂ ਵੱਸਦੀਆਂ ਹਨ। ਇਸ ਤਰਾਂ ਦੀ ਸਿਆਸਤ ਕਰੋਨਾ ਵਰਗੀ ਮਹਾਂਮਾਰੀ ਨੂੰ ਥਾਲ਼ੀਆਂ ਖੜਕਾ ਕੇ ਅਤੇ ਦੀਵੇ ਜਗਾ ਕੇ ਭਜਾਉਣ ਦਾ ਹੀ ਪ੍ਰਚਾਰ ਕਰ ਸਕਦੀ ਹੈ।

ਖੇਤੀ ਵਿਵਸਥਾ ਵਿਚ ਸੁਧਾਰ ਹੀ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਦੀ ਸਭ ਤੋਂ ਪ੍ਰਮੁੱਖ ਕਸੌਟੀ ਹੈ ਤਾਂ ਕਿ ਉਨਾਂ ਨੂੰ ਸ਼ੋਸ਼ਣ ਤੋਂ ਬਚਾਇਆ ਜਾ ਸਕੇ ਅਤੇ ਪ੍ਰਸ਼ਾਸਨ ਉੱਪਰ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ੋਰ ਪਾਇਆ ਜਾ ਸਕੇ। ਸਮਾਜਿਕ, ਆਰਥਿਕ ਅਤੇ ਵਾਤਾਵਰਣ ਦੇ ਪੱਖੋਂ ਵਿਵਹਾਰਿਕ ਢੰਗ ਅਪਨਾਉਣ ਦੀ ਲੋੜ ਹੈ ਤਾਂਕਿ ਮੌਜੂਦਾ ਖੇਤੀ ਕਾਨੂੰਨਾਂ ਤੋਂ ਵੀ ਪਾਰ ਜਾ ਕੇ ਵਿਆਪਕ ਰਾਜਨੀਤਿਕ ਵਿਵਸਥਾ ਬਣਾਈ ਜਾ ਸਕੇ। ਇਸ ਵਿਚ ਸਭ ਤੋਂ ਪ੍ਰਮੁੱਖ ਉਦਯੋਗਿਕ ਖੇਤਰ ਦੀ ਹੀ ਤਰਜ਼ 'ਤੇ ਖੇਤੀ ਅਤੇ ਕਿਸਾਨੀ ਵਿਚ ਸੁਧਾਰ ਲੈ ਕੇ ਆਉਣਾ ਹੈ। ਮੌਜੂਦਾ ਮਿਹਨਤਾਨਾ ਵਿਵਸਥਾ ਅਤੇ ਫ਼ਸਲੀ ਚੱਕਰ ਖੇਤੀ ਵਿਚ ਸੁਧਾਰ ਲੈ ਕੇ ਆਉਣ ਲਈ ਕਾਫ਼ੀ ਨਹੀਂ ਹੈ। ਇਸ ਵਿਚ ਅਸਥਿਰ ਮੰਡੀਆਂ ਉੱਪਰ ਨਿਰਭਰਤਾ ਇਸ ਲਈ ਸਭ ਤੋਂ ਵੱਡੀ ਰੁਕਾਵਟ ਹੈ। ਕਿਸਾਨਾਂ ਦਾ ਸੰਘਰਸ਼ ਉੱਭਰ ਰਹੇ ਕੁਲੀਨ ਤੰਤਰ ਦੇ ਖ਼ਿਲਾਫ਼ ਰੋਹ ਅਤੇ ਅਸੰਤੁਸ਼ਟੀ ਦਾ ਹੀ ਪ੍ਰਤੀਕਾਤਮਿਕ ਹਿੱਸਾ ਹੈ, ਕਿਉਂਕਿ ਇਸ ਨਾਲ ਇਹ ਡਰ ਜੁੜਿਆ ਹੋਇਆ ਹੈ ਕਿ ਖੇਤੀ ਖੇਤਰ ਵਿਚ ਵੀ ਇਹੀ ਵਾਪਰੇਗਾ। ਕਿਸਾਨੀ ਸੰਘਰਸ਼ ਦੇ ਅੱਜ ਦੇ ਪੜਾਅ ਬਾਰੇ ਕਜਲ ਬਾਸ਼ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ,

**'ਮੇਰੇ ਜਨੂੰਨ ਕਾ ਨਤੀਜਾ ਜ਼ਰੂਰ ਨਿਕਲੇਗਾ,**
**ਇਸੀ ਸਿਆਹ ਸਮੁੰਦਰ ਸੇ ਨੂਰ ਨਿਕਲੇਗਾ।'**

---

## ਜ਼ਿੰਦਗੀ ਬਾਰੇ

ਸੋਚਦਿਆਂ-ਸੋਚਦਿਆਂ
ਜ਼ਿੰਦਗੀ
ਬਤੀਤ ਹੋ ਜਾਂਦੀ ਹੈ,
ਪਰ ਜ਼ਿੰਦਗੀ ਦਾ ਭੇਤ
ਕਿਸੇ ਸਮਝ ਨਹੀਂ ਆਉਂਦਾ,
ਭੇਤ,
ਭੇਤ ਹੀ ਰਹਿੰਦਾ ਹੈ
ਤੇ ਜ਼ਿੰਦਗੀ
ਬਤੀਤ ਹੋ ਜਾਂਦੀ ਹੈ,
ਸ਼ਾਇਦ
ਜ਼ਿੰਦਗੀ ਦਾ
ਕੋਈ ਭੇਤ ਹੀ ਨਾ ਹੋਵੇ,
ਪਰ ਇਨਸਾਨੀਅਤ,
ਨਿਮਰਤਾ ਅਤੇ ਚੰਗਿਆਈ ਅਪਣਾਉਣਾ
ਹੀ ਹੈ ਜ਼ਿੰਦਗੀ,
ਹੋ ਸਕੇ ਤਾਂ
ਕਿਸੇ ਦੇ ਕੰਮ ਆਉਣਾ
ਹੀ ਹੈ ਜ਼ਿੰਦਗੀ,
ਆਓ !
ਸਾਰਥਿਕਤਾ ਨਾਲ
ਜੀਅ ਲਈਏ ਇਸ ਨੂੰ,
ਇਹੋ ਹੈ ਜ਼ਿੰਦਗੀ
ਤੇ ਸ਼ਾਇਦ
ਇਹੋ ਇਸ ਦਾ ਭੇਤ ਹੋਵੇ,
ਕੀ ਪਤਾ ?
ਜ਼ਿੰਦਗੀ ਦਾ
ਕੋਈ ਭੇਤ ਹੀ ਨਾ ਹੋਵੇ ?

**ਲੇਖਕ ਮਾਸਟਰ ਸੰਜੀਵ ਧਰਮਾਣੀ,**
**ਸ੍ਰੀ ਅਨੰਦਪੁਰ ਸਾਹਿਬ**
**੯੪੭੮੯੫੬੧੩੫੬**

# ਚੱਡੀ ਗੈਂਗ ਦਾ ਕਿਸਾਨਾਂ 'ਤੇ ਹਮਲਾ



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
88722-93883



ਭਾਰਤ ਸਰਕਾਰ ਅਕਸਰ ਹੀ ਅਖ਼ਬਾਰਾਂ, ਰਸਾਲਿਆਂ, ਚੈਨਲਾਂ ਅਤੇ ਸੋਸ਼ਲ ਮੀਡੀਆ ਰਾਹੀਂ ਫ਼ੌਜ ਉੱਤੇ ਪੱਥਰ ਮਾਰਦੇ ਕਸ਼ਮੀਰੀ ਨੌਜਵਾਨਾਂ ਦੀਆਂ ਫ਼ੋਟੋਆਂ ਵਿਖਾਉਂਦੀ ਰਹਿੰਦੀ ਹੈ ਤੇ ਨਗਰ-ਕੀਰਤਨਾਂ, ਮਾਰਚਾਂ ਜਾਂ ਕਿਸੇ ਰੋਹ 'ਚ ਕਿਰਪਾਨਾਂ ਲਹਿਰਾਉਂਦੇ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਨੂੰ ਵੀ ਗ਼ਲਤ ਰੰਗਤ ਦੇ ਕੇ ਵਿਖਾਇਆ ਜਾਂਦਾ ਹੈ। ਪਰ ਆਓ ਤੁਹਾਨੂੰ ਦੱਸੀਏ ਕਿ ਇਹ ਫ਼ੋਟੋ ਕਸ਼ਮੀਰ ਦੀ ਨਹੀਂ ਹੈ, ਇਹ ਕਸ਼ਮੀਰ ਦੀ ਅਜ਼ਾਦੀ ਲਈ ਨਹੀਂ ਲੜ ਰਹੇ, ਇਹ ਪੱਥਰ ਮਾਰਨ ਵਾਲ਼ੇ ਕਸ਼ਮੀਰੀ ਮੁਸਲਮਾਨ ਨਹੀਂ, ਬਲਕਿ ਭਾਜਪਾ ਅਤੇ ਆਰ.ਐੱਸ.ਐੱਸ. ਦੇ ਗੁੰਡੇ ਤੇ ਹਿੰਦੂ ਦਹਿਸ਼ਤਗਰਦ ਹਨ। ਇਨਾਂ ਦੀ ਸੁਰੱਖਿਆ ਲਈ ਪਿੱਛੇ ਪੁਲਿਸ ਅਤੇ ਰੈਪਿਡ ਐਕਸ਼ਨ ਫੋਰਸ ਮੂਕ ਦਰਸ਼ਕ ਬਣ ਕੇ ਖੜੀ ਹੈ, ਜਿਵੇਂ ਨਵੰਬਰ 1984 ਵਿਚ ਸਿੱਖਾਂ ਦੇ ਕਤਲੇਆਮ/ਨਸਲਕੁਸ਼ੀ ਵੇਲ਼ੇ ਹਿੰਦੂ ਭੀੜਾਂ ਦੀ ਰਾਖੀ ਲਈ ਖੜੀ ਸੀ ਤੇ ਸਾਹਮਣੇ ਖਲੋ ਕੇ ਤਿੰਨ ਦਿਨ ਦਸ ਹਜ਼ਾਰ ਸਿੱਖਾਂ ਦਾ ਸਰਕਾਰੀ ਕਤਲੇਆਮ ਕਰਵਾਇਆ ਗਿਆ ਸੀ। ਇਸ ਤਸਵੀਰ ਵਿਚ ਭਗਵੇਂ ਬ੍ਰਿਗੇਡ ਦੇ ਗੁੰਡੇ ਇਹ ਪੱਥਰ ਸਿੰਘੂ ਬਾਰਡਰ 'ਤੇ ਸ਼ਾਂਤਮਈ ਮੋਰਚਾ ਲਾਈ ਬੈਠੇ ਕਿਸਾਨਾਂ 'ਤੇ ਮਾਰ ਰਹੇ ਹਨ। ਪਾਠਕ ਜਣੋ! ਸੱਚ ਜਾਣਿਓ, ਸਭ ਤੋਂ ਵੱਡੇ ਅੱਤਵਾਦੀ ਤਾਂ ਇਹ ਭਾਜਪਾ ਦੇ ਗੁੰਡੇ ਅਤੇ ਅਖੌਤੀ ਰਾਸ਼ਟਰਵਾਦੀ ਹਨ। ਸਿੱਖਾਂ ਅਤੇ ਮੁਸਲਮਾਨਾਂ ਨੂੰ ਤਾਂ ਬੇਵਜਾ ਬਦਨਾਮ ਕੀਤਾ ਜਾਂਦਾ ਹੈ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ ਵਿਚ ਲੱਗੇ ਮੁਸਲਮਾਨਾਂ ਅਤੇ ਵਿਦਿਆਰਥੀਆਂ ਦੇ ਧਰਨੇ ਉੱਤੇ ਵੀ ਇਸੇ ਗੁੰਡਾ ਬ੍ਰਿਗੇਡ ਨੇ ਗੋਲ਼ੀ ਚਲਾਈ ਸੀ ਤੇ ਮੋਦੀ ਸ.ਰਕਾਰ ਤੇ ਦਿੱਲੀ ਪੁਲਿਸ ਨਾਲ ਮਿਲ਼ ਕੇ ਧਰਨਾ ਖ਼ਤਮ ਕੀਤਾ, ਮੁਸਲਮਾਨਾਂ ਦੇ ਘਰਾਂ ਨੂੰ ਅੱਗਾਂ ਲਾਈਆਂ, ਜਾਨਾਂ ਲਈਆਂ ਤੇ ਔਰਤਾਂ ਦੀ ਪੱਤ ਲੁੱਟੀ ਸੀ ਤੇ ਹੁਣ ਭਾਜਪਾ ਦਾ ਇਹ ਗੁੰਡਾ ਬ੍ਰਿਗੇਡ ਲਗਾਤਾਰ ਸਿੰਘੂ ਬਾਰਡਰ 'ਤੇ ਹਮਲੇ ਕਰ ਰਿਹਾ ਹੈ। ਪੁਲਿਸ ਪਹਿਰੇ ਹੇਠ ਇਹਨਾਂ ਨੇ ਸਿੱਖ ਨੌਜਵਾਨਾਂ ਤੇ ਕਿਸਾਨਾਂ ਨੂੰ ਅਥਾਹ ਕੁੱਟਿਆ, ਲੰਗਰ ਦੀ ਬੇਅਦਬੀ ਕੀਤੀ, ਵਾਸ਼ਿੰਗ ਮਸ਼ੀਨਾਂ ਤੋੜੀਆਂ, ਟੈਂਟ ਪੁੱਟੇ ਅਤੇ ਪੁਲਿਸ ਨੇ ਇਹਨਾਂ ਨਾਲ ਰਲ ਕੇ ਨੌਜਵਾਨਾਂ ਨੂੰ ਧੂਹ-ਧੂਹ ਕੇ ਬੜੀ ਬੇਦਰਦੀ ਨਾਲ ਗੱਡੀ ਵਿਚ ਸੁੱਟਿਆ ਤੇ ਜੇਲੀਂ ਤੁੰਨਿਆ ਹੈ। ਇਨਾਂ ਗੁੰਡਿਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਅਮਿਤ ਸ਼ਾਹ ਅਤੇ ਹੋਰ ਭਾਜਪਾ ਲੀਡਰਾਂ ਨਾਲ ਵਾਇਰਲ ਹੋ ਚੁੱਕੀਆਂ ਹਨ, ਇਹ ਕਿਰਾਏ 'ਤੇ ਭਰਤੀ ਕੀਤੇ ਹੋਏ ਬੰਦੇ ਹਨ ਤੇ ਕੁਝ ਭਾਜਪਾ ਦੇ ਯੂਥ ਵਿੰਗ ਨਾਲ ਸਬੰਧਤ ਹਨ। ਇਸ ਤਰਾਂ ਦੀ ਗੁੰਡਾ ਬ੍ਰਿਗੇਡ ਬਾਦਲ ਟੱਬਰ ਨੇ ਵੀ ਬਣਾਈ ਹੋਈ ਹੈ ਜੋ ਪੰਥਕ ਸੋਚ ਦੇ ਧਾਰਨੀ ਗੁਰਸਿੱਖਾਂ 'ਤੇ ਕਹਿਰ ਢਾਹੁੰਦੀ ਹੈ। ਭਾਜਪਾ ਦੀ ਇਹ ਗੁੰਡਾ ਫ਼ੋਰਸ ਆਉਂਦੇ ਦਿਨਾਂ ਨੂੰ ਕਿਸਾਨ ਮੋਰਚੇ ਨੂੰ ਖ਼ਤਮ ਕਰਨ, ਹਿੰਸਾ ਭੜਕਾਉਣ ਤੇ ਕਿਸਾਨਾਂ ਨੂੰ ਉਕਸਾਉਣ ਲਈ ਕੋਈ ਹੋਰ ਵੱਡਾ ਹੱਲਾ ਵੀ ਕਰ ਸਕਦੀ ਹੈ। ਇਸ ਲਈ ਪੰਜਾਬ ਦੇ ਨੌਜਵਾਨ ਵੱਧ ਤੋਂ ਵੱਧ ਮੋਰਚੇ ਵਿਚ ਪਹੁੰਚਣ ਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਦੂਸ਼ਣਬਾਜ਼ੀ ਬੰਦ ਕਰ ਕੇ ਸਭ ਨੂੰ ਇੱਕਜੁੱਟ ਹੋਣ ਦਾ ਸੱਦਾ ਦੇਣ। ਭਾਜਪਾ ਦੇ ਇਸ ਚੱਡੀ ਗੈਂਗ ਨੂੰ ਜਦ ਸਿੱਖ ਨੌਜਵਾਨਾਂ ਤੇ ਕਿਸਾਨ ਯੋਧਿਆਂ ਨੇ ਕਰਾਰੇ ਹੱਥ ਵਿਖਾ ਦਿੱਤੇ ਤਾਂ ਇਨਾਂ ਨੂੰ ਭੱਜਣ ਲਈ ਰਾਹ ਨਹੀਂ ਲੱਭਣਾ। ਤਿਰੰਗੇ ਝੰਡੇ ਦੀ ਆੜ ਹੇਠ ਜਿਹੜੇ ਭਾਜਪਾ ਦੇ ਗੁੰਡੇ ਅਤੇ ਆਰ.ਐੱਸ.ਐੱਸ. ਦੇ ਵਰਕਰ ਡਾਂਗਾਂ ਲੈ ਕੇ ਹੁੜਦੰਗ ਮਚਾਉਂਦੇ ਨੇ, ਏਹੀ ਡਾਂਗਾਂ ਨਾਲ ਇਨਾਂ ਦਾ ਪਿੱਛਾ ਸੇਕਣ ਦੀ ਲੋੜ ਹੈ।

# ਡਬਲਯੂਐੱਚਓ ਮੁਖੀ ਦਾ ਦਾਅਵਾ, ਨਵੇਂ ਮਾਮਲਿਆਂ ਵਿਚ ਗਿਰਾਵਟ ਕਾਰਨ ਕਾਬੂ 'ਚ ਆ ਸਕਦੈ ਕੋਰੋਨਾ

## 82 ਦੇਸ਼ਾਂ ਵਿਚ ਪੁੱਜਾ ਕੋਰੋਨਾ ਦਾ ਬ੍ਰਿਟਿਸ਼ ਵੈਰੀਏਂਟ



**ਜਨੇਵਾ/ਏ.ਟੀ.ਨਿਊਜ਼:** ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੇ ਮੁਖੀ ਟੈਡਰੋਸ ਅਦਨੋਮ ਘੇਬ੍ਰੇਯੇਸਸ ਨੇ ਵਿਸ਼ਵ ਪੱਧਰ 'ਤੇ ਕੋਰੋਨਾ ਦੇ ਨਵੇਂ ਮਾਮਲਿਆਂ 'ਚ ਆ ਰਹੀ ਗਿਰਾਵਟ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਘਾਤਕ ਵਾਇਰਸ ਕਾਬੂ ਵਿਚ ਆ ਸਕਦਾ ਹੈ। ਦੱਸਣਯੋਗ ਹੈ ਕਿ ਦਸੰਬਰ 2019 ਵਿਚ ਕੋਰੋਨਾ ਦਾ ਪਹਿਲਾ ਮਾਮਲਾ ਚੀਨ ਦੇ ਵੁਹਾਨ ਸ਼ਹਿਰ ਵਿਚ ਮਿਲਿਆ ਸੀ। ਇਸ ਪਿੱਛੋਂ ਇਹ ਵਾਇਰਸ ਪੂਰੀ ਦੁਨੀਆ ਵਿਚ ਫੈਲ ਗਿਆ ਸੀ। ਵਿਸ਼ਵ ਭਰ ਵਿਚ ਹੁਣ ਤੱਕ 10 ਕਰੋੜ 30 ਲੱਖ ਤੋਂ ਜ਼ਿਆਦਾ ਮਾਮਲੇ ਮਿਲੇ ਹਨ ਜਦਕਿ 22 ਲੱਖ ਤੋਂ ਜ਼ਿਆਦਾ ਪੀੜਤਾਂ ਦੀ ਮੌਤ ਹੋਈ ਹੈ।

ਡਬਲਯੂਐੱਚਓ ਡਾਇਰੈਕਟਰ ਜਨਰਲ ਟੈਡਰੋਸ ਨੇ ਕਿਹਾ ਕਿ ਵਿਸ਼ਵ ਵਿਚ ਕੋਰੋਨਾ ਦੇ ਨਵੇਂ ਮਾਮਲਿਆਂ ਵਿਚ ਲਗਾਤਾਰ ਤੀਜੇ ਹਫ਼ਤੇ ਗਿਰਾਵਟ ਦਰਜ ਕੀਤੀ ਗਈ ਹੈ। ਕਈ ਦੇਸ਼ਾਂ ਵਿਚ ਹੁਣ ਵੀ ਵਾਧਾ ਦੇਖਿਆ ਜਾ ਰਿਹਾ ਹੈ ਪ੍ਰੰਤੂ ਵਿਸ਼ਵ ਪੱਧਰ 'ਤੇ ਕਮੀ ਆ ਰਹੀ ਹੈ। ਉਨਾਂ ਨੇ ਸਰਕਾਰਾਂ ਨੂੰ ਆਗਾਹ ਕੀਤਾ ਕਿ ਅਜੇ ਸਾਵਧਾਨੀ ਰੱਖਣ ਦੀ ਲੋੜ ਹੈ। ਸਭ ਕੁਝ ਖੋਲਣ ਵਿਚ ਬਹੁਤ ਜਲਦਬਾਜ਼ੀ ਨਾ ਦਿਖਾਈ ਜਾਏ ਕਿਉਂਕਿ ਮਹਾਂਮਾਰੀ ਦੁਬਾਰਾ ਵੱਧ ਸਕਦੀ ਹੈ।

ਡਬਲਯੂਐੱਚਓ ਨੇ ਦੱਸਿਆ ਕਿ ਕੋਰੋਨਾ ਵਾਇਰਸ ਦਾ ਬ੍ਰਿਸ਼ਿ ਵੈਰੀਏਂਟ ਦੁਨੀਆ ਦੇ 82 ਦੇਸ਼ਾਂ ਵਿਚ ਪੁੱਜ ਚੁੱਕਾ ਹੈ ਜਦਕਿ ਦੱਖਣੀ ਅਫਰੀਕੀ ਵੈਰੀਏਂਟ ਕਰੀਬ 40 ਦੇਸ਼ਾਂ ਵਿਚ ਦਸਤਕ ਦੇ ਚੁੱਕਾ ਹੈ। ਡਬਲਯੂਐੱਚਓ ਵਿਚ ਕੋਰੋਨਾ ਮਾਮਲਿਆਂ ਦੀ ਇੰਚਾਰਜ ਮਾਰੀਆ ਵੈਨ ਕੇਰਖੋਵ ਨੇ ਦੱਸਿਆ ਕਿ ਬ੍ਰਾਜ਼ੀਲ ਵੈਰੀਏਂਟ 9 ਦੇਸ਼ਾਂ ਤਕ ਫੈਲ ਚੁੱਕਾ ਹੈ। ਇਸ ਦੌਰਾਨ, ਅਮਰੀਕਾ ਵਿਚ ਨਵੇਂ ਵੈਰੀਏਂਟ ਦੇ 471 ਮਾਮਲਿਆਂ ਦੀ ਪੁਸ਼ਟੀ ਕੀਤੀ ਗਈ।

ਅਮਰੀਕਾ ਵਿਚ ਕੋਰੋਨਾ ਨਾਲ ਮੁਕਾਬਲੇ ਕਰਨ ਲਈ ਨਵਾਂ ਕਦਮ ਚੁੱਕਿਆ ਗਿਆ ਹੈ। ਜਨਤਕ ਟਰਾਂਸਪੋਰਟ ਵਿਚ ਸਭ ਲਈ ਮਾਸਕ ਪਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਅਮਰੀਕੀ ਸੈਂਟਰਸ ਫਾਰ ਡਿਜ਼ੀਜ਼ ਕੰਟਰੋਲ ਐਂਡ ਪਰਿਵੈਨਸ਼ਨ ਨੇ ਇਹ ਆਦੇਸ਼ ਜਾਰੀ ਕੀਤਾ ਹੈ। ਦੁਨੀਆ ਵਿਚ ਕੋਰੋਨਾ ਮਹਾਂਮਾਰੀ ਤੋਂ ਸਭ ਤੋਂ ਜ਼ਿਆਦਾ ਜੂਝ ਰਹੇ ਅਮਰੀਕਾ ਵਿਚ ਹੁਣ ਤਕ ਕੁਲ 2 ਕਰੋੜ 63 ਲੱਖ ਤੋਂ ਜ਼ਿਆਦਾ ਕੋਰੋਨਾ ਪ੍ਰਭਾਵਿਤ ਮਰੀਜ਼ ਮਿਲੇ ਅਤੇ ਚਾਰ ਲੱਖ 43 ਹਜ਼ਾਰ ਤੋਂ ਜ਼ਿਆਦਾ ਦੀ ਮੌਤ ਹੋਈ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਅਠਾਰਵੀਂ ਸਦੀ ਦਾ ਵੱਡਾ ਸਿੱਖ ਘੱਲੂਘਾਰਾ

**- ਬਚਿੱਤਰ ਸਿੰਘ**

ਵੱਡਾ ਘੱਲੂਘਾਰਾ ਅਠਾਰਵੀਂ ਸਦੀ ਦੇ ਸਿੱਖਾਂ ਦੀ ਬਹਾਦਰੀ ਦੀ ਇੱਕ ਲਾ-ਮਿਸਾਲ ਘਟਨਾ ਹੈ, ਜਿਸ ਵਿੱਚ ਮੁੱਠੀ ਭਰ ਸਿੱਖ ਜਥਿਆਂ ਨੇ ਅਹਿਮਦ ਸ਼ਾਹ ਅਬਦਾਲੀ, ਸਰਹਿੰਦ ਦੇ ਨਵਾਬ ਜੈਨ ਖਾਂ ਤੇ ਮਲੇਰਕੋਟਲਾ ਨਵਾਬ ਭੀਖਨ ਖਾਂ ਦੀਆਂ ਸਾਂਝੀਆਂ ਟਿੱਡੀ ਦਲ ਫ਼ੌਜਾਂ ਦਾ ਅਦੁੱਤੀ ਬਹਾਦਰੀ ਨਾਲ ਮੁਕਾਬਲਾ ਕੀਤਾ। ਵੱਡਾ ਘੱਲੂਘਾਰਾ ਮਲੇਰਕੋਟਲਾ ਰਿਆਸਤ ਦੇ ਪਿੰਡਾਂ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਪਿੰਡ ਕੁਤਬਾ ਬਾਮਨੀ ਤੱਕ 15-20 ਮੀਲ ਦੇ ਇਲਾਕੇ 'ਚ 5 ਫਰਵਰੀ, 1762 ਨੂੰ ਹੋਇਆ। ਲੜਾਈ ਸੁਭਾ ਸ਼ੁਰੂ ਹੋਈ ਜੋ ਸ਼ਾਮ ਤੱਕ ਖ਼ਤਮ ਹੋ ਗਈ। ਸਿਰਫ਼ ਇੱਕ ਦਿਨ ਦੀ ਲੜਾਈ ਵਿੱਚ 25 ਤੋਂ 30 ਹਜ਼ਾਰ ਸਿੱਖ ਸ਼ਹੀਦੀਆਂ ਪਾ ਗਏ। ਲਗਭਗ ਅੱਧੀ ਸਿੱਖ ਵਸੋਂ ਇੱਕ ਦਿਨ ਵਿੱਚ ਖ਼ਤਮ ਹੋ ਗਈ।

ਵੱਡੇ ਘੱਲੂਘਾਰੇ ਦਾ ਕਾਰਨ ਇਹ ਸੀ ਕਿ ਅਹਿਮਦ ਸ਼ਾਹ ਅਬਦਾਲੀ ਨੇ ੧੭੬੧ ਵਿੱਚ ਮਰਹੱਟਾ ਸ਼ਕਤੀ ਨੂੰ ਪਾਣੀਪਤ ਦੀ ਲੜਾਈ ਵਿੱਚ ਖ਼ਤਮ ਕਰ ਦਿੱਤਾ ਸੀ। ਕਾਬਲ ਨੂੰ ਮੁੜਦੇ ਅਹਿਮਦ ਸਾਹ ਨੂੰ ਸਿੱਖ ਜਥਿਆਂ ਨੇ ਹਮਲਾ ਕਰਕੇ ਉਸ ਤੋਂ ਹਜ਼ਾਰਾਂ ਹਿੰਦੁਸਤਾਨੀ ਔਰਤਾਂ ਛੁਡਵਾਈਆਂ ਜੋ ਉਹ ਗ਼ੁਲਾਮ ਬਣਾ ਕੇ ਲਿਜਾ ਰਿਹਾ ਸੀ ਅਤੇ ਉਸ ਦੇ ਲੁੱਟ ਦੇ ਮਾਲ ਦਾ ਕਾਫ਼ੀ ਹਿੱਸਾ ਸਿੱਖਾਂ ਨੇ ਖੋਹ ਲਿਆ ਸੀ। ਸਿੱਖ ਜਥੇ, ਲਾਹੌਰ ਦੇ ਨਵਾਬ ਖਵਾਜਾ ਉਬੇਦ ਖਾਨ ਨੂੰ ਪ੍ਰੇਸ਼ਾਨ ਕਰ ਰਹੇ ਸਨ ਅਤੇ ਸਿੱਖ ਜਥਿਆਂ ਨੇ ਅਬਦਾਲੀ ਦੇ ਮੁਖ਼ਬਰ ਆਕਲ ਦਾਸ ਜੰਡਿਆਲੇ ਵਾਲੇ ਦੀ ਹਵੇਲੀ ਨੂੰ ਘੇਰਾ ਪਾਇਆ ਹੋਇਆ ਸੀ। ਇਸ ਲਈ ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਦੀ ਸ਼ਾਹੀ ਮਸੀਤ ਵਿੱਚ ਇਕੱਠ ਕਰਕੇ ਸਿੱਖ ਸ਼ਕਤੀ ਖ਼ਤਮ ਕਰਨ ਲਈ ਅਫ਼ਗਾਨਾਂ ਦੇ ਮਜ਼ਬੀ ਜਨੂਨ ਨੂੰ ਵੰਗਾਰਿਆ। ਉਸ ਨੇ ਆਪਣੇ ਨਾਲ 22 ਹਜ਼ਾਰ ਚੋਣਵੇਂ ਪਠਾਣ ਸਿਪਾਹੀ ਅਤੇ ਹਜ਼ਾਰਾਂ ਕੱਟੜ ਜਹਾਦੀਆਂ ਸਮੇਤ ਜਨਵਰੀ 1762 ਨੂੰ ਕਾਬਲ ਤੋਂ ਕੂਚ ਕੀਤਾ। ਜਦ ਉਸ ਨੇ ਖ਼ੈਬਰ ਦਰਿਆ ਪਾਰ ਕੀਤਾ ਤਾਂ ਸਿੱਖ ਸੂਹੀਆਂ ਨੇ ਸਾਰੀ ਖ਼ਬਰ ਸਿੱਖ ਜਥਿਆਂ ਨੂੰ ਭੇਜ ਦਿੱਤੀ। ਖ਼ਬਰ ਮਿਲਦਿਆਂ ਹੀ ਸਿੱਖ ਸਰਦਾਰਾਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਸਿੱਖ ਪਰਿਵਾਰਾਂ ਨੂੰ ਬਰਨਾਲਾ ਵਿਖੇ ਜਿੱਥੇ ਕਿ ਬਾਬਾ ਆਲਾ ਸਿੰਘ ਦਾ ਰਾਜ ਸੀ, ਪਹੁੰਚਾ ਦੇਣ ਅਤੇ ਫਿਰ ਅਬਦਾਲੀ ਨਾਲ ਸਿੱਧੀ ਟੱਕਰ ਲੈਣ। ਉਹ ਪਰਿਵਾਰਾਂ ਨੂੰ ਲੈ ਕੇ ਮਲੇਰਕੋਟਲਾ ਰਿਆਸਤ ਦੇ ਪਿੰਡ ਗੁਜਰਵਾਲ ਪਹੁੰਚ ਗਏ ਜੋ ਕਿ ਪਿੰਡ ਕੁਪਰਹੀੜੇ ਦੇ ਨਜ਼ਦੀਕ ਹੈ।

3 ਫਰਵਰੀ ਨੂੰ ਉਨਾਂ ਨੂੰ ਖ਼ਬਰ ਮਿਲੀ ਕਿ ਅਬਦਾਲੀ ਲਹੌਰ ਪਹੁੰਚ ਗਿਆ ਹੈ ਤੇ ਉਸ ਨੂੰ ਇੱਥੇ ਪਹੁੰਚਣ ਵਿੱਚ ਘੱਟ ਤੋਂ ਘੱਟ 4 ਦਿਨ ਲੱਗਣਗੇ ਤੇ ਉਸ ਦੇ ਆਉਣ ਤੋਂ ਪਹਿਲਾਂ ਹੀ ਉਹ ਬਰਨਾਲੇ ਪਹੁੰਚ ਜਾਣਗੇ। ਪ੍ਰੰਤੂ ਅਬਦਾਲੀ ਨੂੰ ਮਲੇਰਕੋਟਲਾ ਦੇ ਨਵਾਬ ਭੀਖਨ ਖਾਂ ਦਾ ਸੁਨੇਹਾ ਮਿਲਿਆ ਕਿ ਸਿੱਖ ਵਹੀਰ (ਪਰਿਵਾਰਾਂ ਸਮੇਤ) ਐਸੀ ਜਗਾ 'ਤੇ ਹਨ, ਜਿੱਥੇ ਕਿ ਉਨਾਂ ਨੂੰ ਅਸਾਨੀ ਨਾਲ ਖ਼ਤਮ ਕੀਤਾ ਜਾ ਸਕਦਾ ਹੈ। ਇਹ ਸੁਨੇਹਾ ਮਿਲਦਿਆਂ ਹੀ ਉਸ ਨੇ ਭੀਖਨ ਖਾਂ ਅਤੇ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਹੁਕਮ ਕੀਤਾ ਕਿ ਉਹ



5 ਫਰਵਰੀ ਨੂੰ ਸੁਭਾ ਆਪਣੀਆਂ ਫ਼ੌਜਾਂ ਨਾਲ ਸਿੱਖਾਂ ਦੇ ਅਗਵਾੜੇ ਤੋਂ ਹੱਲਾ ਬੋਲ ਦੇਣ ਅਤੇ ਉਸ ਨੇ ਆਪ ਲਹੌਰ ਤੋਂ ਮਲੇਰਕੋਟਲਾ ਦਾ 150 ਮੀਲ ਦਾ ਪੈਂਡਾ ਫੁਰਤੀ ਨਾਲ ਤਹਿ ਕੀਤਾ ਤੇ 5 ਫਰਵਰੀ ਨੂੰ ਸੁਭਾ 4 ਵਜੇ ਉਸ ਦੀਆਂ ਫ਼ੌਜਾਂ ਨੇ ਸਿੱਖਾਂ ਦੇ ਪਿਛਵਾੜੇ ਨੂੰ ਘੇਰ ਲਿਆ।

## 9 ਫਰਵਰੀ ਉੱਪਰ ਵਿਸ਼ੇਸ਼

ਜੋ ਸਿੰਘ ਸਵੇਰ ਦੇ ਜਾਗੇ ਹੋਏ ਸਨ ਪਾਠ ਕਰ ਰਹੇ ਸਨ, ਉਨਾਂ ਨੇ ਘੋੜਿਆਂ ਦੀਆਂ ਟਾਪਾਂ ਦੀਆਂ ਅਵਾਜ਼ਾਂ ਸੁਣੀਆਂ। ਉਹ ਸਮਝ ਗਏ ਕਿ ਇਸਲਾਮੀ ਫ਼ੌਜਾਂ ਆ ਗਈਆਂ ਹਨ। ਉਨਾਂ ਨੇ ਤੁਰੰਤ ਜਥੇਦਾਰਾਂ ਨੂੰ ਸੂਚਨਾ ਦਿੱਤੀ। ਸਿੱਖ ਸਰਦਾਰਾਂ ਨੇ ਤੁਰੰਤ ਮੀਟਿੰਗ ਕੀਤੀ। ਇਸ ਔਖੇ ਸਮੇਂ ਸਿੱਖਾਂ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ, ਚੜਤ ਸਿੰਘ ਸ਼ੁਕਰਚੱਕੀਆ, ਸ਼ਾਮ ਸਿੰਘ ਕਰੋੜਸਿੰਘੀਆ, ਤਾਰਾ ਸਿੰਘ ਘੇਬਾ ਡੱਲੇਵਾਲੀਆ ਅਤੇ ਰਾਜਾ ਆਲਾ ਸਿੰਘ ਦਾ ਜਰਨੈਲ ਸੇਖੂ ਸਿੰਘ ਹੰਬਲਵਾਲ ਕਰ ਰਹੇ ਸਨ। ਉਨਾਂ ਨੇ ਫ਼ੈਸਲਾ ਕੀਤਾ ਕਿ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਨੂੰ ਵਿਚਕਾਰ ਲੈ ਕੇ ਉਨਾਂ ਦੇ ਦੁਆਲੇ ਲੜਾਕੂ ਸਿੱਖਾਂ ਦਾ ਘੇਰਾ ਪਾਇਆ ਜਾਵੇ ਅਤੇ ਲੜਦੇ ਲੜਦੇ ਬਰਨਾਲੇ ਵੱਲ ਨੂੰ ਤੁਰਿਆ ਜਾਵੇ। ਇਸ ਯੁੱਧ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤੀ: 'ਤੁਰ ਤੁਰ ਲਰੋ ਅਰ ਲਰ ਲਰ ਤੁਰੋ। ਬਹੀਰ ਬਚਾਵਨ ਖ਼ਾਤਰ ਅੜੋ।'

ਬਰਨਾਲੇ ਵਾਲੇ ਪਾਸੇ ਜੈਨ ਖਾਂ ਤੇ ਭੀਖਨ ਖਾਂ ਦੀਆਂ ਫ਼ੌਜਾਂ ਸਿੱਖਾਂ 'ਤੇ ਹੱਲਾ ਬੋਲ ਰਹੀਆਂ ਸਨ ਅਤੇ ਪਿਛਲੇ ਪਾਸੇ ਅਬਦਾਲੀ ਦੀਆਂ ਫ਼ੌਜਾਂ ਬਹੁਤ ਨੁਕਸਾਨ ਕਰ ਰਹੀਆਂ ਸਨ। ਇੱਕ ਵਾਰ ਤਾਂ ਸਿੱਖਾਂ ਨੇ ਐਸਾ ਹੱਲਾ ਬੋਲਿਆ ਕਿ ਪਠਾਣਾ ਦੀ ਤੋਬਾ-2 ਕਰਵਾ ਦਿੱਤੀ। ਭਾਈ ਰਤਨ ਸਿੰਘ ਭੰਗੂ ਅਨੁਸਾਰ: 'ਸਿੰਘਨ ਵਟ ਕਸੀਸ ਦਈ ਤਬ ਯਾਦ ਕਰਾ ਦਿਯੋ ਅੱਲਾ।' ਇਸ ਯੁੱਧ ਵਿੱਚ ਵਹੀਰ ਨੂੰ ਬਚਾਉਣ ਲਈ ਸਿੱਖ ਸਰਦਾਰ ਜਿੱਥੇ ਘੇਰਾ ਕਮਜ਼ੋਰ ਲਗਦਾ ਆਪਣੇ ਘੋੜੇ ਦੌੜਾਂ ਕੇ ਜਾਂਦੇ ਤੇ ਘੇਰਾ ਮਜ਼ਬੂਤ ਕਰਦੇ। ਸਿੱਖ ਸਰਦਾਰਾਂ ਨੇ ਆਪਣੇ ਕੋਲ 22 ਘੋੜੇ ਰੱਖੇ ਹੋਏ ਸਨ ਜਦ ਘੋੜਾ ਥੱਕ ਜਾਂਦਾ, ਦੂਜਾ ਬਦਲ ਲੈਂਦੇ।

ਸਿੱਖਾਂ ਨੇ ਇਸੇ ਤਰਾਂ ਲੜਦੇ ਲੜਦੇ ਚਾਰ ਪੰਜ ਮੀਲ ਦਾ ਪੈਂਡਾ ਤੈਅ ਕਰ ਲਿਆ। ਅਬਦਾਲੀ ਚਾਹੁੰਦਾ ਸੀ ਕਿ ਸਿੱਖ ਜੰਮ ਕੇ ਲੜਨ ਪ੍ਰੰਤੂ ਜੈਨ ਖਾਂ ਤੇ ਭੀਖਨ ਖਾਂ ਦੀਆਂ ਫ਼ੌਜਾਂ ਉਨਾਂ ਨੂੰ ਰੋਕ ਨਾ ਸਕੀਆਂ। ਅਬਦਾਲੀ ਨੇ ਘੇਰਾ ਤੋੜਨ ਲਈ ਆਪਣੇ ਵਜ਼ੀਰ ਸਾਹ ਵਲੀ ਖਾਂ ਦੀ ਅਗਵਾਈ ਵਿੱਚ ਚੋਣਵੀਂ ਅੱਠ ਹਜ਼ਾਰ ਬਲੋਚੀ ਫ਼ੌਜ ਜੈਨ ਖਾਂ ਦੀ ਸਹਾਇਤਾ ਲਈ ਭੇਜੀ, ਜਿਸ ਨੇ ਵਹੀਰ ਦਾ ਸੁਰੱਖਿਆ ਘੇਰਾ ਤੋੜ ਦਿੱਤਾ। ਘੇਰਾ ਟੁੱਟਣ ਦੀ ਦੇਰ ਸੀ ਕਿ ਇਸਲਾਮੀ ਫ਼ੌਜਾਂ ਨੇ ਬੱਚਿਆਂ, ਇਸਤਰੀਆਂ ਅਤੇ ਬਜ਼ੁਰਗਾਂ ਦਾ ਬੇਰਹਿਮੀ ਨਾਲ ਕਤਲੇਆਮ ਸ਼ੁਰੂ ਕਰ ਦਿੱਤਾ। ਜਦ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਰੱਖਿਆ ਘੇਰਾ ਟੁੱਟਣ ਦਾ ਪਤਾ ਲੱਗਿਆ ਤਾਂ ਉਨਾਂ ਨੇ ਤੁਰੰਤ ਸ: ਤਾਰਾ ਸਿੰਘ ਘੇਬਾ ਅਤੇ ਸੇਖੂ ਸਿੰਘ ਹੱਬਲਵਾਲ ਨੂੰ ਘੇਰਾ ਕਾਇਮ ਕਰਨ ਲਈ ਚੋਣਵੇਂ ਸਿੱਖ ਜਥੇ ਦੇ ਕੇ ਭੇਜਿਆ। ਜਦ ਉਨਾਂ ਨੇ ਬੱਚਿਆਂ, ਇਸਤਰੀਆਂ ਦਾ ਕਤਲੇਆਮ ਹੁੰਦਾ ਦੇਖਿਆ ਤਾਂ ਉਨਾਂ ਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ। ਉਨਾਂ ਨੇ ਫ਼ੈਸਲਾ ਕੀਤਾ ਕਿ ਸ਼ਾਹਵਲੀ ਖਾਂ ਨੂੰ ਘੇਰ ਕੇ ਮਾਰਿਆ ਜਾਵੇ। ਉਹ ਅਫਗਾਨੀ ਫ਼ੌਜ ਨੂੰ ਚੀਰਦੇ ਹੋਏ ਸਾਹ ਵਲੀ ਖਾਂ ਦੇ ਨਜ਼ਦੀਕ ਪਹੁੰਚ ਗਏ। ਖ਼ਤਰਾ ਦੇਖਕੇ ਸਾਹ ਵਲੀ ਖਾਂ ਆਪਣਾ ਘੋੜਾ ਦੌੜਾਂ ਕੇ ਅਬਦਾਲੀ ਕੋਲ ਚਲਾ ਗਿਆ। ਸਿੱਖਾਂ ਨੇ ਉਸ ਦੀ ਫ਼ੌਜ 'ਤੇ ਐਨਾ ਭਿਆਨਕ ਅਤੇ ਤੇਜ਼ ਹਮਲਾ ਕੀਤਾ ਕਿ ਦੁਸ਼ਮਣ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ ਅਤੇ ਦੁਬਾਰਾ ਸੁਰੱਖਿਆ ਘੇਰਾ ਕਾਇਮ ਕੀਤਾ।

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ 'ਜਿੱਤ ਵੱਲ ਪਰਤ ਸਿੰਘ ਭਟ ਦੌੜ। ਕਰਤ ਤੁਰਕਨ ਕੀ ਤੱਟੀ ਚੌੜ।' ਸਿੱਖ ਵੈਰੀਆਂ ਨੂੰ ਵੱਢਦੇ ਟੁੱਕਦੇ ਅਤੇ ਆਪ ਉਨਾਂ ਦੇ ਵਾਰਾਂ ਤੋਂ ਬਚਦੇ ਬਚਾਉਂਦੇ ਬਰਨਾਲੇ ਵੱਲ ਅੱਗੇ ਵਧਣ ਲੱਗੇ। ਸਿੱਖ ਸਰਦਾਰ ਜਾਨਾਂ ਹੂਲ ਕੇ ਲੜੇ। ਜੱਸਾ ਸਿੰਘ ਆਹਲੂਵਾਲੀਆ ਦਾ ਚਿੱਟਾ ਚੋਲਾ ਜਖਮਾ ਵਿੱਚੋਂ ਖ਼ੂਨ ਵਗ ਵਗ ਕੇ ਗੇਰੂਆ ਰੰਗ ਦਾ ਹੋ ਗਿਆ। ਜਦ ਉਸ ਨੇ ਆਪਣੇ ਸਹਾਇਕ ਗੁਰਮੁਖ ਸਿੰਘ ਨੂੰ ਘੋੜਾ ਬਦਲਣ ਲਈ ਕਿਹਾ ਤਾਂ ਗੁਰਮੁਖ ਸਿੰਘ ਤੋਂ ਉਸ ਦੀ ਹਾਲਤ ਦੇਖੀ ਨਾ ਗਈ ਤੇ ਉਹ ਘੋੜੇ ਦੀ ਵਾਂਗ ਫੜਕੇ ਪਿੱਛੇ ਲਿਆਉਣ ਲੱਗਿਆ ਤੇ ਆਰਾਮ ਕਰਨ ਦੀ ਬੇਨਤੀ ਕੀਤੀ। ਪ੍ਰੰਤੂ ਜੱਸਾ ਸਿੰਘ ਆਹਲੂਵਾਲੀਆ ਨੇ ਇਨਕਾਰ ਕਰ ਦਿੱਤਾ ਤੇ ਫਿਰ ਲੜਾਈ ਵਿੱਚ ਕੁੱਦ ਪਿਆ। ਜਦ ਬਰਨਾਲੇ ਜਾ ਕੇ ਕੱਪੜੇ ਬਦਲੇ ਤਾਂ ਜੱਸਾ ਸਿੰਘ ਦੇ ਸਰੀਰ 'ਤੇ 22 ਫੱਟ ਸਨ ਅਤੇ ਚੜਤ ਸਿੰਘ ਸ਼ੁਕਰਾਚਾਰੀਆ ਦੇ ਸਰੀਰ 'ਤੇ 19 ਫੱਟ ਸਨ। ਸ਼ਾਮ ਢਲੀ ਤੱਕ ਸਿੱਖਾਂ ਨੇ ਲੜਦੇ ਲੜਦੇ ਵੀਹ ਮੀਲ ਪੈਂਡਾ ਤੈਅ ਕਰ ਲਿਆ ਤੇ ਹੁਣ ਕੁਤਬਾ ਬਾਮਨੀ ਪਿੰਡ ਨੇੜੇ ਇੱਕ ਪਾਣੀ ਦੀ ਢਾਬ 'ਤੇ ਪਹੁੰਚ ਗਏ। ਦੋਵਾਂ ਧਿਰਾਂ ਨੂੰ ਪਿਆਸ ਲੱਗੀ ਹੋਈ ਸੀ। ਜੱਸਾ ਸਿੰਘ ਆਹਲੂਵਾਲੀਆ ਨੇ ਹੁਕਮ ਕੀਤਾ ਕਿ ਪਾਣੀ ਛੇਤੀ ਤੋਂ ਛੇਤੀ ਪੀਤਾ ਜਾਵੇ। ਹੋ ਸਕੇ ਤਾਂ ਇੱਕ ਬੁੱਕ ਹੀ ਪੀਤਾ ਜਾਵੇ ਤਾਂ ਕਿ ਪਾਣੀ ਛੇਤੀ ਪੀ ਕੇ ਵੈਰੀ ਤੋਂ ਵਿੱਥ ਬਣਾਈ ਜਾਵੇ। ਸਿੱਖ ਫ਼ੌਜਾਂ ਪਾਣੀ ਛੇਤੀ ਪੀ ਕੇ ਅੱਗੇ ਕੂਚ ਕਰਨ ਲੱਗੀਆਂ। ਅਫਗਾਨੀ ਫ਼ੌਜਾਂ ਨੇ ਪਾਣੀ ਅਰਾਮ ਨਾਲ ਪੀਤਾ। ਉਹ ਐਨੀਆਂ ਥੱਕ ਚੁੱਕੀਆਂ ਸਨ ਕਿ ਇੱਥੇ ਢਾਬ 'ਤੇ ਰੁਕ ਗਈਆਂ ਅਤੇ ਮਲੇਰਕੋਟਲੇ ਚਲੀਆਂ ਗਈਆਂ।

ਸਿੰਘ ਬਰਨਾਲੇ ਪਹੁੰਚ ਗਏ। ਰਾਜਾ ਆਲਾ ਸਿੰਘ ਅਤੇ ਉਸ ਦੀ ਪਤਨੀ ਫ਼ਤਹਿ ਕੌਰ ਨੇ ਬਹੁਤ ਟਹਿਲ ਸੇਵਾ ਕੀਤੀ। ਸਾਰੀਆਂ ਫ਼ੌਜਾਂ ਨੂੰ ਲੰਗਰ ਛਕਾਇਆ ਤੇ ਮਲਮ-ਪੱਟੀਆਂ ਕੀਤੀਆਂ। ਇੱਥੋਂ ਸਿੱਖ ਜਥੇ ਸੁਭਾ ਹੀ ਬਠਿੰਡੇ ਵੱਲ ਚਲੇ ਗਏ। ਅਬਦਾਲੀ ਆਪਣੀ ਫ਼ੌਜ ਲੈ ਕੇ ਬਰਨਾਲੇ ਪਹੁੰਚ ਗਿਆ। ਰਾਜਾ ਆਲਾ ਸਿੰਘ ਭਵਾਨੀਗੜ ਦੇ ਕਿਲੇ ਵਿੱਚ ਚਲਾ ਗਿਆ। ਅਬਦਾਲੀ ਨੇ ਰਾਜਾ ਆਲਾ ਸਿੰਘ ਉੱਤੇ ਸਿੱਖਾਂ ਦੀ ਸਹਾਇਤਾ ਕਰਨ ਬਦਲੇ ਪੰਜ ਲੱਖ ਰੁਪਿਆ ਜੁਰਮਾਨਾ ਕੀਤਾ ਅਤੇ ਕੇਸ ਕਤਲ ਕਰਨ ਦੀ ਸਜਾ ਸੁਣਾਈ। ਉਸ ਦੀ ਰਾਣੀ ਫ਼ਤਹਿ ਕੌਰ ਨੇ ਸ਼ਾਹ ਵਲੀ ਖਾਂ ਨੂੰ ਪ੍ਰੇਰ ਕੇ ਕੇਸ ਕਤਲ ਕਰਨ ਦੀ ਸਜਾ ਬਦਲ ਕੇ ਇੱਕ ਲੱਖ ਹੋਰ ਜੁਰਮਾਨਾ ਦਿੱਤਾ। ਇੱਥੋਂ ਅਬਦਾਲੀ ਲਾਹੌਰ ਵਾਪਸ ਮੁੜ ਗਿਆ।

ਵੱਡਾ ਘੱਲੂਘਾਰਾ ਸਿੱਖ ਕੌਮ 'ਤੇ ਬੜੀ ਭਾਰੀ ਸੱਟ ਸੀ ਪ੍ਰੰਤੂ ਸਿੱਖਾਂ ਨੇ ਇਸ ਨੂੰ ਨਿਰੰਕਾਰ ਦਾ ਹੁਕਮ ਹੀ ਸਮਝਿਆ। ਉਹ ਨਿਰਾਸ ਨਹੀਂ ਹੋਏ ਤੇ ਚੜਦੀ ਕਲਾ ਵਿੱਚ ਰਹੇ। ਤਿੰਨ ਮਹੀਨਿਆਂ ਬਾਅਦ ਹੀ ਉਨਾਂ ਨੇ ਮਲੇਰਕੋਟਲਾ ਦੇ ਨਵਾਬ ਭੀਖਨ ਖਾਂ ਨੂੰ ਮਾਰ ਮੁਕਾਇਆ। ਜਨਵਰੀ 1764 ਵਿੱਚ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਹਾਰ ਦਿੱਤੀ ਤੇ ਮੌਤ ਦੇ ਘਾਟ ਉਤਾਰ ਦਿੱਤਾ। ਅਕਤੂਬਰ 1762 ਵਿੱਚ ਅਹਿਮਦ ਸ਼ਾਹ ਅਬਦਾਲੀ ਨੂੰ ਅੰਮ੍ਰਿਤਸਰ ਦੀ ਲੜਾਈ ਵਿੱਚ ਹਾਰ ਦਿੱਤੀ ਤੇ ਉਹ ਰਾਤ ਦੇ ਹਨੇਰੇ ਵਿੱਚ ਲਹੌਰ ਨਸ ਗਿਆ। ਸਿੱਖਾਂ ਨੂੰ ਖ਼ਤਮ ਕਰਨ ਦਾ ਅਬਦਾਲੀ ਦਾ ਸੁਪਨਾ ਪੂਰਾ ਨਾ ਹੋ ਸਕਿਆ ਪਰ ਉਹ ਆਪ ਖ਼ਤਮ ਹੋ ਗਿਆ। ਸਿੱਖਾਂ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਬੇਸ਼ਕੀਮਤੀ ਦਮਦਮੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਸੀ ਉਹ ਇਸ ਹਮਲੇ ਦੌਰਾਨ ਗੁੰਮ ਹੋ ਗਈ।

---

# ਚਾਬੀਆਂ ਦਾ ਮੋਰਚਾ



**- ਪ੍ਰਮਿੰਦਰ ਸਿੰਘ ਪ੍ਰਵਾਨਾ**

510-415-9377

ਸੰਨ 1849 ਵਿਚ ਅੰਗਰੇਜ਼ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਅਤੇ ਤਰਨ ਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੀ ਥਾਪੇ ਸੰਚਾਲਕਾਂ ਦੇ ਹੱਥ ਦੇ ਦਿੱਤਾ। ਬਾਕੀ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤ ਪੁਜਾਰੀ ਵੀ ਸਰਕਾਰੀ ਹੀ ਸਨ। ਉਨਾਂ ਦੀਆਂ ਗੁਰਮਤਿ ਮਰਯਾਦਾ ਭੰਗ ਕਰਨ ਦੀਆਂ ਮਨਮਾਨੀਆਂ ਦਾ ਜ਼ੋਰ ਸੀ। ਗੁਰੂ ਸਿੰਘ ਸਭਾ ਦੇ ਆਗੂਆਂ ਨੇ ਉਨਾਂ ਦੀਆਂ ਕੋਝੀਆਂ ਹਰਕਤਾਂ ਖਤਮ ਕਰਨ ਦੇ ਯਤਨਾਂ ਵਿਚ ਗੁਰਮਤਿ ਮਰਯਾਦਾ ਬਹਾਲ ਕਰਨ ਦਾ ਪ੍ਰਚਾਰ ਹੋਇਆ। ਸਭਾ ਨੇ ਸੰਗਤਾਂ ਨੂੰ ਸਿੱਖ ਧਰਮ ਪ੍ਰਤੀ ਜਾਗ੍ਰਿਤ ਕੀਤਾ। ਜਿਸ ਨਾਲ ਸਿੱਖ ਧਰਮ ਵਿਚ ਸੁਧਾਰ ਹੋਣ ਲੱਗਾ। ਇਸ ਸਮੇਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਅਤੇ ਪੁਜਾਰੀਆਂ ਨੇ ਇਸ ਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਸਜੇ ਦੀਵਾਨਾਂ ਵਿਚ ਦੁਰਾਚਾਰੀ ਪ੍ਰਬੰਧਕਾਂ ਨੂੰ ਸੁਧਰਨ ਦੀ ਚਿਤਾਵਨੀ ਵੀ ਦਿੱਤੀ। ਪਰ ਉਨਾਂ ਨੂੰ ਤਾਂ ਸਰਕਾਰੀ ਸ਼ਹਿ ਪ੍ਰਾਪਤ ਸੀ। ਸੰਗਤਾਂ 'ਤੇ ਸਰਕਾਰੀ ਦਬਾਅ ਸੀ, ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਤਾਂ ਉਨਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ।

ਭਾਵੇਂ ਅਕਤੂਬਰ 1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਵਿਚ ਆ ਚੁੱਕਾ ਸੀ ਪਰ ਅੰਗਰੇਜ਼ ਹਕੂਮਤ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜੀਆ ਨੂੰ ਸਰਕਾਰੀ ਨਿਗਰਾਨ ਨਿਯੁਕਤ ਕਰ ਲਿਆ। ਜਿਸ ਦੇ ਕੋਲ ਖ਼ਜਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਜਾਣ ਲਿਆ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਸਰਕਾਰੀ ਦਖ਼ਲਅੰਦਾਜ਼ੀ ਹੈ। ਇਹ ਗੁਰਦੁਆਰਿਆਂ ਤੇ ਸਰਕਾਰੀ ਕਬਜੇ ਰੱਖਣ ਦੀ ਚਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ 20,1921 ਨੂੰ ਇਹ ਫੈਸਲਾ ਕੀਤਾ ਕਿ ਚਾਬੀਆਂ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਜੀ ਨੂੰ ਸੌਂਪਣੀਆਂ ਚਾਹੀਦੀਆਂ ਹਨ। ਨਵੰਬਰ 7, 1921 ਨੂੰ ਜ਼ਿਲਾ ਅਧਿਕਾਰੀ ਅੰਮ੍ਰਿਤਸਰ ਨੇ ਚਾਬੀਆਂ ਸਰਦਾਰ ਸੁੰਦਰ ਸਿੰਘ ਜੀ ਰਾਮਗੜੀਆ ਤੋਂ ਲੈ ਕੇ ਸਰਕਾਰੀ ਕਬਜ਼ੇ ਵਿਚ ਕਰ ਲਈਆਂ। ਨਵੰਬਰ 11, 1921 ਨੂੰ ਸਰਕਾਰ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜੀਆ ਨੂੰ ਬਦਲ ਕੇ ਕਪਤਾਨ ਬਹਾਦਰ ਸਿੰਘ ਜੀ ਨੂੰ ਨਿਗਰਾਨ ਨਿਯੁਕਤ ਕਰ ਦਿੱਤਾ। ਸੰਗਤਾਂ ਨੇ ਇਸ ਦਾ ਵਿਰੋਧ ਕੀਤਾ ਜੋ ਚਾਬੀਆਂ ਦੇ ਮੋਰਚੇ ਦਾ ਅਰੰਭ ਸੀ।

ਨਵੰਬਰ 12, 1921 ਵਿਚ ਰੋਸ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਜੀ ਨੇ ਸੰਬੋਧਨ ਕੀਤਾ। ਅਜਿਹਾ ਹੀ ਰੋਸ ਵਿਦਰੋਹ ਗੁੱਜਰਾਂਵਾਲਾ, ਗੁਜ਼ਰਖਾਨ ਅਤੇ ਅਜਨਾਲਾ ਵਿਖੇ ਵੀ ਹੋਇਆ। ਕੈਪਟਨ ਬਹਾਦਰ ਸਿੰਘ ਜੀ ਨੇ ਅਸਤੀਫ਼ਾ ਦੇ ਦਿੱਤਾ। ਸਰਕਾਰੀ ਟਕਰਾਓ ਜਾਰੀ ਰਿਹਾ। ਸਰਕਾਰ ਨੇ ਜ਼ਬਰੀ ਕਬਜਾ ਕਰਕੇ ਚਾਬੀਆਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਸਰਦਾਰ ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਨੂੰ 26 ਨਵੰਬਰ, 1921 ਨੂੰ ਅਜਨਾਲਾ ਦੇ ਦੀਵਾਨ ਵਿਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰਦੁਆਰਾ ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਅੰਮ੍ਰਿਤਸਰ ਦੀ ਇਕੱਤਰਤਾ ਮੁਲਤਵੀ ਕਰ ਦਿੱਤੀ ਪਰ 50 ਤੋਂ ਵੱਧ ਮੈਂਬਰ ਅਜਨਾਲਾ ਦੀਵਾਨ ਜਾਰੀ ਰੱਖਣ ਲਈ ਪੁੱਜ ਗਏ। ਸਰਦਾਰ ਬਹਾਦਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਲਾਇਲਪੁਰੀ ਆਦਿ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ। 1921 ਨੂੰ ਰੋਸ ਦਿਵਸ ਰੱਖਣ ਦੀ ਅਪੀਲ ਕੀਤੀ। ਜਿਸ ਨਾਲ ਮੋਰਚਾ ਜੋਰ ਫੜ ਗਿਆ। ਸਰਕਾਰ ਵੀ ਬੇਵੱਸ ਹੋ ਗਈ ਸੀ। ਅੰਗਰੇਜ਼ ਸਰਕਾਰ ਨੇ ਵਕਤ ਵਿਚਾਰਿਆ ਕਿ ਭਾਰੀ ਮੋਰਚੇ ਦੇ ਅਸਰ ਹੇਠ ਫੌਜ ਅਤੇ ਕਿਸਾਨ ਵੀ ਬਾਗੀ ਹੋ ਜਾਣਗੇ। ਜਿਸ ਦਾ ਆਰਥਿਕ ਵਿਕਾਸ ਤੇ ਅਸਰ ਹੋਵੇਗਾ। ਰੋਜ਼ਮਰਾ ਦੇ ਕੰਮਕਾਰ ਵੀ ਠੱਪ ਹੋ ਕੇ ਰਹਿ ਜਾਣਗੇ। ਜਿਸ ਨਾਲ ਸਰਕਾਰ ਦੀ ਮਾਲੀ ਸਥਿਤੀ ਵਿਗੜ ਸਕਦੀ ਹੈ।

ਜਨਵਰੀ 3, 1922 ਨੂੰ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਜਨਵਰੀ 5, 1922 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਉਦੋਂ ਤੱਕ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਸਾਰੇ ਸਿੰਘ ਰਿਹਾਅ ਨਹੀਂ ਹੋ ਜਾਣਗੇ।

ਜਨਵਰੀ 19,1922 ਨੂੰ ਸਰ ਜੌਹਨ ਮੇਨਾਰਡ ਗ੍ਰਹਿ ਵਿਭਾਗ ਦੇ ਅਧਿਕਾਰੀ ਨੇ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਫਿਰ ਵੀ ਸੰਗਤਾਂ ਨੇ ਜਿਲਾ ਅਧਿਕਾਰੀ ਕੋਲ ਜਾ ਕੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਸਰਕਾਰੀ ਅਧਿਕਾਰੀ ਨੇ ਅਕਾਲ ਤਖਤ ਸਾਹਿਬ ਦੇ ਦੀਵਾਨ ਵਿਚ ਪਹੁੰਚ ਕੇ ਚਾਬੀਆਂ ਲਾਲ ਕੱਪੜੇ ਵਿਚ ਲਪੇਟ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ। ਸਿੱਖ ਪੰਥ ਦੀ ਸ਼ਾਨਦਾਰ ਜਿੱਤ ਹੋਈ। ਅਕਾਲੀਆਂ ਦੀ ਇਸ ਜਿੱਤ ਦਾ ਦੇਸ਼ ਭਰ ਵਿਚ ਸਵਾਗਤ ਹੋਇਆ। ਜਨਤਕ ਮੋਰਚਿਆਂ ਦਾ ਰਾਹ ਖੁੱਲਿਆ।

ਵਕਤੀ ਵਕਫ਼ਾ ਪਾ ਕੇ ਅੰਗਰੇਜ਼ ਹਕੂਮਤ ਆਪਣੀ ਹਾਰ ਦਾ ਬਦਲਾ ਲੈਣ ਤੇ ਉਤਰ ਆਈ। ਸਿੰਘਾਂ ਦੀਆਂ ਨਜਾਇਜ਼ ਗ੍ਰਿਫ਼ਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗ੍ਰਿਫ਼ਤਾਰੀਆਂ ਦੀ ਗਿਣਤੀ 2000 ਤੇ ਪੁੱਜ ਗਈ। ਸਿੰਘਾਂ ਦੇ ਰੋਜ਼ਾਨਾ ਜੀਵਨ ਤੇ ਵੀ ਸਖਤੀ ਹੋਣ ਲੱਗੀ। ਸਰਕਾਰ ਵਿਰੁਧ ਜਨਤਕ ਲਹਿਰਾਂ ਉਠੀਆਂ। ਸਿੰਘਾਂ ਨੂੰ ਹੋਰ ਬੜੇ ਮੋਰਚੇ ਲਾਉਣੇ ਪਏ। ਇਸ ਤਰਾਂ ਚਾਬੀਆਂ ਦਾ ਮੋਰਚਾ ਇਤਿਹਾਸਕ ਹੋ ਗਿਆ।

# ਸਾਕਾ ਨਕੋਦਰ ਦੇ ਸ਼ਹੀਦਾਂ ਦੀ 35ਵੀਂ ਯਾਦ

## ਬਨਾਮ

# ਸਿੱਖ ਸੰਸਥਾਵਾਂ ਦੇ ਚੇਤੇ ਚੋਂ ਮਨਫੀ, ਸਿਧਾਤਾਂ ਦੇ ਪਹਿਰੇਦਾਰ

- ਨਰਿੰਦਰ ਪਾਲ ਸਿੰਘ

98553-13236

ਜੂਨ 1984 ਵਿੱਚ ਭਾਰਤੀ ਫੌਜਾਂ ਵਲੋਂ ਸ੍ਰੀ ਦਰਬਾਰ ਸਾਹਿਬ ,ਸ੍ਰੀ ਅਕਾਲ ਤਖਤ ਸਾਹਿਬ ਸਮੇਤ 37 ਹੋਰ ਗੁਰਧਾਮਾਂ ਉਪਰ ਕੀਤੇ ਗਏ ਫੌਜੀ ਹਮਲੇ ਦੌਰਾਨ ਹਜਾਰਾਂ ਸਿੰਘ ਸਿੰਘਣੀਆਂ ਤੇ ਭੁਝੰਗੀ ਹੀ ਸ਼ਹੀਦ ਨਹੀ ਹੋਏ ਬਲਕਿ ਸੈਂਕੜਿਆਂ ਦੀ ਗਿਣਤੀ ਵਿੱਚ ਮੌਜੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਮੌਜੂਦ ਹੱਥ ਲਿਖਤ ਖਰੜੇ ਵੀ ਗੋਲਿਆਂ ਦਾ ਨਿਸ਼ਾਨਾ ਬਣਾਏ ਗਏ ਜਾਂ ਚੋਰੀ ਕਰਕੇ ਫੌਜੀ ਕੈਂਪਾਂ ਵਿੱਚ ਪਹੁੰਚਾ ਦਿੱਤੇ ਗਏ ।ਸਿੱਖ ਰੈਫਰੈਂਸ ਲਾਇਬਰੇਰੀ 'ਚੋਂ ਚੋਰੀ ਕੀਤੇ ਜਾਂ ਬਦਨੀਅਤੀ ਨਾਲ ਚੁੱਕਕੇ ਲਿਜਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਅਤੇ ਹੱਥ ਲਿਖਤ ਖਰੜਿਆਂ ਦਾ ਜਿਕਰ ਕਰਦਿਆਂ ਅੱਜ ਵੀ ਸ਼੍ਰੋਮਣੀ ਕਮੇਟੀ ਜਾਂ ਜਾਗਰੂਕ ਸਿੱਖ ਸ਼ਬਦ 'ਬੇਸ਼-ਕੀਮਤੀ ਖਜਾਨਾ' ਵਰਤਦੇ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀ ਹਨ ।ਮੰਨਣਾ ਪਵੇਗਾ ਕਿ ਜੂਨ 84 ਦੇ ਫੌਜੀ ਹਮਲੇ ,ਨਵੰਬਰ 84 ਦੇ ਸਿੱਖ ਕਤਲੇਆਮ ਅਤੇ ਪੰਜਾਬ ਅੰਦਰ ਡੇਢ ਦਹਾਕੇ ਦੌਰਾਨ ਸਰਕਾਰੀ ਸ਼ਹਿ ਤੇ ਅੰਜ਼ਾਮ ਦਿੱਤੇ ਗਏ ਸਿੱਖ ਕਤਲੇਆਮ ਦਾ ਵਾਸਤਾ ਪਾਉਂਦਿਆਂ ਜਦੋਂ ਪੰਜਾਬ ਦੇ ਸਿਆਸੀ ਲੋਕ ਤੇ ਵਿਸ਼ੇਸ਼ ਕਰਕੇ ਪਿੱਠ ਤੇ ਪੰਥਕ ਹੋਣ ਦਾ ਠੱਪਾ ਲਾਕੇ ਸੱਤਾ ਸੁਖ ਮਾਨਣ ਵਾਲੇ 'ਅਕਾਲੀਆਂ' ਨੇ ਕੌਮ ਦੇ ਬੇਸ਼ਕੀਮਤੀ ਸਰਮਾਏ ਅਤੇ ਹੋਈਆਂ ਸ਼ਹਾਦਤਾਂ ਦੇ ਰੂਪ ਵਿੱਚ ਕੌਮ ਦੀ ਜੁਆਨੀ ਦਾ ਮੁੱਲ ਜਰੂਰ ਵੱਟਿਆ ਹੈ। ਲੇਕਿਨ ਇਸ ਜੁਆਨੀ ਦੇ ਘਾਣ ਦਾ ਮੁੱਢ ਵੀ ਇਸੇ ਅਕਾਲੀ ਦਲ ਨੇ ਆਪ ਹੀ ਬੰਨ੍ਹਿਆ ਹੈ ,ਇਹ ਬਹੁਤ ਘੱਟ ਲੋਕ ਜਾਣਦੇ ਹੋਣਗੇ ।

ਇਸਦਾ ਮੂੰਹ ਬੋਲਦਾ ਸਬੂਤ ਹੈ 2 ਫਰਵਰੀ 1986 ਵਿੱਚ ਨਕੋਦਰ ਵਿਖੇ ਕੁਝ ਸ਼ਰਾਰਤੀ ਹਿੰਦੂਆਂ ਵਲੋਂ ਇਕ ਗੁਰਦੁਆਰਾ ਸਾਹਿਬ ਉਪਰ ਹਮਲਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਕਰਨ ਦੀ ਘਟਨਾ ਬਾਅਦ ਪਾਵਨ ਸਰੂਪਾਂ ਦੀ ਮੰਗ ਕਰ ਰਹੇ ਸਿੱਖਾਂ ਉਪਰ ਗੋਲੀਆਂ ਚਲਾਕੇ ਚਾਰ ਸਿੱਖ ਨੌਜੁਆਨਾਂ ਨੂੰ ਮਾਰ ਮੁਕਾਉਣ ਦੀ ਘਟਨਾ। ਇਥੇ ਹੀ ਬੱਸ ਨਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਤ ਇਨ੍ਹਾਂ ਨੌਜੁਆਨਾਂ ਦਾ ਸਸਕਾਰ ਵੀ ਅਣਪਛਾਤੇ ਕਹਿਕੇ ਕੀਤਾ ਗਿਆ ।ਇਹ ਉਹ ਵਕਤ ਸੀ ਜਦੋਂ ਜੂਨ 84 ਦੇ ਘਲੂਘਾਰੇ ਦੀ ਹੌਲਨਾਕ ਘਟਨਾ ਉਪਰੰਤ ਪੰਜਾਬ ਦੇ ਤਖਤ ਤੇ ਅਕਾਲੀ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਸ਼ਸ਼ੋਭਿਤ ਸਨ। ਸਾਕਾ ਨਕੋਦਰ ਦੇ ਨਾਮ ਨਾਲ ਜਾਣੇ ਜਾਂਦੇ ਸਿੱਖ ਧਰਮ ਇਤਿਹਾਸ ਦੇ ਇਸ ਹੌਲਨਾਕ ਤੇ ਅਣਮਨੁਖੀ ਕਾਰੇ ਦੇ ਚਸ਼ਮਦੀਦ ਗਵਾਹਾਂ ਦਾ ਦੱਸਣਾ ਹੈ ਕਿ ਨਕੋਦਰ ਵਿਖੇ ਪਾਵਨ ਸਰੂਪ ਅਗਨ ਭੇਟ ਕਰ ਦਿੱਤੇ ਜਾਣ ਦੀ ਘਟਨਾ ਬਾਅਦ ਨੇੜਲੇ 10 ਕੁ ਪਿੰਡਾਂ ਦੇ ਲੋਕ ਇੱਕਤਰ ਹੋਏ ਤੇ ਪ੍ਰਸ਼ਾਸ਼ਨ ਪਾਸੋਂ ਪਾਵਨ ਸਰੂਪ ਹਾਸਿਲ ਕਰਨ ਦੀ ਬੇਨਤੀ ਕੀਤੀ। ਪੁਲਿਸ ਨੇ ਬੜੇ ਹੀ ਨਾਟਕੀ ਢੰਗ ਨਾਲ ਸੰਗਤਾਂ ਦਾ ਵਿਸ਼ਵਾਸ਼ ਜਿੱਤਦਿਆਂ ਉਨ੍ਹਾਂ ਨੂੰ ਇੱਕ ਅਜੇਹੀ ਜਗਾਹ ਤੇ ਸੁਰਖਿਅਤ ਕਰ ਲਿਆ ਜਿਥੋਂ ਭੱਜਣ ਜਾਂ ਬਚਾਅ ਦਾ ਕੋਈ ਰਾਸਤਾ ਨਹੀ ਸੀ ।ਫਿਰ ਪੁਲਿਸ ਨੇ ਬਿਨ੍ਹਾਂ ਕਿਸੇ ਭੜਕਾਹਟ,ਵਾਰਨਿੰਗ ,ਟੀਅਰ ਗੈਸ ਜਾਂ ਲਾਠੀਚਾਰਜ ਦੀ ਵਰਤੋਂ ਦੇ ਸਿੱਧੇ ਹੀ ਫਾਇਰਿੰਗ ਖੋਹਲ ਦਿੱਤੀ। ਪੁਲਿਸ ਦੁਆਰਾ ਚਲਾਈ ਇਸ ਗੋਲੀ ਨਾਲ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪੁਰ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਸ਼ਹੀਦ ਹੋ ਗਏ। ਦੇਰ ਰਾਤ ਤੀਕ ਸ਼ਹੀਦ ਹੋਏ ਤਿੰਨ ਸਿੰਘਾਂ ਦੀ ਸ਼ਨਾਖਤ ਵੀ ਹੋ ਗਈ ਪ੍ਰੰਤੂ ਪੁਲਿਸ ਨੇ ਕਿਸੇ ਵੀ ਸ਼ਹੀਦ ਦੀ ਲਾਸ਼ ਪ੍ਰੀਵਾਰ ਨੂੰ ਸੌਂਪਣ ਦੀ ਬਜਾਏ ਅਣਪਛਾਤੇ ਕਰਾਰ ਦੇਕੇ ਖੁਦ ਹੀ ਸਸਕਾਰ ਕਰ ਦਿੱਤਾ। ਇਥੇ ਹੀ ਬੱਸ ਨਹੀ ਇਲਾਕਾ ਵਾਸੀ ਸੰਗਤਾਂ ਨੇ ਗੋਲੀ ਚਲਾਉਣ ਵਾਲੇ ਪੁਲਿਸ ਇੰਸਪੈਕਟਰ ਜਸਕੀਰਤ ਸਿੰਘ , ਜਿਸਨੇ ਆਪਣੇ ਸਰਵਿਸ ਰਿਵਾਲਵਰ ਨਾਲ ਭਾਈ ਹਰਮਿੰਦਰ ਸਿੰਘ ਨੂੰ ਨੇੜਿਉਂ ਗੋਲੀ ਮਾਰੀ , ਤਤਕਾਲੀਨ ਡੀ.ਐਸ.ਪੀ.ਨਕੋਦਰ ਦੇ ਗਨਮੈਨ ਜਸਬੀਰ ਸਿੰਘ ਜੱਸੀ, ਐਸ.ਪੀ. ਅਪਰੇਸ਼ਨ ਅਸ਼ਵਨੀ ਕੁਮਾਰ ਅਤੇ ਸੀ.ਆਰ.ਪੀ.ਐਫ ਦੇ ਉਸ ਐਸ.ਪੀ. ਦੀ ਪਹਿਚਾਣ ਵੀ ਕੀਤੀ ਜਿਸਨੇ ਇੱਕ ਸਾਨ੍ਹ ਨੂੰ ਗੋਲੀ ਮਾਰਨ ਤੋਂ ਗੁਰੇਜ ਨਹੀ ਕੀਤਾ ।ਸਵਰਨ ਸਿੰਘ ਪੁਤਰ ਸੋਹਨ ਸਿੰਘ ਵਾਸੀ ਸ਼ੇਰਪੁਰ ਨੂੰ ਪੁਲਿਸ ਵਲੋਂ ਬੰਦੂਕ ਦੇ ਬੱਟਾਂ ਤੇ ਲਾਠੀਆਂ ਨਾਲ ਸਿਰਫ ਇਸ ਕਰਕੇ ਕੁੱਟਿਆ ਗਿਆ ਕਿਉਂਕਿ ਉਹ ਪੁਲਿਸ ਹੱਥੋਂ ਜਖਮੀ ਹੋਏ ਲੋਕਾਂ ਨੂੰ ਪਾਣੀ ਪਿਲਾ ਰਿਹਾ ਸੀ ।ਉਸਨੂੰ 6 ਫਰਵਰੀ ਤੀਕ ਪੁਲਿਸ ਦੀ ਨਜਾਇਜ ਹਿਰਾਸਤ ਵਿੱਚ ਰੱਖਿਆ ਗਿਆ ਤੇ ਨਾ ਹੀ ਕੋਈ ਡਾਕਟਰੀ ਸਹਾਇਤਾ ਦਿੱਤੀ ਗਈ। ਦੱਸਿਆ ਗਿਆ ਹੈ ਕਿ ਘਟਨਾ ਦੇ ਕੋਈ ਦੋ ਕਿਲੋਮੀਟਰ ਦੇ ਘੇਰੇ ਅੰਦਰ ਪੁਲਿਸ ਤੇ ਸੁਰੱਖਿਆ ਦੱਸਤਿਆਂ ਨੇ ਦਹਿਸ਼ਤ ਬਣਾਈ ਰੱਖੀ ਤੇ ਨੇੜਲੇ ਪਿੰਡ ਸ਼ੇਰ ਪੁਰ ਆਦਿ ਤੋਂ ਵੀਹ ਦੇ ਕਰੀਬ ਸਿੱਖਾਂ ਨੂੰ ਚੁੱਕਕੇ ਤੰਗ ਪਰੇਸ਼ਾਨ ਵੀ ਕੀਤਾ ।ਵਧਦੇ ਸੰਗਤੀ ਰੋਹ ਨੂੰ ਵੇਖਦਿਆਂ ਸੁਰਜੀਤ ਸਿੰਘ ਬਰਨਾਲਾ ਸਰਕਾਰ ਨੇ 5 ਫਰਵਰੀ 1986 ਨੂੰ ਰਿਟਾਇਰਡ ਜੱਜ ਗੁਰਨਾਮ ਸਿੰਘ ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਂਟ ਸਰੂਪਾਂ ਸਬੰਧੀ , 4 ਸਿੱਖ ਨੌਜਵਾਨਾਂ ਦੇ ਪੁਲਿਸ ਦੀ ਗੋਲੀ ਨਾਲ ਕੀਤੇ ਕਤਲਾਂ ਅਤੇ ਇਨ੍ਹਾਂ ਚਾਰੇ ਸਿੱਖ ਨੌਜਵਾਨਾਂ ਦਾ ਸਰਕਾਰੀ ਹੁਕਮਾਂ ਦੇ ਵਿਰੁੱਧ ਜਾਕੇ ਆਪ ਅੰਤਿਮ ਸੰਸਕਾਰ ਕਰਨ ਸੰਬੰਧੀ ਅਦਾਲਤੀ ਜਾਂਚ ਕਰਨ ਦੇ ਹੁਕਮ ਦਿੱਤੇ ਸਨ। ਰਿਟਾਇਰਡ ਜੱਜ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ 31 ਅਕਤੂਬਰ 1986 ਨੂੰ ਸਰਕਾਰ ਨੂੰ ਸੌਂਪ ਦਿੱਤੀ ਸੀ ਅਤੇ ਜੋ ਅੱਜ ਤੱਕ ਜਨਤਕ ਨਹੀਂ ਕੀਤੀ ਗਈ ।

ਨਕੋਦਰ ਗੋਲੀ ਕਾਂਡ ਦਾ ਸ਼ਿਕਾਰ ਹੋਏ ਚਾਰ ਸਿੱਖ ਨੌਜੁਆਨਾਂ ਦੇ ਵਾਰਸਾਂ ਨੂੰ ਜਦੋਂ 32 ਸਾਲ ਬੀਤ ਜਾਣ ਤੇ ਵੀ ਇਨਸਾਫ ਨਾ ਮਿਲਿਆ ਇਨ੍ਹਾਂ ਨੌਜੁਆਨਾਂ 'ਚੋਂ ਇੱਕ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਸ. ਬਲਦੇਵ ਸਿੰਘ ਲਿੱਤਰਾਂ ਨੇ 19 ਜਨਵਰੀ 2018 ਨੂੰ ਸੂਚਨਾ ਦਾ ਅਧਿਕਾਰ ਤਹਿਤ ਜਾਣਕਾਰੀ ਮੰਗੀ ਸੀ ਕਿ 4 ਫਰਵਰੀ 1986 ਨੂੰ ਨਕੋਦਰ 'ਚ ਹੋਏ ਗੋਲੀ ਕਾਂਡ ਵਿੱਚ ਹੋਈਆਂ ਮੌਤਾਂ ਅਤੇ 5 ਫਰਵਰੀ 1986 ਨੂੰ ਅਣਪਛਾਤੇ ਵਿਅਕਤੀਆਂ ਦੇ ਸਸਕਾਰ ਦੀ ਰਿਪੋਰਟ ਅਤੇ ਮ੍ਰਿਤਕਾਂ ਦੀ ਪਛਾਣ ਬਾਰੇ ਦੱਸਿਆ ਜਾਵੇ। ਸਬ ਡਿਵੀਜ਼ਨ ਨਕੋਦਰ ਦੇ ਡੀਐੱਸਪੀ ਵੱਲੋਂ 3 ਮਾਰਚ 2018 ਨੂੰ ਇਹ ਜਾਣਕਾਰੀ ਦਿੱਤੀ ਗਈ ਸੀ 4 ਫਰਵਰੀ 1986 ਨੂੰ ਕੋਈ ਵੀ ਗੋਲੀ ਕਾਂਡ ਨਹੀਂ ਸੀ ਵਾਪਰਿਆ ਤੇ ਨਾ ਹੀ ਕਿਸੇ ਦੀ ਗੋਲੀ ਲੱਗਣ ਕਰਕੇ ਮੌਤ ਹੋਈ ਹੈ। 5 ਫਰਵਰੀ 1986 ਨੂੰ ਕਿਸੇ ਵੀ ਲਾਵਾਰਿਸ ਜਾਂ ਅਣਪਛਾਤੇ ਵਿਅਕਤੀ ਦਾ ਸਸਕਾਰ ਨਹੀਂ ਕੀਤਾ ਗਿਆ। ਜਦੋਂਕਿ ਫਰਵਰੀ 1986 ਦੀਆਂ ਅਖਬਾਰਾਂ ਸੂਚਨਾ ਅਧਿਕਾਰ ਤਹਿਤ ਦਿੱਤੀ ਜਾ ਰਹੀ ਸਰਕਾਰੀ ਜਾਣਕਾਰੀ ਦਾ ਸ਼ਰੇਆਮ ਮੂੰਹ ਚਿੜਾ ਰਹੀਆਂ ਹਨ। ਜਦੋਂ ਕਿ ਸਮੁੱਚੀ ਘਟਨਾ ਨੂੰ ਮੁੜ ਬਿਆਨਦਿਆਂ ਸ਼ਹੀਦ ਭਾਈ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਦਸਦੇ ਹਨ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਮੁਹੱਲੇ ਵਿਚਲੇ ਸ੍ਰੀ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜੇ ਗਏ ਸਨ। ਇਸ ਦੇ ਰੋਸ ਵਜੋਂ 3 ਫਰਵਰੀ 1986 ਨੂੰ ਸ਼੍ਰੋਮਣੀ ਅਕਾਲੀ ਦਲ, ਨਕੋਦਰ ਕਚਹਿਰੀਆਂ ਦੇ ਵਕੀਲ, ਕਾਲਜਾਂ ਤੇ ਸਕੂਲਾਂ ਦੇ ਵਿਦਿਆਰਥੀ, ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ, ਨੇ ਗੁਰਦੁਆਰਾ ਸਾਹਿਬ ਤੋਂ ਥਾਣੇ ਤੱਕ ਰੋਸ ਮਾਰਚ ਕੀਤਾ ਸੀ। ਉਸ ਵੇਲੇ ਦੇ ਨਕੋਦਰ ਦੇ ਐੱਸਡੀਐੱਮ ਸੁਰਜੀਤ ਸਿੰਘ ਰਾਜਪੂਤ ਤੇ ਡੀਐੱਸਪੀ ਗੋਪਾਲ ਸਿੰਘ ਘੁੰਮਣ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਤੇ ਇਹ ਗੱਲ ਕਹੀ ਸੀ ਕਿ ਇਹ ਕਿਸੇ ਦੀ ਸ਼ਰਾਰਤ ਹੈ। ਉਦੋਂ ਨਕੋਦਰ ਹਲਕੇ 'ਚ ਸਰਗਰਮ ਸ਼ਿਵ ਸੈਨਾ ਦੇ ਆਗੂ ਵਿਰੁੱਧ ਕਾਰਵਾਈ ਕਰਨ ਲਈ ਦਬਾਅ ਪਾਇਆ ਜਾ ਰਿਹਾ ਸੀ। ਐੱਸਡੀਐੱਮ ਨਕੋਦਰ ਨੇ ਵੀ ਆਪਣੀ ਰਿਪੋਰਟ ਵਿੱਚ ਉਕਤ ਸ਼ਿਵ ਸੈਨਾ ਆਗੂ ਨੂੰ ਗ੍ਰਿਫਤਾਰ ਕਰਨ ਦੀ ਸਿਫਾਰਸ਼ ਕੀਤੀ ਹੈ। ਉਸ ਸਮੇਂ ਦੇ ਜਲੰਧਰ ਦੇ ਐੱਸਐੱਸਪੀ ਇਜ਼ਹਾਰ ਆਲਮ ਅਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਨੇ 2 ਫਰਵਰੀ 1986 ਦੀ ਸ਼ਾਮ ਨੂੰ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। 3 ਫਰਵਰੀ ਦੇ ਰੋਸ ਮਾਰਚ ਬਾਅਦ ਦੇਰ ਰਾਤ ਪੁਲੀਸ ਨੇ ਕਰਫਿਊ ਲਾ ਦਿੱਤਾ ਸੀ ਪਰ ਆਲੇ-ਦੁਆਲੇ ਦੇ ਲੋਕਾਂ ਨੂੰ ਇਸ ਗੱਲ ਦੀ ਕੋਈ ਖ਼ਬਰ ਨਹੀਂ ਸੀ। ਉਨ੍ਹਾਂ ਦੱਸਿਆ ਕਿ 4 ਫਰਵਰੀ ਨੂੰ ਗੁਰੂ ਘਰ ਜਾ ਰਹੀ ਸੰਗਤ 'ਤੇ ਜਦੋਂ ਪੁਲੀਸ ਨੇ ਅੰਨ੍ਹੇਵਾਹ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਲੋਕ ਇਧਰ-ਉਧਰ ਦੌੜਨ ਲੱਗੇ। ਉਨ੍ਹਾਂ ਦੱਸਿਆ ਕਿ ਇਸ ਗੋਲੀ ਗਾਂਡ 'ਚ ਸਭ ਤੋਂ ਪਹਿਲਾਂ ਉਨ੍ਹਾਂ ਦਾ ਪੁੱਤਰ ਭਾਈ ਰਵਿੰਦਰ ਸਿੰਘ ਗੋਲੀ ਲੱਗਣ ਨਾਲ ਸ਼ਹੀਦ ਹੋਇਆ ਸੀ। ਭਾਈ ਬਲਧੀਰ ਸਿੰਘ ਤੇ ਝਲਮਣ ਸਿੰਘ ਨੇੜਲੇ ਖੇਤਾਂ ਵਿੱਚ ਕਿਸੇ ਡੇਰੇ 'ਤੇ ਲੁਕ ਗਏ ਸਨ ਤੇ ਪੁਲੀਸ ਨੇ ਉਥੇ ਹੀ ਘੇਰਾ ਪਾ ਕੇ ਉਨ੍ਹਾਂ ਨੂੰ ਗੋਲੀਆਂ ਮਾਰ ਦਿੱਤੀਆਂ। ਡੇਰੇ ਵਾਲਿਆਂ ਦੇ ਇਸ ਗੋਲੀ ਕਾਂਡ ਵਿਚ ਬਲਦ ਵੀ ਮਾਰੇ ਗਏ ਸਨ। ਭਾਈ ਹਰਮਿੰਦਰ ਸਿੰਘ, ਜਿਹੜਾ ਕਿ ਉਸ ਵੇਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਜਲੰਧਰ ਜ਼ਿਲੇ ਦਾ ਕਨਵੀਨਰ ਸੀ, ਉਹ ਕੰਧ ਟੱਪ ਕੇ ਆਰੇ 'ਤੇ ਲੁੱਕ ਗਏ ਸਨ, ਉਥੇ ਵੀ ਪੁਲੀਸ ਨੇ ਪਿੱਛਾ ਕਰਕੇ ਉਸ ਦੇ ਮੂੰਹ ਵਿੱਚ ਰਿਵਾਲਵਰ ਰੱਖ ਕੇ ਗੋਲੀ ਮਾਰੀ ਸੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਭਾਈ ਹਰਮਿੰਦਰ ਸਿੰਘ ਗੋਲੀ ਲੱਗਣ ਦੇ ਬਾਅਦ ਵੀ ਜਿਊਂਦਾ ਸੀ ਤੇ ਸਿਵਲ ਹਸਪਤਾਲ ਜਾ ਕੇ ਵੀ ਪੁਲੀਸ ਨੇ ਉਸ ਦਾ ਇਲਾਜ ਨਹੀਂ ਕਰਵਾਇਆ। ਉਨ੍ਹਾਂ ਕਿਹਾ ਕਿ ਪੁਲੀਸ ਨੇ ਉਸ ਨੂੰ ਬਾਅਦ ਵਿੱਚ ਉਦੋਂ ਮਾਰਿਆ ਜਦੋਂ ਡਾਕਟਰਾਂ ਨੇ ਜਲੰਧਰ ਸਿਵਲ ਹਸਪਤਾਲ ਲਈ ਉਸ ਨੂੰ ਰੈਫਰ ਕੀਤਾ ਸੀ।

ਸਾਲ 2015 ਵਿੱਚ ਪੰਜਾਬ ਅੰਦਰ ਵਾਪਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦਰਦਨਾਕ ਵਰਤਾਰੇ ਦੀ ਜਾਂਚ ਲਈ ਦੋ ਦੋ ਜਾਂਚ ਕਮਿਸ਼ਨ ਬਣੇ ।ਪਹਿਲੇ ਦਾ ਹਸ਼ਰ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਵਾਲਾ ਹੀ ਸੀ ਲੇਕਿਨ ਦੂਸਰੇ ਕਮਿਸ਼ਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ 28 ਅਗਸਤ 2018 ਨੂੰ ਵਿਧਾਨ ਸਭਾ ਵਿੱਚ ਰੱਖੀ ਗਈ ਤਾਂ ਵਿਸ਼ੇਸ਼ ਤੌਰ ਤੇ ਵਿਧਾਨ ਸਭਾ ਦੇ ਇਸ ਸ਼ੇਸ਼ਨ ਦਾ ਟੀਵੀ ਚੈਨਲਾਂ ਤੇ ਸਿੱਧਾ ਪ੍ਰਸਾਰਣ ਵਿਖਾਇਆ ਗਿਆ ਉਸ ਵੇਲੇ ਵੀ ਬਲਦੇਵ ਸਿੰਘ ਲਿੱਤਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਇੱਕ ਪੱਤਰ ਵਿੱਚ ਕੀਤੀ ਮੰਗ ਦੇ ਆਧਾਰ ਤੇ ਪੰਜਾਬ ਵਿਧਾਨ ਸਭਾ ਦੇ 24 ਅਗਸਤ ਵਾਲੇ ਵਿਸ਼ੇਸ਼ ਸੈਸ਼ਨ ਵਿੱਚ ਮਤਾ ਵੀ ਪਾਇਆ ਗਿਆ ਕਿ ਸਾਕਾ ਨਕੋਦਰ ਕਤਲ ਕਾਡ ਦੇ ਮਾਮਲੇ ਵਿੱਚ ਉਸ ਵੇਲੇ ਦੀ ਅਕਾਲੀ ਸਰਕਾਰ ਵਲੋਂ ਬਣਾਏ ਗਏ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕੀਤੀ ਜਾਵੇਗੀ ।ਉਧਰ ਵਿਧਾਨ ਸਭਾ ਹਲਕਾ ਨਕੋਦਰ ਤੋਂ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਤੇ ਆਪ ਦੇ ਵਿਧਾਇਕਾਂ ਹਰਵਿੰਦਰ ਸਿੰਘ ਫੂਲਕਾ ਤੇ ਕੰਵਰ ਸੰਧੂ ਨੇ ਬਲਦੇਵ ਸਿੰਘ ਲਿੱਤਰਾਂ ਦੀ ਇਸ ਮੰਗ ਪ੍ਰਤੀ ਪੀੜਤ ਪ੍ਰੀਵਾਰਾਂ ਦਾ ਦਰਦ ਸਦਨ ਦੇ ਸਾਹਮਣੇ ਰਖਦਿਆਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ। ਉਸ ਉਪਰੰਤ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾ:ਧਰਮਵੀਰ ਗਾਂਧੀ ਹੁਰਾਂ ਨੇ ਇਹ ਮਾਮਲਾ ਗ੍ਰਿਹ ਮੰਤਰੀ ਰਾਜ ਨਾਥ ਪਾਸ ਉਠਾਇਆ। ਲੇਕਿਨ ਇਨਸਾਫ ਅਜੇ ਤੀਕ ਦਰਕਾਰ ਨਹੀ ਹੋਇਆ।

ਇਨ੍ਹਾਂ ਨੌਜੁਆਨਾਂ ਦੀ ਸ਼ਹਾਦਤ ਦੀ 35ਵਰ੍ਹੇ ਗੰਢ ਮਨਾਉਂਦਿਆਂ ਸ਼ਾਇਦ ਅਸੀਂ ਉਨ੍ਹਾਂ ਦੇ ਵਾਰਿਸਾਂ ਨੂੰ ਕੋਈ ਧਰਵਾਸ ਨਹੀ ਦੇ ਸਕਾਂਗੇ ।ਕੁਝ ਐਸਾ ਸਿਆਸਤ ਪ੍ਰੇਰਤ ਵਰਤਾਰਾ ਨਵੰਬਰ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੇ ਵਾਅਦਿਆਂ ਨਾਲ ਹਰ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਮੌਕੇ ਸਾਡੇ ਸਾਹਮਣੇ ਆਉਂਦਾ ਹੈ ਜਦੋਂ ਤਸੱਲੀਆ ਤੇ ਧਰਵਾਸਾਂ ਦੇ ਉਚੇ ਬੋਲ ਸੁਨਣ ਨੂੰ ਮਿਲਦੇ ਹਨ। ਤੇ ਹੁਣ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਸੀਂ ਐਸੇ ਸਿਆਸੀ ਲਾਰਿਆਂ ਦੇ ਆਦੀ ਹੋ ਗਏ ਹਾਂ। ਸਿੱਖਾਂ ਨੂੰ ਅਜੇ ਤੀਕ ਸ਼ਹੀਦ ਦਰਸ਼ਨ ਸਿੰਘ ਲੁਹਾਰਾ ,ਭਾਈ ਕੰਵਲਜੀਤ ਸਿੰਘ ,ਭਾਈ ਜਸਪਾਲ ਸਿੰਘ ਸਿਧਵਾਂ ਚੌੜ ,ਭਾਈ ਗੁਰਜੀਤ ਸਿੰਘ ਸਰਾਵਾ ਅਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਦੀ ਸ਼ਹਾਦਤ ਦਾ ਇਨਸਾਫ ਨਹੀ ਲੈ ਸਕੇ ।

ਤਰਾਸਦੀ ਹੀ ਕਹੀ ਜਾਵੇਗੀ ਜਾਂ ਸਾਡੀਆਂ ਸਿੱਖ ਸੰਸਥਾਵਾਂ ਦੇ ਸਿਆਸੀਕਰਨ ਦਾ ਨਤੀਜਾ ਕਿ ਅਸੀਂ ,ਸਿੱਖ ਸਿਧਾਤਾਂ ਤੇ ਪਹਿਰਾ ਦੇਣ ਵਾਲੇ ਸਿੱਖਾਂ ਦੀ ਸਮੇਂ ਦੇ ਹਾਕਮਾਂ ਹੱਥੋਂ ਹੋਏ ਕਤਲੇਆਮ ਦਾ ਇਨਸਾਫ ਨਹੀ ਲੈ ਸਕੇ ।ਔਰ ਇਹ ਵਰਤਾਰਾ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਦੌਰਾਨ ਵਿਸ਼ੇਸ਼ ਕਰਕੇ ਸਾਡੇ ਸਾਹਮਣੇ ਹੈ ।ਇਹ ਉਹ ਦੌਰ ਹੈ ਜਦੋਂ ਸਿੱਖ ਸਿਆਸਤ ਪ੍ਰੀਵਾਰਾਂ ਤੇ ਨਿਜਵਾਦ ਦੀ ਭੇਟ ਚੜ੍ਹੀ ਹੈ ਔਰ ਸਿੱਖ ਸਿਧਾਤਾਂ ਦੇ ਘਾਣ ਵਿੱਚ ਮੋਹਰੀ ਰਹੀ ਹੈ ।ਇਹ ਜਰੂਰ ਹੈ ਕਿ ਜਦੋਂ ਵੀ ਕਿਧਰੇ ਸਿੱਖ ਕਹਾਉਣ ਵਾਲੇ ਸਿਆਸਤਦਾਨਾਂ ਨੂੰ ਵੋਟਾਂ ਦੀ ਯਾਦ ਆਉਂਦੀ ਹੈ ਤਾਂ ਉਹ ਬੜੇ ਸ਼ਾਨੋ ਸ਼ੌਕਤ ਨਾਲ ਸਦੀਆਂ ਪਹਿਲਾਂ ਸਿੱਖ ਸਿਧਾਂਤਾਂ ਤੇ ਪਹਿਰਾ ਦਿੰਦਿਆਂ ਸ਼ਹਾਦਤਾਂ ਪਾਣ ਵਾਲਿਆਂ ਦੀ ਯਾਦ ਵਿੱਚ ਸ਼ਤਾਬਦੀ ਸਮਾਗਮ ਮਨਾਉਂਦੇ ਹਨ ਤੇ ਫਿਰ ਉਹ ਵੀ ਪੂਰੀ ਧੂਮਧਾਮ ਤੇ ਪ੍ਰਚਾਰ ਸਾਹਿਤ ।ਸ਼੍ਰੋਮਣੀ ਕਮੇਟੀ ਵਲੋਂ ਕੁਝ ਦਿਨ ਪਹਿਲਾਂ ਹੀ ਗੁਰਦੁਆਰਾ ਤਰਨਤਾਰਨ ਸਾਹਿਬ ਦਾ ਪ੍ਰਬੰਧ ਮਹੰਤਾਂ ਪਾਸੋਂ ਲੈਣ ਲਈ ਸ਼ਹੀਦੀਆਂ ਪਾਣ ਵਾਲੇ ਭਾਈ ਹਾਕਮ ਸਿੰਘ ਸਿੰਘ ਤੇ ਭਾਈ ਹਜਾਰਾ ਸਿੰਘ ਤੇ ਭਾਈ ਹੁਕਮ ਸਿੰਘ ਦੀ ਬਰਸੀ ਮਨਾਈ ।ਤਰਨਤਾਰਨ ਜਿਲ੍ਹੇ ਦੇ ਪਿੰਡ ਅਲਾਦੀਨਪੁਰ ਪੁਰ ਵਿਖੇ ਗੁਰਮਤਿ ਸਮਾਗਮ ਕਰਵਾਕੇ ਕਮੇਟੀ ਨੇ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਦੋ ਸ਼ਹੀਦ ਸਿੰਘਾਂ ਨੂੰ ਯਾਦ ਕੀਤਾ ,ਕੇਂਦਰੀ ਸਿਖ ਅਜਾਇਬ ਘਰ ਵਿੱਚ ਤਸਵੀਰਾਂ ਸ਼ਸ਼ੋਭਿਤ ਕੀਤੀਆਂ ।

ਇਸਤੋਂ ਵੱਡੀ ਤਰਾਸਦੀ ਜਾਂ ਸ਼ਰਮਨਾਕ ਘਟਨਾ ਕੀ ਹੋ ਸਕਦੀ ਹੈ ਕਿ ਜਿਸ ਗੁਰਦੁਆਰਾ ਸੁਧਾਰ ਲਹਿਰ ਸਦਕਾ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਉਸਦੇ ਪਹਿਲੇ ਦੋ ਸ਼ਹੀਦ ਸਿੰਘਾਂ ਦੀ ਯਾਦ 100 ਸਾਲ ਬਾਅਦ ਹੀ ਆਈ ।

ਪਿਛਲੇ 35 ਸਾਲਾਂ ਤੋਂ ਜਦੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਪੀੜਤ ਪ੍ਰੀਵਾਰਾਂ ਨੂੰ ਇਨਸਾਫ ਦਿਵਾਉਣ ਲਈ ਜਦੋਂ ਸ਼੍ਰੋਮਣੀ ਕਮੇਟੀ ਤੇ ਸਿੱਖਾਂ ਦੀ ਸਰਵਉਚ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਨੇ ਵੀ ਸਾਥ ਨਹੀ ਦਿੱਤਾ ।ਤਾਂ ਇਨ੍ਹਾਂ ਪ੍ਰੀਵਾਰਾਂ ਨੂੰ ਇਨਸਾਫ ਲਈ ਦੁਨਿਆਵੀ ਅਦਾਲਤਾਂ ਦੇ ਭਰੋਸੇ ਵੀ ਕਿਵੇਂ ਛੱਡ ਦਿੱਤਾ ਜਾਵੇ :

**ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ**
**ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।**
**ਆਖੋ ਇਨ੍ਹਾਂ ਨੂੰ ਉਜੜੇ ਘਰੀਂ ਮੁੜ ਜਾਣ ਹੁਣ**
**ਇਹ ਕਦੋਂ ਤੀਕ ਇਥੇ ਖੜੇ ਰਹਿਣਗੇ ।**

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




Put my knowledge, Service, experience and professionalism to work for you.



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਮਹਾਨ ਦਾਰਸ਼ਨਿਕ ਪਾਵਨ ਰਚਨਾ ਸੁਖਮਨੀ ਦੇ ਅਰਥ

**- ਅਮਰ ਕੌਰ**

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਅਮਰ ਸ਼ਾਹਕਾਰ ਪਾਵਨ ਰਚਨਾ ਹੈ, ਜੋ ਕਿ ਇੱਕੋ ਵਿਸ਼ੇ (ਸੁੱਖਾਂ ਦੀ ਪ੍ਰਾਪਤੀ) ਨਾਲ ਜੁੜੀ ਹੋਈ ਹੈ ਤੇ 'ਨਾਮ ਸਿਮਰਨ' ਬਾਰੇ ਪ੍ਰੇਰਦੀ ਹੈ। ਇਸ ਬਾਣੀ ਵਿਚ ਗੁਰੂ ਜੀ ਨੇ ਮਾਨਵ ਨੂੰ ਸੁੱਖ ਕੀ ਹੈ ਅਤੇ ਕਿਵੇਂ ਪ੍ਰਾਪਤ ਹੋਵੇ, ਸਮਝਾਉਂਦੇ ਹੋਏ ਅਮਰ ਸੁੱਖ ਕਿਹੜਾ ਹੈ ਬਾਰੇ ਵਿਸਥਾਰ ਨਾਲ ਦਰਸਾਇਆ ਹੈ। 'ਸੁਖਮਨੀ' ਵਿਚੋਂ ਸੁੱਖ ਦਾ ਸਹੀ ਸਰੂਪ ਲੱਭਣ ਲਈ ਸਾਨੂੰ ਇਸ ਦੇ ਸਿਰਲੇਖ 'ਸੁਖਮਨੀ' ਦੇ ਠੀਕ ਅਰਥ ਅਰਥਾਤ ਨਾਂਅ-ਸੰਸਕਾਰ ਬਾਰੇ ਪਤਾ ਹੋਣਾ ਚਾਹੀਦਾ ਹੈ। 'ਸੁਖਮਨੀ' ਸ਼ਬਦ ਪਹਿਲੀ ਅਸ਼ਟਪਦੀ ਦੇ ਦੂਜੇ ਪਦ ਦੇ ਸ਼ੁਰੂ ਵਿਚ ਰਹਾਉ ਵਾਲੀ ਪੰਕਤੀ ਵਿਚ ਵਰਤਿਆ ਮਿਲਦਾ ਹੈ ਅਤੇ ਇਸ ਬਾਣੀ ਵਿਚ ਦੋ ਥਾਵਾਂ 'ਤੇ ਹੋਰ 'ਸੁਖਮਨੀ' ਸ਼ਬਦ ਲਿਖਿਆ ਮਿਲਦਾ ਹੈ।

'ਰਹਾਉ' ਵਾਲੀ ਪੰਕਤੀ ਵਿਚ ਸਾਰੀ ਬਾਣੀ ਦਾ ਕੇਂਦਰੀ ਭਾਵ ਹੁੰਦਾ ਹੈ। ਇਸ ਪੰਕਤੀ ਦੇ ਸਹੀ ਭਾਵ ਨਾਲ ਠੀਕ ਅਰਥ ਲੱਭ ਸਕਦੇ ਹਾਂ। 'ਸੁਖਮਨੀ ਸੁਖੁ ਅੰਮ੍ਰਿਤ ਪ੍ਰਭ ਨਾਮੁ ਭਗਤ ਜਨਾ ਕੈ ਮਨਿ ਬਿਸ੍ਰਾਮ' ਰਹਾਉ 'ਸੁਖਮਨੀ' ਦੇ ਸ਼ਬਦ ਬਾਰੇ ਵਿਦਵਾਨਾਂ ਵਿਚ ਮਤਭੇਦ ਰਹੇ ਕਿਉਂਕਿ ਹਰੇਕ ਨੇ ਆਪਣੀ ਸੂਝ ਅਨੁਸਾਰ ਇਸ ਦੇ ਅਰਥ ਕੀਤੇ ਹਨ।

ਉਦਾਹਰਨ ਵਜੋਂ:-

ਆਦਿ ਗ੍ਰੰਥ ਸਾਹਿਬ ਦਾ ਸਭ ਤੋਂ ਪੁਰਾਣਾ ਟੀਕਾ ਜੋ ਮਿਲਿਆ, ਉਹ ਫ਼ਰੀਦਕੋਟੀਆਂ (ਸੰਪਰਦਾਈਆਂ) ਦਾ ਟੀਕਾ ਹੈ, ਜਿਸ ਵਿਚ ਅਰਥ ਇਸ ਪ੍ਰਕਾਰ ਕੀਤੇ ਹਨ : ਇਸ ਬਾਣੀ ਦਾ ਨਾਮ ਸੁਖਮਨੀ ਹੈ ਕਿਉਂਕਿ ਇਸ ਦੇ ਮੁੱਖ ਰੂਪ ਪ੍ਰਭ ਕਾ ਅੰਮ੍ਰਿਤ-ਵਤ ਨਾਮ ਸੁਖੋਂ ਕੀ ਮਣੀ ਰੂਪ ਹੈ ਕਿਉਂਕਿ ਮੁਖ ਰੂਪ ਔਰ ਅਮਰ ਕਰਨੇ ਹਾਰਾ ਇਸ ਮੇਂ ਪ੍ਰਭ ਕਾ ਨਾਮ ਹੈ।'

ਡਾ: ਟਰੰਪ ਅਨੁਸਾਰ 'ਸੁਖਮਨੀ ਵਿਚ ਸੁੱਖ ਹੈ, ਹਰੀ ਦਾ ਨਾਮ ਅੰਮ੍ਰਿਤ ਹੈ। ਭਗਤਾਂ ਦੇ ਮਨ ਵਿਚ ਅਮਨ ਚੈਨ ਹੈ।' ਫੁੱਟ ਨੋਟ ਵਿਚ ਸੁਖਮਨੀ ਦਾ ਭਾਵ ਜੋਗੀਆਂ ਦਾ ਸ੍ਰੇਸ਼ਟ ਨਾੜੀ ਸੁਖਮਨਾ ਦੱਸਿਆ ਹੈ।

ਮੈਕਾਲਿਫ ਦੇ ਵਿਚਾਰ ਅਨੁਸਾਰ 'ਇਸ ਸੁਖਮਨੀ ਵਿਚ ਪ੍ਰਭੂ ਦਾ ਨਾਮ ਹੈ ਜੋ ਅੰਮ੍ਰਿਤ ਵਾਂਗ ਸੁੱਖ ਦਿੰਦਾ ਹੈ ਅਤੇ ਭਗਤਾਂ ਦੇ ਮਨ ਨੂੰ ਸ਼ਾਂਤੀ ਬਖ਼ਸ਼ਦਾ ਹੈ।'

ਪ੍ਰੋ: ਸਾਹਿਬ ਸਿੰਘ ਨੇ 'ਸੁਖਮਨੀ' ਦਾ ਅਰਥ 'ਸੁੱਖਾਂ ਦੀ ਮਣੀ' ਕੀਤਾ ਹੈ। ਰਹਾਉ ਵਾਲੀਆਂ ਪੰਕਤੀਆਂ ਦਾ ਅਰਥ 'ਪ੍ਰਭੂ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ ਸਭ ਸੁੱਖਾਂ ਦੀ ਮਣੀ ਹੈ, ਜਿਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ।'

ਭਾਈ ਨਰੈਣ ਸਿੰਘ ਨੇ ਇਸ ਦੇ ਅਰਥ, 'ਇਸ ਬਾਣੀ ਦਾ ਨਾਮ ਸੁਖਮਨੀ ਹੈ, ਜਿਸ ਵਿਚ ਸੁਖ ਦੇਣ ਵਾਲਾ ਪ੍ਰਭੂ ਦਾ ਅੰਮ੍ਰਿਤ ਨਾਮ ਹੈ, (ਜੋ ਪ੍ਰਭੂ) ਭਗਤ-ਜਨਾਂ ਦੇ ਮਨ ਵਿਚ ਵੱਸਦਾ ਹੈ।'

ਭਾਈ ਸਾਹਿਬ ਭਾਈ ਕਾਨ ਸਿੰਘ ਜੀ ਨਾਭਾ ਅਨੁਸਾਰ, 'ਸੁਖਮਨੀ ਸਾਹਿਬ ਮਨ ਨੂੰ ਅਨੰਦ ਦੇਣ ਵਾਲੀ ਇਕ ਬਾਣੀ ਜੋ ਗਉੜੀ ਰਾਗ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ।'

ਡਾ: ਗੋਪਾਲ ਸਿੰਘ : 'ਮਨ ਨੂੰ ਸੁੱਖ ਦੇਣ ਵਾਲਾ ਪਰਮਾਤਮਾ ਦਾ ਅੰਮ੍ਰਿਤ ਰੂਪੀ ਨਾਮ ਭਗਤਾਂ ਦੇ ਮਨ ਵਿਚ ਵੱਸਦਾ ਹੈ।'

ਭਾਈ ਸਾਹਿਬ ਵੀਰ ਸਿੰਘ ਜੀ ਨੇ ਸੁਖਮਨੀ ਦੇ ਅਰਥ : ਸੁਖ+ਮਨ+ਈ=ਮਨ ਨੂੰ ਸੁੱਖ ਦੇਣਹਾਰ ਅਰਥਾਤ ਭਾਈ ਸਾਹਿਬ ਨੇ ਰਹਾਉ ਵਾਲੀਆਂ ਪੰਕਤੀਆਂ ਦੇ ਅਰਥ :ਮਨ ਨੂੰ ਸੁੱਖ ਦੇਣਹਾਰ ਪ੍ਰਭੂ ਦਾ ਨਾਮ ਸਰੀਰਕ ਸੁੱਖ ਹੀ ਨਹੀਂ ਸਗੋਂ ਅੰਮ੍ਰਿਤ ਸੁੱਖ ਦਾ ਦਾਤਾ ਪ੍ਰਭੂ ਭਗਤਾਂ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ।

ਉਪਰੋਕਤ ਵਿਦਵਾਨਾਂ ਦੇ ਅਰਥਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਡਾ: ਟਰੰਪ ਦੀ ਸੁਖਮਨੀ ਤੋਂ ਸੁਖਮਨਾ ਨਾੜੀ ਲੈਣਾ ਠੀਕ ਨਹੀਂ, ਕਿਉਂਕਿ ਗੁਰੂ ਜੀ ਨੇ ਕਿਧਰੇ ਵੀ ਜੋਗ ਮਤ ਦੇ ਸਿਧਾਂਤ ਨੂੰ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਸੁਖਮਨਾ ਨਾੜੀ ਦਾ ਸਾਰੀ ਸੁਖਮਨੀ ਵਿਚ ਕਿਤੇ ਜ਼ਿਕਰ ਮਿਲਦਾ। ਡਾ: ਟਰੰਪ ਨੇ ਇਹ ਅਰਥ ਸ਼ਬਦਾਂ ਦੇ ਇੱਕੋ ਜਿਹੇ ਰੂਪ ਨੂੰ ਵੇਖ ਕੇ ਕਰ ਦਿੱਤੇ ਹੋਣਗੇ ਜੋ ਕਿ ਠੀਕ ਨਹੀਂ ਹੈ।

ਕੁਝ ਵਿਦਵਾਨਾਂ ਨੇ ਇਸ ਦੇ ਅਰਥ 'ਸੁੱਖਾਂ ਦੀ ਮਣੀ' ਕੀਤਾ ਹੈ ਜੋ ਮੰਨਣਯੋਗ ਨਹੀਂ ਹੈ ਕਿਉਂਕਿ ਜੇ ਗੁਰੂ ਸਾਹਿਬ ਦਾ, ਬਾਣੀ ਦਾ ਭਾਵ ਸੁੱਖਾਂ ਦੀ ਮਣੀ ਤੋਂ ਹੁੰਦਾ ਤਾਂ ਉਹ ਸੁਖਮਨੀ ਵਿਚ 'ਨ' ਦੀ 'ਣ' ਵਰਤਦੇ ਅਤੇ ਇਹ ਸ਼ਬਦ ਸੁਖਮਣੀ ਹੁੰਦਾ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਣੀ ਸ਼ਬਦ 'ਣ' ਨਾਲ ਲਿਖਿਆ ਮਿਲਦਾ ਹੈ)। ਸੁਖਮਨੀ ਬਾਣੀ ਵਿਚ ਚਾਰ ਥਾਵਾਂ 'ਤੇ ਆਏ ਸ਼ਬਦ ਸੁਖਮਨੀ ਹੀ ਮਿਲਦਾ ਹੈ ਅਤੇ ਕਿਤੇ ਵੀ 'ਣ' ਨਾਲ ਲਿਖਿਆ ਨਹੀਂ। ਵਿਦਵਾਨਾਂ ਨੇ ਆਪਣੀ ਮਰਜ਼ੀ ਨਾਲ ਹੀ 'ਨ' ਨੂੰ 'ਣ' ਬਣਾ ਦਿੱਤਾ ਜੋ ਠੀਕ ਨਹੀਂ।

ਭਾਵੇਂ ਗੁਰਬਾਣੀ ਵਿਚ 'ਨਾਮ' ਲਈ ਰੂਪਕ ਵਰਤੇ ਗਏ ਪ੍ਰੰਤੂ ਸੁਖਮਣੀ ਰੂਪਕ 'ਨਾਮ' ਨਾਲ ਕਿਤੇ ਵੀ ਵਰਤਿਆ ਨਹੀਂ ਮਿਲਦਾ। ਸੋ ਸੁਖਮਨੀ ਇਕ ਰੂਪਕ ਦੇ ਤੌਰ 'ਤੇ ਨਹੀਂ ਪ੍ਰੰਤੂ ਵਿਦਵਾਨਾਂ ਨੇ 'ਨਾਮ' ਸੁੱਖਾਂ ਦੀ ਮਣੀ ਕਹਿ ਕੇ ਨਵਾਂ ਰੂਪਕ ਘੜ ਦਿੱਤਾ ਜੋ ਗ਼ਲਤ ਹੈ ਕਿਉਂਕਿ ਗੁਰੂ ਜੀ ਨੇ 'ਨਾਮ' ਦੇ ਨਾਲ ਅੰਮ੍ਰਿਤ ਦਾ ਰੂਪਕ ਵਰਤਿਆ ਤਾਂ ਉੱਥੇ ਦੂਜਾ ਰੂਪਕ ਸੁੱਖਾਂ ਦੀ ਮਣੀ ਵਰਤਣਾ ਠੀਕ ਨਹੀਂ। ਦੂਜੀ ਦਲੀਲ ਰੂਪਕ ਨਾ ਹੋਣ ਦੀ ਇਹ ਹੈ ਕਿ 'ਸੁਖਮਨੀ' ਸ਼ਬਦ ਨਾਂਅ ਨਾਲ ਸੰਯੁਕਤ ਨਹੀਂ ਕਿਉਂਕਿ ਇਸ ਤੋਂ ਅੱਗੇ 'ਸੁਖ' ਸ਼ਬਦ ਦੁਬਾਰਾ ਆਉਂਦਾ ਹੈ। ਜੇ ਇਸ ਨੂੰ ਦੂਜੇ ਰੂਪਕ (ਸੁੱਖਾਂ ਦੀ ਮਣੀ) ਦੇ ਤੌਰ 'ਤੇ ਵਰਤਿਆ ਹੁੰਦਾ ਤਾਂ ਇਸ ਸ਼ਬਦ ਨੇ ਅੰਮ੍ਰਿਤ ਦੇ ਨਾਲ ਆਉਣਾ ਸੀ ਪ੍ਰੰਤੂ ਵਿਚਕਾਰ 'ਸੁਖ' ਸ਼ਬਦ ਨੇ ਇਸ ਨੂੰ 'ਨਾਮ' ਤੋਂ ਦੂਰ ਕਰ ਦਿੱਤਾ ਹੈ।

**ਨੇੜਤਾ ਦੇ ਆਧਾਰ 'ਤੇ 'ਰਹਾਉ' ਵਾਲੀ ਪੰਕਤੀ ਦੀ ਵਾਕ-ਵੰਡ:** 'ਸੁਖਮਨੀ ਸੁਖ ਅੰਮ੍ਰਿਤ ਪ੍ਰਭੁ ਨਾਮ' ਅਰਥਾਤ ਭਾਈ ਵੀਰ ਸਿੰਘ ਜੀ ਨਾਲ ਸਹਿਮਤ ਹੁੰਦੇ ਹੋਏ ਇਹ ਭਾਵ ਬਣਦਾ ਹੈ ਕਿ ਪ੍ਰਭੂ ਦਾ ਅੰਮ੍ਰਿਤ ਵਰਗਾ ਨਾਮ ਪੀਤਿਆਂ (ਸਿਮਰਨ ਕੀਤਿਆਂ) ਜੀਵ ਦਾ ਮਨ ਸੁਖੀ ਹੁੰਦਾ ਹੈ ਅਤੇ ਇਹੋ ਇਸ ਬਾਣੀ ਦਾ ਕੇਂਦਰੀ ਭਾਵ ਹੈ (ਸੁਖਮਨੀ ਦਾ), ਮਨ ਨੂੰ ਸੁੱਖ ਦੇਣ ਵਾਲੀ ਬਾਣੀ। ਪਰ ਵਿਦਵਾਨ ਨਿੱਤਰੇ ਪਾਣੀਆਂ ਨੂੰ ਗੰਧਲਾ ਕਰਦੇ ਹੋਏ 'ਬਿਸ੍ਰਾਮ' ਦਾ ਅਰਥ ਟਿਕਾਣਾ ਕਰਦੇ ਹਨ ਜੋ ਗ਼ਲਤ ਹੈ ਕਿਉਂਕਿ 'ਸੁਖਮਨੀ ਸਾਹਿਬ' ਵਿਚ ਇਸ ਦਾ ਭਾਵ ਸੁੱਖ ਸ਼ਾਂਤੀ (ਸੁੱਖ) ਤੋਂ ਹੈ ਜੋ ਨਾਮ (ਅੰਮ੍ਰਿਤ) ਪੀਣ ਨਾਲ (ਸਿਮਰਨ ਕਰਨ ਨਾਲ), ਭਗਤਾਂ ਦੇ ਮਨ ਦੀ ਪਿਆਸ ਬੁੱਝਦੀ (ਸ਼ਾਂਤ) ਹੋਈ, ਮਨ ਦੀ ਸੁਖ-ਮੀ ਅਵਸਥਾ ਪ੍ਰਾਪਤ ਹੁੰਦੀ ਹੈ। ਇਹੋ 'ਸੁਖਮਨੀ' ਬਾਣੀ ਦਾ ਕੇਂਦਰੀ ਭਾਵ। ਸੋ, ਅਸੀਂ ਕਹਿ ਸਕਦੇ ਹਾਂ 'ਸੁਖਮਨੀ' ਉਹ ਬਾਣੀ ਹੈ ਜੋ ਮਨ ਨੂੰ ਸੁੱਖ ਦੇ ਕੇ ਸ਼ਾਂਤ ਕਰਦੀ ਹੋਈ, ਮਨ ਦੇ ਸੁੱਖ ਪ੍ਰਾਪਤ ਕਰਨ ਬਾਰੇ ਜੀਵਾਂ ਨੂੰ ਸਮਝਾਉਂਦੀ ਹੈ।

# ਇਹ ਇਕ ਨਵੀਂ ਸ਼ੁਰੂਆਤ ਹੈ ਸਦਭਾਵਨਾ ਅਤੇ ਏਕੇ ਨਾਲ ਡਟੇ ਰਹੋ ਯਕੀਨਨ ਫ਼ਤਿਹ ਹਾਸਲ ਹੋਵੇਗੀ- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਰਜਿ.

**ਇੰਗਲੈਂਡ/ਏ.ਟੀ.ਨਿਊਜ਼:** ਕੇਂਦਰ ਸਰਕਾਰ ਵੱਲੋਂ 25 ਕਰੋੜ ਵਿੱਚ 5 ਸਾਲ ਲਈ ਲਾਲ ਕਿਲਾ ਡਾਲਮੀਆ ਗਰੁੱਪ ਨੂੰ ਲੀਜ਼ ਤੇ ਦੇਣ ਬਾਅਦ 26 ਜਨਵਰੀ ਵਾਲੇ ਦਿਨ ਯਾਦ ਆਇਆ ਕਿ ਇਹ ਰਾਸ਼ਟਰੀ ਵਿਰਾਸਤ ਹੈ, ਗੋਦੀ ਮੀਡੀਆ, ਅੰਧ ਭਗਤ, 'ਤੇ ਕਈ ਹੋਰ ਵੀ ਲੱਗਦਾ ਹੈ ਕੁੰਭਕਰਨੀ ਨੀਂਦ ਵਿੱਚੋਂ ਜਾਗੇ ਹਨ। ਸਰਕਾਰ, ਪ੍ਰਸ਼ਾਸਨ 'ਤੇ ਗੋਦੀ ਮੀਡੀਆ ਵੱਲੋਂ ਪ੍ਰਚਾਰ ਜਾਰੀ ਹੈ ਕਿ ਉਨਾਂ ਕੋਲ ਸਬੂਤਾਂ ਸਮੇਤ ਅਜੇਹਾ ਵਾਪਰਨ ਦੀ ਠੋਸ ਜਾਣਕਾਰੀ ਮੌਜੂਦ ਸੀ ਤਾਂ ਫਿਰ ਸਵਾਲ ਉੱਠਦਾ ਹੈ ਕਿ ਉਨਾਂ ਨੇ ਰੋਕਣ ਲਈ ਅਗਾਊਂ ਪ੍ਰਬੰਧ ਕਿਉਂ ਨਾ ਕੀਤੇ ਕੀ ਉਹ ਵੀ ਚਾਹੁੰਦੇ ਸਨ ਕਿ ਅਜੇਹਾ ਹੋਵੇ? ਸਰਕਾਰ ਨੂੰ ਹੰਗਾਮੀ ਤੌਰ 'ਤੇ ਸੁਰੱਖਿਆ ਕਰਨ ਵਿੱਚ ਨਕਾਮ ਰਹਿਣ ਕਾਰਨ ਡਾਲਮੀਆਂ ਗਰੁੱਪ ਦੀ ਲੀਜ਼ ਰੱਦ ਕਰਨੀ ਚਾਹੀਦੀ ਹੈ, ਗ੍ਰਹਿ ਮੰਤਰੀ ਅਤੇ ਪੁਲੀਸ ਮੁਖੀ ਸਮੇਤ ਜਿਹੜੇ ਵੀ ਠੋਸ ਸਬੂਤਾਂ ਦੇ ਬਾਵਜੂਦ ਕਨੂੰਨ ਵਿਵਸਥਾ ਮੁਤਾਬਕ ਪ੍ਰਬੰਧ ਚਲਾਉਣ ਵਿੱਚ ਫ਼ੇਲ ਹੋਏ ਸਭ ਤੋਂ ਅਸਤੀਫ਼ੇ ਲੈ ਕੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ। ਪੁਲਿਸ ਮੁਖੀ ਦਾ ਬਿਆਨ ਕਿ ਜਾਣਕਾਰੀ ਦੇ ਬਾਵਜੂਦ ਪੁਲਿਸ ਨੇ ਸੰਜਮ ਵਰਤਿਆ ਨਿਰਪੱਖ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਮੌਜੂਦ ਸਬੂਤਾਂ ਦੇ ਅਧਾਰ 'ਤੇ ਗ਼ਲਤ ਸਾਬਤ ਹੁੰਦਾ ਹੈ। ਆਰ. ਐਸ. ਐਸ., ਬੀ. ਜੇ. ਪੀ. ਮਨੂੰਵਾਦੀ ਸੰਗਠਨ ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਤਾਜ ਮਹਿਲ, ਲਾਲ ਕਿਲੇ ਸਮੇਤ ਮੁਗ਼ਲ ਸ਼ਾਸਕਾਂ ਵੱਲੋਂ ਬਣਵਾਈਆਂ ਗਈਆਂ ਇਮਾਰਤਾਂ ਬਾਰੇ ਨਾਹਰੇ ਮਾਰਦੇ ਆ ਰਹੇ ਹਨ ਅਬ ਇਸਕੀ ਬਾਰੀ ਹੈ, ਅਬ ਉਸਕੀ ਬਾਰੀ ਹੈ, ਕਈ ਥਾਵਾਂ ਦੇ ਨਾਮ ਬਦਲੇ ਜਾ ਰਹੇ ਹਨ, ਪਰ ਹੁਣ ਆਪਣੀ ਹਠਧਰਮੀ 'ਤੇ ਨਕਾਮੀ ਲੁਕਾਉਣ ਲਈ ਰਾਸ਼ਟਰੀ ਵਿਰਾਸਤ ਦਾ ਸਹਾਰਾ ਲੈ ਰਹੇ ਹਨ। ਇਹ ਅਜੀਬ ਇਤਫ਼ਾਕ ਹੈ ਕਿ ਨੱਥੂ ਰਾਮ ਗੌਡਸੇ ਦੀ ਵਿਚਾਰਧਾਰਾ ਦੇ ਦਾਅਵੇਦਾਰਾਂ ਨਾਲ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਦੇ ਦਾਅਵੇਦਾਰ ਵੀ ਸਹਿਮਤ ਹੋ ਰਹੇ ਹਨ, ਇੱਥੋਂ ਤੱਕ ਕਿ ਕਈ ਸਿੱਖ ਵੀ ਇਸ ਵਹਿਣ ਵਿੱਚ ਵਹਿ ਤੁਰੇ ਹਨ। ਮਹਾਤਮਾ ਗਾਂਧੀ 'ਤੇ ਨੱਥੂ ਰਾਮ ਗੌਡਸੇ ਦੀ ਵਿਚਾਰਧਾਰਾ ਦਾ ਕੀ ਸੁਮੇਲ ਹੈ ਜਾਂ ਹੋ ਸਕਦਾ ਹੈ? ਸ਼ਹੀਦ ਭਗਤ ਸਿੰਘ 'ਤੇ ਸਾਥੀਆਂ ਨੇ ਅਸੰਬਲੀ ਵਿੱਚ ਬੰਬ ਸੁੱਟ ਕੇ ਕਿਹਾ ਸੀ ਕਿ ਬੰਬ ਕਿਸੇ ਨੂੰ ਮਾਰਨ ਲਈ ਨਹੀਂ ਬਲਕਿ ਬੋਲੇ ਕੰਨਾਂ ਨੂੰ ਖੋਲਣ ਲਈ ਕੀਤਾ ਗਿਆ ਹੈ, ਉਸ ਦੌਰਾਨ ਪੁਲਿਸ ਅਫ਼ਸਰ ਸਕੌਟ ਦੀ ਜਗਾ ਸਾਂਡਰਸ ਮੌਕੇ 'ਤੇ ਆ ਜਾਣ ਕਾਰਨ ਵੀ ਮਾਰਿਆ ਜਾਂਦਾ ਹੈ 'ਤੇ ਨਾਂ ਚਾਹੁੰਦੇ ਹੋਏ ਪਰ ਰੋਕਣ 'ਤੇ ਵੀ ਪਿੱਛਾ ਕਰਨੋਂ ਨਾਂ ਹਟਣ 'ਤੇ ਚੰਨਣ ਸਿੰਘ ਨਾਮ ਦਾ ਪੁਲਿਸ ਵਾਲਾ ਵੀ ਮਾਰਿਆ ਜਾਂਦਾ ਹੈ। ਵਰਤਮਾਨ ਕਿਸਾਨ ਸੰਘਰਸ਼ ਦੌਰਾਨ ਐਮ. ਪੀ. ਰਵਨੀਤ ਬਿੱਟੂ, ਇੰਦਰਜੀਤ ਸਿੰਘ ਜੀਰਾ ਅਤੇ ਸਾਥੀਆਂ ਦੇ ਨਾਲ ਜੋ ਹੋਈਆ ਉਸਦੀ ਜ਼ੁੰਮੇਵਾਰੀ ਕੁਲਵੰਤ ਸਿੰਘ ਸੰਧੂ ( ਕਾਂਤੀ) ਨੇ ਬਕਾਇਦਾ ਦਸਖ਼ਤ ਕਰਾ ਲਈ ਹੈ, ਜਿਸ ਗੁਰੀਲਾ ਸੰਗਠਨ ਦੇ ਲੈਟਰ ਪੈਡ 'ਤੇ ਇਹ ਬਿਆਨ ਜਾਰੀ ਹੋਇਆ ਹੈ ਕੀ ਉਹ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਮਾਨਤਾ ਪ੍ਰਾਪਤ ਹੈ ?

ਕੇਂਦਰ ਸਰਕਾਰ ਵੱਲੋਂ ਧੱਕੇ ਨਾਲ ਆਰਡੀਨੈਂਸਾਂ ਰਾਹੀ ਗੈਰ ਸੰਵਿਧਾਨਕ ਕਾਨੂੰਨ ਬਣਾਉਣ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ਅਤੇ ਕਾਨੂੰਨ ਰੱਦ ਹੋਣ ਤੱਕ ਹੁੰਦੇ ਰਹਿਣਗੇ। ਅਗਵਾਈ ਕਰਨ ਵਾਲੀਆਂ ਜਥੇਬੰਦੀਆਂ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ 15 ਅਗਸਤ, 1947 ਤੋਂ ਹੀ ਕਿਸੇ ਨਾਂ ਕਿਸੇ ਰੂਪ ਵਿੱਚ ਕਿਸਾਨ ਵਿਰੋਧੀ ਕਨੂੰਨ ਬਣਦੇ ਰਹੇ 'ਤੇ ਉਹ ਰਵਾਇਤੀ ਕਾਲੀਆਂ ਵਾਂਗ ਸੰਘਰਸ਼ ਦੀਆਂ ਕਾਲਾਂ ਵੀ ਦਿੰਦੇ ਰਹੇ 'ਤੇ ਸਮਝੌਤੇ ਵੀ ਕਰਦੇ ਰਹੇ। ਕੇਂਦਰ ਸਰਕਾਰ ਵੱਲੋਂ ਹੁਣ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਵੱਲੋਂ ਕੀਤੀਆਂ ਗਈਆਂ ਬਖਸ਼ਿਸ਼ਾਂ ਖੋਹ ਕੇ ਘਸਿਆਰੇ ਬਣਾਉਣ ਦਾ ਆਖ਼ਰੀ ਵਾਰ ਕੀਤਾ ਗਿਆ ਹੈ ਤਾਂ ਇਸ ਸੰਘਰਸ਼ ਨੂੰ ਪੰਜਾਬ ਤੋਂ ਰਾਜਧਾਨੀ ਦੀਆਂ ਬਰੂਹਾਂ ਤੱਕ ਲਿਜਾਣ ਵਾਲੇ ਉਹੀ ਯੋਧੇ ਹਨ ਜਿਨਾਂ ਦੀ ਲਗਾਤਾਰ ਅਲੋਚਨਾ ਕੀਤੀ ਜਾ ਰਹੀ ਹੈ, ਨਹੀਂ ਤਾਂ ਪੰਜਾਬ ਦੀ ਪਰਾਲੀ ਦਾ ਧੂੰਆਂ ਤਾਂ ਦਿੱਲੀ ਪਹੁੰਚਦਾ ਰਿਹਾ ਜੋ ਸੰਤਾਪ ਕਿਸਾਨ ਹੰਢਾਉਂਦਾ ਹੈ ਉਹ ਕਦੇ ਨਹੀਂ ਪਹੁੰਚਿਆ। ਇਸ ਸੰਘਰਸ਼ ਦੀ ਸੇਵਾ, ਸਫਲਤਾ ਲਈ ਜੋ ਅੰਤਰਰਾਸ਼ਟਰੀ ਪੱਧਰ 'ਤੇ ਉੱਦਮ ਉਪਰਾਲੇ ਹੋ ਰਹੇ ਹਨ ਇਹ ਵੀ ਅਕਾਲ ਪੁਰਖ ਦਾ ਅਲੌਕਿਕ ਵਰਤਾਰਾ ਹੈ, ਇਨਸਾਨਾਂ ਦੇ ਵੱਸ ਦੀ ਗੱਲ ਨਹੀਂ ਹੈ। ਸੱਤਾ 'ਤੇ ਕਾਬਜ ਵਰਤਮਾਨ ਹਾਕਮ ਜਾਂ ਬੀਤੇ ਸਮੇਂ ਕਾਬਜ ਰਹੇ ਲੋਕਾਂ ਦੀ ਬਜਾਏ ਦੁਨੀਆ ਭਰ ਵਿੱਚ ਕਿਸਾਨਾਂ ਲਈ ਅਰਦਾਸਾਂ ਹੋ ਰਹੀਆਂ ਹਨ, ਅਵਾਜ਼ ਬੁਲੰਦ ਹੋ ਰਹੀ ਹੈ।

15 ਅਗਸਤ 1947 ਤੋਂ ਲੈ ਕੇ ਹੁਣ ਤੱਕ ਸੱਤਾ 'ਤੇ ਕੋਈ ਵੀ ਕਾਬਜ ਹੈ ਜਾਂ ਰਿਹਾ ਹੋਵੇ ਲੋਕਤੰਤਰ ਦੇ ਬੁਰਕੇ ਵਿੱਚ ਡਿਕਟੇਟਰਸ਼ਿੱਪ ਕਰਦਾ ਹੈ ਹਠਧਰਮੀ ਕਰਦਾ ਹੈ ਕਿਸਾਨਾਂ ਮਜਦੂਰਾਂ, ਦਲਿਤਾਂ ਆਮ ਲੋਕਾਂ ਦੀਆਂ ਮੰਗਾਂ ਨੂੰ ਇਸੇ ਨੀਤੀ ਤਹਿਤ ਡਾਂਗਤੰਤਰ ਨਾਲ ਕੁਚਲ ਦਿੱਤਾ ਜਾਂਦਾ ਹੈ। ਸਿੱਖ ਕੌਮ ਨਾਲ ਕੀਤੇ ਵਾਅਦਿਆਂ ਦੀ ਗੱਲ ਹੋਵੇ, ਪੰਜਾਬੀ ਸੂਬੇ ਦੀ ਗੱਲ ਹੋਵੇ, ਗੁਰੂ ਗ੍ਰੰਥ ਸਾਹਿਬ ਜੀ, ਗੁਰਬਾਣੀ ਦੀ ਬੇਅਦਬੀ ਦੀ ਗੱਲ ਹੋਵੇ ਜਾਂ ਅਨੰਦਪੁਰ ਸਾਹਿਬ ਦਾ ਮਤਾ ਹੋਵੇ ਨਤੀਜਾ ਵਿਸਾਖੀ 1978, ਜੂਨ 'ਤੇ ਨਵੰਬਰ 1984 ਅਤੇ ਬਹਿਬਲ ਗੋਲੀ ਕਾਂਡ ਨਿਕਲਦਾ ਆ ਰਿਹਾ ਹੈ। ਇਸ ਸੰਘਰਸ਼ ਦੌਰਾਨ 150 ਦੇ ਕਰੀਬ ਕਿਸਾਨ ਜਾਨਾ ਵਾਰ ਗਏ 11 ਵਾਰ ਸਰਕਾਰ ਨੇ ਮੀਟਿੰਗਾਂ ਦੇ ਨਾਮ 'ਤੇ ਚੀਟਿੰਗਾਂ ਕੀਤੀਆਂ ਜਿੱਦ ਨਹੀਂ ਛੱਡੀ, ਜਿੱਥੋਂ ਤੱਕ ਹੋ ਸਕਿਆ ਜ਼ਲੀਲ ਕੀਤਾ 11ਵੀਂ ਮੀਟਿੰਗ ਤੋਂ ਬਾਅਦ ਸਪਸ਼ਟ ਕਹਿ ਦਿੱਤਾ ਕਿ ਜੇ ਸੋਧਾਂ 'ਤੇ ਗੱਲ ਕਰਨੀ ਹੈ ਤਾਂ 12ਵੀਂ ਵਾਰ ਆ ਜਾਇਓ।

ਇੰਨੀ ਜ਼ਲਾਲਤ ਤੋਂ ਬਾਅਦ ਜੇ ਕੁੱਝ ਧਿਰਾਂ ਨੇ ਬੋਲੇ ਕੰਨਾਂ ਤੱਕ ਅਵਾਜ਼ ਪਹੁੰਚਾਉਣ ਲਈ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਸਾਹਿਬ ਝੁੱਲਾਂ ਦਿੱਤਾ ਤਾਂ 'ਆਪਣਿਆਂ' ਵੱਲੋਂ ਇੰਨਾ ਵਿਰੋਧ ਜਾਇਜ਼ ਨਹੀਂ, ਕਿਸਾਨੀ ਝੰਡਾ ਵੀ ਲਾਇਆ ਗਿਆ, ਤਿਰੰਗਾ ਵੀ ਆਪਣੀ ਜਗਾ ਰਿਹਾ ਵੀਡੀਓ ਕਲਿੱਪ ਵਿੱਚ ਕੁੱਝ ਲੋਕ ਜਨ, ਗਨ, ਮਨ ਪੜਦੇ ਵੀ ਵੇਖੇ ਸੁਣੇ ਗਏ। ਹੁਣ ਸਭ ਨੂੰ ਬੇਨਤੀ ਹੈ ਕਿ ਇਕ ਦੂਜੇ ਦੇ ਖ਼ਿਲਾਫ਼ ਮੋਰਚੇ ਖੋਲ ਕੇ ਸਰਕਾਰ ਦਾ ਕੰਮ ਅਸਾਨ ਨਾਂ ਕਰੋ, ਕਿਸਾਨੀ ਸੰਘਰਸ਼ 'ਤੇ ਧਿਆਨ ਕੇਂਦਰਿਤ ਕਰਕੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਤਹਿਤ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਇਕਮੱਤ 'ਤੇ ਇੱਕਮੁੱਠ ਹੋ ਕੇ ਸੰਘਰਸ਼ ਕਰੋ। ਇਸ ਜਿੱਤ ਵਿੱਚੋਂ ਹੋਰ ਕਈ ਉਮੀਦ ਦੀਆਂ ਕਿਰਨਾਂ ਨਿਕਲਣਗੀਆਂ।

# ਆਲ ਪਾਰਟੀ ਮੀਟਿੰਗ 'ਚ ਕੈਪਟਨ ਵੱਲੋਂ ਅਹਿਮ ਫ਼ੈਸਲੇ

## ✪ ਪੰਜਾਬ ਦਾ ਇੱਕ ਸਰਬ ਪਾਰਟੀ ਵਫਦ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਜਾਏਗਾ ✪ ਪੰਜਾਬ ਦੇ 70 ਲਾਪਤਾ ਵਿਅਕਤੀ ਦਿੱਲੀ ਦੀਆਂ ਜੇਲਾਂ 'ਚ, ✪ 14 ਬਾਰੇ ਪਤਾ ਲੱਗਾ, ਬਾਕੀਆਂ ਦੀ ਭਾਲ ਜਾਰੀ : ਕੈਪਟਨ

**ਚੰਡੀਗੜ/ਏ.ਟੀ.ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਬ ਪਾਰਟੀ ਮੀਟਿੰਗ ਸੱਦੀ। ਇਸ ਦੌਰਾਨ ਉਨਾਂ ਕਿਹਾ ਕਿ ਕੌਮੀ ਰਾਜਧਾਨੀ ਅੰਦਰ ਗਣਤੰਤਰ ਦਿਵਸ ਮੌਕੇ ਵਾਪਰੀਆਂ ਹਿੰਸਕ ਘਟਨਾਵਾਂ ਦੇ ਸਮੇਂ ਤੋਂ ਲੈ ਕੇ ਪੰਜਾਬ ਦੇ ਲਾਪਤਾ ਹੋਏ ਵਿਅਕਤੀਆਂ ਵਿੱਚੋਂ 70 ਦਿੱਲੀ ਦੀਆਂ ਜੇਲਾਂ ਵਿੱਚ ਹਨ ਜਦ ਕਿ ਬਾਕੀ 19 ਵਿੱਚੋਂ 14 ਦਾ ਪਤਾ ਲਗਾਇਆ ਜਾ ਚੁੱਕਾ ਹੈ।

ਮੁੱਖ ਮੰਤਰੀ, ਜਿਨਾਂ ਵੱਲੋਂ ਬੀਤੇ ਦਿਨੀਂ ਇਸ ਸਬੰਧੀ ਪੰਜਾਬ ਦੇ ਨਾਗਰਿਕਾਂ ਵੱਲੋਂ ਸ਼ਿਕਾਇਤਾਂ ਦਰਜ ਕਰਾਉਣ ਲਈ ਹੈਲਪਲਾਈਨ ਨੰ. 112 ਜਾਰੀ ਕੀਤਾ ਗਿਆ ਸੀ, ਨੇ ਸਰਬਪਾਰਟੀ ਮੀਟਿੰਗ ਦੌਰਾਨ ਦੱਸਿਆ ਕਿ ਪ੍ਰਾਪਤ ਹੋਈ ਸੂਚਨਾ ਅਨੁਸਾਰ ਪੰਜਾਬ ਦੇ 5 ਵਿਅਕਤੀ ਹਾਲੇ ਵੀ ਲਾਪਤਾ ਹਨ। ਉਨਾਂ ਦੱਸਿਆ ਕਿ ਇਨਾਂ ਵਿਅਕਤੀਆਂ ਦੀ ਭਾਲ ਲਈ ਹਰ ਤਰਾਂ ਦੇ ਯਤਨ ਕੀਤੇ ਜਾ ਰਹੇ ਹਨ।

ਕੈਪਟਨ ਨੇ ਕਿਹਾ ਕਿ ਕਿਸਾਨਾਂ ਦੀ ਮੁਫ਼ਤ ਕਾਨੂੰਨੀ ਸਹਾਇਤਾ ਲਈ ਐਡਵੋਕੇਟ ਜਨਰਲ ਅਤੁਲ ਨੰਦਾ ਵੱਲੋਂ ਤਾਇਨਾਤ ਵਕੀਲਾਂ ਦੀ 70 ਮੈਂਬਰੀ ਟੀਮ ਵੱਲੋਂ ਜੇਲਾਂ ਵਿੱਚ ਇਨਾਂ ਵਿਅਕਤੀਆਂ ਅਤੇ ਜਿਨਾਂ ਖ਼ਿਲਾਫ਼ ਦਿੱਲੀ ਪੁਲਿਸ ਵੱਲੋਂ ਮਾਮਲੇ ਦਰਜ ਕੀਤੇ ਗਏ ਹਨ, ਤੱਕ ਪਹੁੰਚ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਉਨਾਂ ਦੀ ਸਰਕਾਰ ਵੱਲੋਂ ਦਿੱਲੀ ਦੀਆਂ ਹੱਦਾਂ 'ਤੇ ਦੋ ਮਹੀਨੇ ਤੋਂ ਜ਼ਿਆਦਾ ਸਮੇਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਅਤੇ ਪਿੱਛੇ ਉਨਾਂ ਦੇ ਪਰਿਵਾਰਾਂ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਉਨਾਂ ਨਾਲ ਹੀ ਕਿਹਾ ਕਿ ਕਿਸਾਨਾਂ ਦੀ ਪੰਜਾਬ ਵਿਚਲੇ ਉਨਾਂ ਦੇ ਘਰਾਂ ਵਿੱਚ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਖ਼ੁਲਾਸਾ ਕੀਤਾ ਕਿ ਉਨਾਂ ਦੀ ਸਰਕਾਰ ਵੱਲੋਂ ਪੰਜਾਬ ਵਿੱਚ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਕੀਤੇ 170 ਕੇਸ ਵਾਪਸ ਲੈ ਲਏ ਜਾ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ, 'ਗਲਵਾਨ ਵਿੱਚ ਚੀਨੀ ਫ਼ੌਜੀ ਸਾਡੇ ਜਵਾਨਾਂ ਦੇ ਵਿਰੁੱਧ ਬਰਛੀਆਂ ਅਤੇ ਡਾਂਗਾਂ ਨਾਲ ਲੈਸ ਹਨ ਅਤੇ ਦਿੱਲੀ ਪੁਲਿਸ ਸਾਡੇ ਕਿਸਾਨਾਂ ਖ਼ਿਲਾਫ਼ ਸਿੰਘੂ ਬਾਰਡਰ 'ਤੇ ਡੰਡੇ ਲੈ ਕੇ ਰਸਤਿਆਂ 'ਤੇ ਰਾਡਾਂ ਵਿਛਾ ਰਹੀ ਹੈ।

ਬਾਕੀ ਸਫ਼ਾ 30 'ਤੇ

# ਦਿੱਲੀ ਦਾ ਕਿਰਸਾਨ ਮੋਰਚਾ ਅਤੇ ਖੇਤੀ ਦਾ ਸਦੀਵੀ ਹੱਲ



**ਡਾ: ਤਰਲੋਚਨ ਸਿੰਘ ਨਾਹਲ,**
**ਕੈਲੇਫੋਰਨੀਆ**



*ਅਡਾਨੀ ਗਰੁਪ ਵਲੋਂ ਅਨਾਜ ਨੂੰ ਬਹੁਤ ਹੀ ਵੱਡੀ ਮਾਤਰਾ ਵਿਚ ਅਨਾਜ ਭੰਡਾਰਨ ਲਈ ਬਣਾਏ ਜਾ ਰਹੇ ਲੋਹੇ ਦੇ ਸਾਈਲੋਜ਼ (ਭੜੋਲੇ)* **source: https://www.adaniagrilogistics.com**

ਹਥਲੇ ਲੇਖ ਦਾ ਮੁਖ ਮੰਤਵ ਪਾਠਕਾਂ ਨਾਲ ਦਿੱਲੀ ਦੇ ਬਾਰਡਰਾਂ ਤੇ ਚਲ ਰਹੇ ਕਿਰਸਾਨੀ ਸੰਘਰਸ਼ ਬਾਰੇ ਸੰਖੇਪ ਜਾਣਕਾਰੀ ਦੇਣਾ ਅਤੇ ਖੇਤੀ ਨਾਲ ਸਬੰਧਤ ਮਸਲਿਆਂ ਦਾ ਅਸਲ ਅਤੇ ਸਾਰਥਕ ਹੱਲ ਲੱਭਣ ਲਈ ਕੁਝ ਵਿਚਾਰ ਪਾਠਕਾਂ ਨਾਲ ਸਾਂਝਾ ਕਰਨਾ ਹੈ।

ਗੁਰੂ ਨਾਨਕ ਦੇਵ ਜੀ ਸਿਰੀਰਾਗੁ ਵਿਚ ਫਰਮਾਉਂਦੇ ਹਨ:

**ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 19)**

ਇਥੇ ਅੰਤ੍ਰਜਾਮੀ ਵਾਹਿਗੁਰੂ ਨੂੰ, ਉਸ ਦੀ ਸਿਫਤ ਸਲਾਹ ਕਰਦਿਆਂ, ਗੁਰੂ ਸਾਹਿਬ ਨੇ ਨਾ ਭੁਲਣਹਾਰ ਅਤੇ ਸੱਚਾ ਅਤੇ ਵੱਡਾ ਕਿਰਸਾਨ ਕਿਹਾ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਪਣੇ ਮਨ ਵਿਚ ਕਿਰਸਾਨਾਂ ਦਾ ਕਿੱਡਾ ਵੱਡਾ ਸਤਿਕਾਰ ਹੈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਵੀ ਗਉੜੀ ਗੁਆਰੇਰੀ ਵਿਚ ਕਿਰਸਾਨ ਦੇ ਉਦਮ ਦੀ ਵਡਿਆਈ ਇੰਝ ਕਰਦੇ ਨੇ

**ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥**
**ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 166)**

ਭਾਵ ਕਿਰਸਾਨ ਆਪਣੇ ਖੇਤਾਂ ਵਿਚ ਖੇਤੀ ਦੇ ਕੰਮ ਨੂੰ ਬਹੁਤ ਲਗਨ ਅਤੇ ਪਿਆਰ ਨਾਲ ਕਰਦਾ ਹੈ। ਉਹ ਹਲ ਵਾਹੁੰਦਾ ਹੈ ਤੇ ਉਦਮ ਕਰਦਾ ਹੈ ਤਾਂ ਕਿ ਉਸਦੇ ਪੁਤ ਧੀਅ (ਭਾਵ ਪਰਿਵਾਰ) ਭੋਜਨ ਖਾ ਸਕਣ।

**ਇਸ ਵੇਲੇ ਕਿਰਸਾਨ, ਜਿਸ ਨੂੰ ਅੰਨਦਾਤਾ ਕਿਹਾ ਜਾਂਦਾ ਹੈ, ਉਸ ਦੀ ਅਤੇ ਉਸ ਦੇ ਪਰਿਵਾਰ ਦੀ ਰੋਟੀ ਰੋਜ਼ੀ ਖੁਦ ਖਤਰੇ ਵਿਚ ਹੈ। ਕਿਰਸਾਨ ਇਸ ਵੇਲੇ ਦੋ ਮਹੀਨਿਆਂ ਤੋਂ ਆਪਣੇ ਘਰ ਤੋਂ ਸੈਂਕੜੇ ਮੀਲ ਦੂਰ ਸੜਕ ਤੇ ਬੈਠਾ ਹੈ। ਸਖਤ ਸਰਦੀ ਅਤੇ ਮੀਂਹ ਵਿਚ ਪਰਿਵਾਰ ਨੂੰ ਪਿਛੇ ਛੱਡ ਕੇ ਅਨੇਕਾਂ ਕਸ਼ਟ ਝਲਦਾ ਹੋਇਆ, ਡਾਂਗਾਂ ਖਾਂਦਾ, ਅਥਰੂ ਗੈਸ ਦੇ ਗੋਲੇ ਸਰੀਰ ਤੇ ਝਲਦਾ ਹੋਇਆ, ਅਤੇ ਅਤਿ ਸਰਦੀ ਦੇ ਦਿਨਾਂ ਵਿਚ ਪਾਣੀ ਦੀਆਂ ਤੋਪਾਂ ਦੀਆਂ ਬੁਛਾੜਾਂ ਸਹਿੰਦਾ ਕਿਰਸਾਨ ਆਪਣੇ ਹੱਕਾਂ ਲਈ ਜੂਝ ਰਿਹਾ ਹੈ। ਇਸ ਸੰਘਰਸ਼ ਵਿਚ ਅਨੇਕਾਂ ਛੋਟੇ ਬੱਚੇ, ਬੀਬੀਆਂ, ਬਜ਼ੁਰਗ ਅਤੇ ਨੌਜੁਆਨ ਵੀ ਸ਼ਾਮਲ ਹਨ। ਅਜੇਹਾ ਕਿਰਸਾਨੀ ਸੰਘਰਸ਼ ਅੱਜ ਤੱਕ ਦੁਨੀਆ ਦੇ ਇਤਿਹਾਸ ਵਿਚ ਕਿਤੇ ਵੇਖਣ ਨੂੰ ਨਹੀਂ ਮਿਲਦਾ। ਇਸ ਸੰਘਰਸ਼ ਦੀ ਪੀੜਾ ਦੇਸ਼ਾਂ ਵਿਦੇਸ਼ਾਂ ਵਿਚ ਹਜ਼ਾਰਾਂ ਮੀਲਾਂ ਤੇ ਵੀ ਮਹਿਸੂਸ ਹੋ ਰਹੀ ਹੈ।**

ਭਾਰਤ ਸਰਕਾਰ ਨੇ ਖੇਤੀ ਨਾਲ ਸਬੰਧਤ ਜੋ ਤਿੰਨ ਕਨੂੰਨ ਸੰਵਿਧਾਨ ਨੂੰ ਛਿੱਕੇ ਤੇ ਟੰਗ ਕੇ ਲੰਘੇ ਜੂਨ ਪਾਰਲੀਮੈਂਟ ਵਿਚ ਧੱਕੇ ਨਾਲ ਪਾਸ ਕਰਾ ਕੇ ਲਾਗੂ ਕਰ ਦਿੱਤੇ ਹਨ, ਉਹਨਾਂ ਨੇ ਕਿਸਾਨੀ ਦਾ ਸੰਕਟ ਹੋਰ ਵੀ ਗਹਿਰਾ ਕਰ ਦਿੱਤਾ ਹੈ। ਇਸ ਘਟਨਾ ਨੇ ਸਾਰੇ ਭਾਰਤ ਵਿਚ ਇਕ ਬਹੁਤ ਵੱਡਾ ਰਾਜਸੀ ਸੰਕਟ ਵੀ ਖੜਾ ਕਰ ਦਿੱਤਾ ਹੈ। ਬੀ ਜੇ ਪੀ ਅਤੇ ਅਕਾਲੀ ਦਲ ਦੀ ਤਕਰੀਬਨ 45 ਸਾਲ ਦੀ ਪੁਰਾਣੀ ਰਾਜਨੀਤਕ ਭਾਈਵਾਲੀ ਤੜੱਕ ਕਰ ਕੇ ਟੁੱਟ ਗਈ ਹੈ ਅਤੇ ਆਮ ਲੋਕ ਤਾਂ ਕੀ, ਭਾਜਪਾ ਦੀਆਂ ਰਾਜ ਸਰਕਾਰਾਂ ਵਿਚ ਉਹਨਾਂ ਦੇ ਆਪਣੇ ਸਮਰਥਕ ਵੀ ਉਹਨਾਂ ਦੇ ਖਿਲਾਫ ਹੋ ਰਹੇ ਹਨ। ਇਹਨਾ ਕਨੂੰਨਾਂ ਦਾ ਅਸਰ ਸਿਰਫ ਕਿਰਸਾਨਾਂ ਤੇ ਹੀ ਨਹੀਂ ਪਿਆ ਸਗੋਂ ਮਜ਼ਦੂਰਾਂ, ਵਪਾਰੀਆਂ ਅਤੇ ਆਮ ਲੋਕਾਂ ਤੇ ਵੀ ਪਿਆ ਹੈ। ਇਹ ਤਿੰਨੇ ਕਨੂੰਨ ਸਰਕਾਰ ਨੇ ਕਿਰਸਾਨਾਂ ਜਾਂ ਆਮ ਜਨਤਾ ਦੇ ਭਲੇ ਲਈ ਨਹੀਂ, ਸਗੋਂ ਅੰਬਾਨੀ ਅਤੇ ਅਡਾਨੀ ਵਰਗੇ ਵੱਡੇ ਵੱਡੇ ਧਨਾਢਾਂ ਅਤੇ ਜ਼ਖੀਰੇਬਾਜ਼ਾਂ ਦੇ ਭਲੇ ਵਾਸਤੇ ਬਣਾਏ ਹਨ ਤਾਂ ਕਿ ਉਹਨਾ ਨੂੰ ਕਿਰਸਾਨਾਂ, ਮਜ਼ਦੂਰਾਂ, ਅਤੇ ਆਮ ਖਪਤਕਾਰਾਂ ਦਾ ਸੋਸ਼ਣ ਕਰਨ ਵਿਚ ਸੌਖ ਰਹੇ।

## ਦਿੱਲੀ ਦਾ ਮੋਰਚਾ ਅਤੇ ਕਿਰਸਾਨੀ ਦੇ ਅਸਲ ਮਸਲੇ

**ਐਮ ਐਸ ਪੀ (ਘੱਟੋ ਘੱਟ ਸਮਰਥਨ ਕੀਮਤ) ਇਸ ਸੰਘਰਸ਼ ਦਾ ਇਕ ਬਹੁਤ ਅਹਿਮ ਮੁੱਦਾ ਹੈ। ਸਾਰੇ ਕਿਰਸਾਨ ਬਜ਼ਿਦ ਹਨ ਕਿ ਅਸੀਂ ਸਰਕਾਰ ਵਲੋਂ ਠੋਸੇ ਤਿੰਨੇ ਹੀ ਕਨੂੰਨ ਰੱਦ ਕਰਾ ਕੇ ਹੀ ਘਰ ਜਾਣਾ ਹੈ। ਉਧਰ ਮੋਦੀ ਸਰਕਾਰ ਇਹੀ ਰੱਟ ਲਾਈ ਜਾ ਰਹੀ ਹੈ ਕਿ ਇਹ ਕਨੂੰਨ ਤਾਂ ਤੁਹਾਡੇ ਲਈ ਬਹੁਤ ਫਾਇਦੇਮੰਦ ਹਨ, ਇਹ ਗੱਲ ਐਵੇਂ ਥੋਡੀ ਸਮਝ ਵਿਚ ਹੀ ਨਹੀਂ ਆ ਰਹੀ! ਮੈਂ ਕਿਰਸਾਨ ਵੀਰਾਂ ਨਾਲ 100% ਸਹਿਮਤ ਹਾਂ ਕਿ ਇਹ ਕਾਲੇ ਕਨੂੰਨ ਜਰੂਰ ਰੱਦ ਹੋਣੇ ਚਾਹੀਦੇ ਹਨ। ਪਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇ ਇਹ ਕਾਲੇ ਕਨੂੰਨ ਰੱਦ ਹੋ ਜਾਂਦੇ ਹਨ ਅਤੇ ਐਮ ਐਸ ਪੀ ਮਿਲਣ ਦੀ ਵੀ ਲਿਖਤੀ ਗਰੰਟੀ ਮਿਲ ਜਾਏ ਤਾਂ ਕੀ ਕਿਰਸਾਨਾਂ ਦਾ ਪਾਰ ਉਤਾਰਾ ਹੋ ਜਾਏਗਾ? ਹਰਗਿਜ਼ ਨਹੀਂ! ਅਸਲ ਵਿਚ ਐਮ ਐਸ ਪੀ ਆਪਣੇ ਆਪ ਵਿਚ ਬਹੁਤ ਹੀ ਛੋਟਾ ਨਿਸ਼ਾਨਾ ਹੈ ਜੋ ਕਿ ਰੁੱਖ ਤੇ ਨੀਵਾਂ ਲਟਕਣ ਵਾਲਾ ਫਲ ਹੈ। ਇਹ ਕੋਈ ਕਿਰਸਾਨੀ ਮਸਲਿਆਂ ਦਾ ਪੱਕਾ ਹੱਲ ਨਹੀਂ। ਕੋਈ ਵੀ ਭਿਆਨਕ ਬਿਮਾਰੀ ਸਿਰਫ ਟਕੋਰ ਕਰਨ ਨਾਲ ਨਹੀਂ ਦੂਰ ਹੁੰਦੀ; ਉਸ ਦੇ ਅਸਲ ਕਾਰਨ ਲੱਭਣ ਅਤੇ ਸਹੀ ਇਲਾਜ ਦੀ ਲੋੜ ਹੁੰਦੀ ਹੈ।**

ਕਿਸਾਨ ਵੀਰੋ! ਧਿਆਨ ਨਾਲ ਸੋਚੋ। ਐਮ ਐਸ ਪੀ ਜਿਊਂਦਾ ਰਹਿਣ ਲਈ ਘੱਟੋ ਘੱਟ ਤਨਖਾਹ ਦੇ ਬਰਾਬਰ ਹੈ ਅਤੇ ਉਹ ਵੀ ਤੁਹਾਨੂੰ ਸਿਰਫ ਕਣਕ ਤੇ ਝੋਨੇ ਤੇ ਹੀ ਮਿਲ ਰਹੀ ਹੈ। ਜਦ ਕੋਈ ਵਿਅਕਤੀ ਨੌਕਰੀ ਵਾਸਤੇ ਇੰਟਰਵਿਊ ਲਈ ਜਾਂਦਾ ਹੈ ਤਾਂ ਕੀ ਉਸ ਦਾ ਮੁੱਖ ਨਿਸ਼ਾਨਾ ਘੱਟੋ ਘੱਟ ਤਨਖਾਹ ਲੈਣ ਦਾ ਹੋਣਾ ਚਾਹੀਦਾ ਹੈ ਜਾਂ ਵੱਧ ਤੋਂ ਵੱਧ? ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ. ਸੀ. ਆਈ.), ਜਿਹਦੇ ਹੱਥ ਸਰਕਾਰ ਨੇ ਬੰਨੇ ਹੋਏ ਨੇ, ਤੁਹਾਡੀ ਪੂਰੀ ਜਿਣਸ ਖਰੀਦ ਨਹੀਂ ਰਹੀ ਜਿਸ ਦੇ ਫਲਸਰੂਪ ਤੁਸੀਂ ਆਪਣੀ ਜਿਣਸ ਘੱਟੋ ਘੱਟ ਸਮਰਥਨ ਕੀਮਤ ਤੋਂ ਵੀ ਘਟ ਭਾਵ 'ਬੀ ਐਮ ਐਸ ਪੀ' (**Below Minimum Support Price**) ਤੇ ਵੇਚਣ ਲਈ ਮਜ਼ਬੂਰ ਹੁੰਦੇ ਹੋ। ਸਰਕਾਰ ਐਫ. ਸੀ. ਆਈ. ਨੂੰ ਕਮਜ਼ੋਰ ਕਰ ਕੇ ਇਸ ਦਾ ਦੀਵਾਲਾ ਖੁਦ ਕੱਢ ਰਹੀ ਹੈ ਅਤੇ ਚਾਹੁੰਦੀ ਹੈ ਕਿ ਇਹ ਛੇਤੀ ਇਸ ਦੇ ਗਲੋਂ ਲਹੇ ਤਾਂ ਕਿ ਅਡਾਨੀ ਵਰਗਿਆਂ ਦਾ ਰਾਹ ਮੋਕਲਾ ਹੋ ਜਾਏ।

ਅਡਾਨੀ ਵਰਗੇ ਮਾਰਕੀਟਿੰਗ ਦੇ ਅੰਤ੍ਰੀਵ ਭੇਦਾਂ ਨੂੰ ਸਮਝਦੇ ਹਨ ਜਿਸ ਕਾਰਨ ਉਹ ਕਿਰਸਾਨਾ ਦਾ ਸ਼ੋਸ਼ਣ ਕਰਨ ਵਿਚ ਕਾਮਯਾਬ ਹੋ ਰਹੇ ਹਨ। ਉਹਨਾਂ ਨੇ ਪੰਜਾਬ, ਹਰਿਆਣਾ ਅਤੇ ਹੋਰ ਥਾਵਾਂ ਤੇ ਬਹੁਤ ਹੀ ਵੱਡ ਆਕਾਰੀ ਲੋਹੇ ਦੇ ਭੜੋਲੇ (silos) ਬਣਾਏ ਹੋਏ ਹਨ ਜਿਹਨਾਂ ਵਿਚ ਬਹੁਤ ਹੀ ਵੱਡੀ ਮਿਕਦਾਰ ਵਿਚ ਅਨਾਜ ਦਾ ਜ਼ਖੀਰਾ ਸਾਂਭਿਆ ਜਾ ਸਕਦਾ ਹੈ। ਪੁਰਾਣੇ ਜਮਾਨਿਆ ਵਿਚ ਹਰ ਕਿਰਸਾਨ ਦੇ ਘਰ ਮਿੱਟੀ ਦੀਆਂ ਇੱਟਾਂ ਦੀ ਅਜੇਹੀ ਕੋਠੀ ਜਾਂ ਭੜੋਲਾ ਹੁੰਦਾ ਸੀ। ਆਪਾਂ ਇਹ ਅਖਾਣ ਸਾਰਿਆਂ ਨੇ ਸੁਣਿਆ ਹੀ ਹੋਵੇਗਾ, 'ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ।' ਅਜੇਹੇ ਵੱਡ ਆਕਾਰੀ ਲੋਹੇ ਦੇ ਭੜੋਲੇ (silos) ਅਡਾਨੀ ਵਰਗਿਆਂ ਦੇ ਅਨਾਜ ਦੀ ਮਾਰਕੀਟ ਤੇ ਏਕਾਧਿਕਾਰ ਦੇ ਪ੍ਰਤੀਕ ਹਨ।

## ਕਿਸਾਨ ਸੰਘਰਸ਼ ਦਾ ਵਿਸ਼ਵ ਵਿਆਪੀ ਅਸਰ

ਅੱਜ ਲੱਖਾਂ ਕਿਰਸਾਨ, ਬਜ਼ੁਰਗ, ਨੌਜੁਆਨ, ਬੱਚੇ, ਅਤੇ ਬੀਬੀਆਂ ਆਪਣੇ ਟ੍ਰੈਕਟਰ ਟਰਾਲੀਆਂ ਵਿਚ ਛੋਟਾ ਮੋਟਾ ਲੋੜੀਂਦਾ ਸਮਾਨ ਅਤੇ ਤੰਬੂਤਾਣਾ ਲੱਦ ਕੇ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਹਨ ਅਤੇ ਅਨੇਕ ਤਰਾਂ ਦੀਆਂ ਕਠਨਾਈਆਂ ਦਾ ਸਾਹਮਣਾ ਬਹੁਤ ਹੀ ਸਿਦਕ ਅਤੇ ਚੜਦੀ ਕਲਾ ਵਿਚ ਰਹਿ ਕੇ ਕਰ ਰਹੇ ਹਨ। ਉਹਨਾਂ ਦੀ ਹਰ ਤਰਾਂ ਦੀ ਸੇਵਾ ਅਤੇ ਲੰਗਰ ਪਾਣੀ ਦਾ ਪ੍ਰਬੰਧ ਕਰਨ ਵਾਲੇ ਅਤੇ ਦਾਨੀ ਅਤਿ ਸਤਕਾਰਯੋਗ ਹਨ। ਇਹੋ ਜਿਹਾ ਪਿਆਰ ਅਤੇ ਭਾਈਚਾਰੇ ਦਾ ਮਹੌਲ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਕਦੇ ਦੇਖਣ ਨੂੰ ਨਹੀਂ ਮਿਲਿਆ। ਸੋਸ਼ਲ ਮੀਡੀਆ-ਫੇਸਬੁਕ, ਟਵਿਟਰ, ਇੰਸਟਾਗਰਾਮ, ਯੂਟਿਊਬ, ਲਿੰਕਡਇਨ, ਇੰਟਰਨੈਟ ਅਤੇ ਮੋਬਾਇਲ ਫੋਨ ਰਾਹੀਂ ਦਿੱਲੀ ਦੇ ਮੋਰਚੇ ਦੀ ਪਲ ਪਲ ਦੀ ਖਬਰ ਦੁਨੀਆਂ ਦੇ ਹਰ ਕੋਨੇ 'ਤੇ ਪਹੁੰਚ ਰਹੀ ਹੈ। ਦੁਨੀਆ ਦੇ ਤਕਰੀਬਨ ਹਰ ਮੁਲਕ ਵਿਚ ਜਿਥੇ ਵੀ ਇੰਡੀਆਂ ਦਾ ਸਫਾਰਤਖਾਨਾ ਜਾਂ ਕੌਂਸਲੇਟ ਹੈ, ਉਹਨਾ ਅੱਗੇ ਪੰਜਾਬੀ ਬਹੁਤ ਜ਼ੋਰਦਾਰ ਮੁਜ਼ਾਹਰੇ ਅਤੇ ਰੈਲੀਆਂ ਕਰ ਰਹੇ ਹਨ। ਸਮੂਹ ਵਿਦੇਸ਼ੀ ਸਿੱਖ ਅਤੇ ਪੰਜਾਬੀ ਭਾਈਚਾਰਾ ਇਸ ਸੰਘਰਸ਼ ਦੇ ਨਾਲ ਹੈ ਅਤੇ ਇਸ ਸੰਘਰਸ਼ ਦੀ ਗੂੰਜ ਅੰਤਰਰਾਸ਼ਟਰੀ ਪੱਧਰ ਤੇ ਪੈ ਰਹੀ ਹੈ। ਕਈ ਸਰਕਾਰਾਂ ਅਤੇ ਉਹਨਾ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਇਸ ਸੰਘਰਸ਼ ਦਾ ਖੁੱਲਾ ਸਮਰਥਨ ਕੀਤਾ ਹੈ, ਪਰ ਕਿਸੇ ਨੇ ਵੀ ਇਸ ਦੀ ਵਿਰੋਧਤਾ ਨਹੀਂ ਕੀਤੀ। ਇਸ ਸੰਘਰਸ਼ ਵਿਚ ਹੁਣ ਤੱਕ 170 ਤੋਂ ਵੱਧ ਕੀਮਤੀ ਜਾਨਾਂ ਦਾ ਨੁਕਸਾਨ ਹੋ ਚੁੱਕਾ ਹੈ। ਮੋਦੀ ਸਰਕਾਰ ਦੀਆਂ 26 ਜਨਵਰੀ 2021 ਤੋਂ ਪਹਿਲਾਂ ਕਿਰਸਾਨਾਂ ਨਾਲ 11 ਮੀਟਿੰਗਾਂ ਹੋ ਚੁੱਕੀਆਂ ਹੋਈਆਂ ਹਨ, ਪਰ ਉਹਨਾਂ ਵਿਚੋਂ ਕੱਖ ਵੀ ਨਹੀਂ ਹਾਸਲ ਹੋਇਆ।

## ਸਰਕਾਰ ਅਤੇ ਸੁਪਰੀਮ ਕੋਰਟ

ਭਾਰਤ ਦੀ ਸੁਪਰੀਮ ਕੋਰਟ ਵਲੋਂ ਦਿੱਤੇ ਜਾ ਰਹੇ ਸੰਕੇਤਾਂ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਮਾਨਯੋਗ ਅਦਾਲਤ ਆਪਣੇ ਫਰਜ਼ ਅਦਾ ਕਰਦਿਆਂ ਸੰਵਿਧਾਨ ਮੁਤਾਬਿਕ ਇਹਨਾਂ ਕਨੂੰਨਾਂ ਦੀ ਵਿਆਖਿਆ ਕਰ ਕੇ ਕੋਈ ਮਹਤਵਪੂਰਨ ਫੈਸਲਾ ਦੇਵੇਗੀ, ਪਰ ਇਸ ਨੇ ਵੀ ਆਪਣਾ ਬਣਦਾ ਫਰਜ਼ ਨਹੀਂ ਨਿਭਾਇਆ ਅਤੇ ਨਿਰਾਸ਼ਾ ਹੀ ਪੱਲੇ ਪਾਈ ਹੈ। ਅੰਗਰੇਜ਼ੀ ਦਾ ਕਥਨ ਹੈ '**Justice delayed is justice denied**' ਭਾਵ ਨਿਆਂ ਦੇਣ ਵਿਚ ਦੇਰੀ ਕਰਨਾ ਨਿਆਂ ਦੇਣ ਤੋਂ ਮੁਨਕਰ ਹੋਣਾ ਹੈ। ਇਹ ਕੋਈ ਸਾਧਾਰਨ ਮਸਲਾ ਨਹੀਂ ਹੈ। ਇਸ ਨਾਲ ਭਾਰਤ ਦੇ ਦੋ-ਤਿਹਾਈ ਲੋਕਾਂ ਦਾ ਰੁਜ਼ਗਾਰ, ਜੀਵਨ ਜਾਚ, ਅਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ। ਲੱਖਾਂ ਦੀ ਗਿਣਤੀ ਵਿਚ 7-8 ਮਹੀਨਿਆਂ ਤੋਂ ਕਿਰਸਾਨ ਅਤੇ ਮਜ਼ਦੂਰ ਸੜਕਾਂ ਤੇ ਆ ਕੇ ਬੈਠੇ ਹਨ ਅਤੇ ਹਰ ਤਰਾਂ ਦੀਆਂ ਕਠਨਾਈਆਂ ਸਹਿਣ ਕਰ ਰਹੇ ਹਨ। ਮਾਨਯੋਗ ਕੋਰਟ ਨੇ ਇਸ ਮਸਲੇ ਨੂੰ ਸੁਲਝਾਉਣ ਦੀ ਥਾਂ ਲੰਮਲੇਟ ਪਾਉਣ ਦਾ ਯਤਨ ਕੀਤਾ ਹੈ ਅਤੇ ਉਗਿੱਲਾ ਪੀਹਣ" ਪਾ ਦਿੱਤਾ ਹੈ। ਇਹਨਾਂ ਤਿੰਨਾਂ ਕਨੂੰਨਾਂ ਤੇ ਆਰਜ਼ੀ ਰੋਕ ਲਾ ਕੇ ਇਕ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਹੈ ਜਿਸ ਤੋਂ ਕਾਸੇ ਦੀ ਆਸ ਨਹੀਂ। ਇਸ ਸੰਘਰਸ਼ ਵਿਚ ਪੰਜਾਬ, ਦਿੱਲੀ, ਹਰਿਆਣਾ, ਯੂ.ਪੀ., ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਬੰਗਾਲ, ਤਾਮਿਲਨਾਡੂ ਅਤੇ ਹੋਰ ਸੂਬਿਆਂ ਤੋਂ ਇਲਾਵਾ ਦੇ ਤਕਰੀਬਨ ਹਰ ਰਾਜਸੀ ਪਾਰਟੀ ਨੇ (ਬੀ ਜੇ ਪੀ ਨੂੰ ਛੱਡ ਕੇ) ਅਤੇ ਭਾਰਤ ਦੇ ਆਮ ਕਿਰਸਾਨਾਂ ਅਤੇ ਹਰ ਵਰਗ ਦੇ ਲੋਕਾਂ ਨੇ ਭਰਪੂਰ ਮਦਦ ਕੀਤੀ ਹੈ ਜੋ ਕਿ ਧੰਨਵਾਦ ਦੇ ਪਾਤਰ ਹਨ। 'ਗੋਦੀ ਮੀਡੀਏ' ਨੂੰ ਛੱਡ ਕੇ ਪੰਜਾਬ ਅਤੇ ਬਾਹਰਲੇ ਹੋਰ ਮੀਡੀਏ ਦਾ ਰੋਲ ਬਹੁਤ ਹੀ ਸ਼ਲਾਘਾਯੋਗ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ।

ਸਰਕਾਰ ਇਸ ਕਿਰਸਾਨ ਸੰਘਰਸ਼ ਨੂੰ ਤਹਿਸ ਨਹਿਸ ਕਰਨ ਲਈ ਹਰ ਤਰੀਕਾ ਵਰਤ ਰਹੀ ਹੈ ਅਤੇ ਕੋਝੀਆਂ ਹਰਕਤਾਂ ਤੇ ਵੀ ਉਤਰ ਆਈ ਹੈ। ਇਥੋਂ ਤੱਕ ਕਿ ਇਸ ਨੇ ਮੋਰਚੇ ਦੇ ਪ੍ਰਮੁੱਖ ਚਾਰ ਕਿਰਸਾਨ ਲੀਡਰਾਂ ਨੂੰ ਮਾਰਨ ਲਈ ਇਕ ਗੁੰਡਿਆਂ ਦੀ ਟੀਮ ਨੂੰ ਹਰਿਆਣੇ ਦੇ ਇਕ ਠਾਣੇ ਵਿਚ ਸਿਖਿਅਤ ਕਰ ਕੇ ਮੋਰਚੇ ਵਿਚ ਭੇਜ ਦਿੱਤਾ ਸੀ। ਇਹਨਾਂ ਸਰਕਾਰੀ ਗੁੰਡਿਆਂ ਨੇ ਪੁਲਿਸ ਦੀ ਵਰਦੀ ਵਿਚ ਮੋਰਚੇ ਦੀ ਭੀੜ ਨੂੰ ਦਿੱਲੀ ਨੂੰ ਜਾਣ ਤੋਂ ਰੋਕਣਾ ਸੀ ਅਤੇ ਉਨਾਂ ਵਿਚੋਂ ਹੀ ਕਈਆਂ ਨੇ ਆਨੇ ਬਹਾਨੇ ਭੀੜ ਉਪਰ ਗੋਲੀ ਚਲਾਉਣੀ ਸੀ ਅਤੇ ਦਹਿਸ਼ਤ ਪੈਦਾ ਕਰਨੀ ਸੀ ਜਿਸ ਨਾਲ ਭਗਦੜ ਦੀ ਸਥਿੱਤੀ ਪੈਦਾ ਹੋ ਜਾਏ। ਇਹ ਕੋਈ ਦੈਵੀ ਦਖਲ ਹੀ ਸਮਝੋ ਕਿ ਉਹ ਗੁੰਡੇ ਫੜੇ ਗਏ ਅਤੇ ਉਨਾਂ ਨੇ ਸਾਰਾ ਕੁਝ 'ਬਕ' ਵੀ ਦਿੱਤਾ।

## 26 ਜਨਵਰੀ 2021 ਦੀ ਦਿੱਲੀ ਵਿਚ ਕਿਸਾਨ ਪਰੇਡ

26 ਜਨਵਰੀ 2021 ਨੂੰ ਕਿਰਸਾਨ ਦਿੱਲੀ ਦੇ ਤਕਰੀਬਨ ਦੋ ਢਾਈ ਲੱਖ ਟ੍ਰੈਕਟਰਾਂ ਅਤੇ ਤਕਰੀਬਨ 10 ਲੱਖ ਵਿਅਕਤੀਆਂ ਦੇ ਮਾਰਚ ਨੇ ਗਣਤੰਤਰ ਦਿਵਸ ਦੀ ਝਾਲ ਮੱਠੀ ਪਾ ਦਿੱਤੀ ਹੈ ਅਤੇ ਇਹ 'ਕਿਸਾਨ ਟ੍ਰੈਕਟਰ ਪਰੇਡ ਦਿਵਸ' ਹੋ ਨਿਬੜਿਆ ਹੈ। ਜੇ ਇਸ ਵਿਚ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਦੋ ਕੁ ਦਿਨ ਪਹਿਲਾਂ ਹੋਈ ਟ੍ਰੈਕਟਰ ਪਰੇਡ ਨੂੰ ਗਿਣ ਲਈਏ ਤਾਂ ਇਸ ਵਿਚ ਘੱਟੋ ਘਟ 25-30 ਲੱਖ ਵਿਅਕਤੀਆਂ ਨੇ ਭਾਗ ਲਿਆ ਹੈ। ਇਸ ਟ੍ਰੈਕਟਰ ਪਰੇਡ ਦੀ ਮਿਸਾਲ ਦੁਨੀਆਂ ਵਿਚ ਹੋਰ ਕਿਤੇ ਨਹੀਂ ਮਿਲਦੀ। ਜਿਸ ਦਲੇਰੀ ਅਤੇ ਤਾਕਤ ਨਾਲ ਕਿਰਸਾਨ ਬਹੁਤ ਹੀ ਸ਼ਕਤੀਸ਼ਾਲੀ ਬੈਰੀਕੇਡ ਤੋੜ ਕੇ ਦਿੱਲੀ ਵਿਚ ਦਾਖਲ ਹੋਏ, ਉਹ ਆਪਣੇ ਆਪ ਵਿਚ ਮਿਸਾਲ ਹੈ। ਜੋ ਉਥੇ ਹਿੰਸਕ ਕਾਰਵਾਈਆਂ ਹੋਈਆਂ, ਉਹ 100% ਸਰਕਾਰ ਦੀ ਨਾਲਾਇਕੀ ਕਾਰਨ ਹੋਈਆਂ ਹਨ। ਜੇ ਉਹ ਕਿਰਸਾਨਾ ਨੂੰ ਬਿਨਾ ਰੋਕ ਟੋਕ ਦੇ ਪਰੇਡ ਕਰ ਲੈਣ ਦਿੰਦੇ ਤਾਂ ਮਹੌਲ ਪਹਿਲਾਂ ਵਾਂਗ ਬਿਲਕੁਲ ਸ਼ਾਤਮਈ ਰਹਿਣਾ ਸੀ। ਪਰੇਡ ਦੀ ਮਨਜ਼ੂਰੀ ਦੇ ਕੇ ਉਸਨੂੰ ਅਥਰੂ ਗੈਸ ਦੇ ਗੋਲਿਆਂ, ਪੱਥਰਾਂ, ਡਾਂਗਾਂ ਅਤੇ ਬੈਰੀਕੇਡ ਲਾ ਕੇ ਰੋਕਣ ਦਾ ਕੀ ਮਕਸਦ ਸੀ? ਕਿਸਾਨਾਂ ਦੇ ਨਿਹੱਥੇ ਹਰਿਆਵਲ ਦਸਤੇ (ਜਿਹਨਾਂ ਦੇ ਹੱਥਾਂ ਵਿਚ ਸਿਰਫ ਝੰਡੇ ਹੀ ਸਨ) ਨੂੰ ਇੰਨਾਂ ਜ਼ੁਲਮ ਸਹਿੰਦਿਆਂ ਹੋਇਆਂ ਆਖਰ ਮਜਬੂਰੀਵੱਸ ਪੁਲਿਸ ਨਾਲ ਦੋ ਹੱਥ ਕਰਨੇ ਹੀ ਪੈ ਗਏ ਅਤੇ ਪੁਲਿਸ ਨੂੰ ਇਹ ਜਾਣਨ ਵਿਚ ਬਹੁਤੀ ਦੇਰ ਨਹੀਂ ਲੱਗੀ ਕਿ ਇਸ ਦਾ ਵਾਹ ਕਿਹੋ ਜਿਹੀ ਬਹਾਦਰ ਕੌਮ ਨਾਲ ਪਿਆ ਹੈ। ਇਹ ਸਭ ਕੁਝ ਜ਼ੁਲਮ ਦੀ ਹੱਦ ਟੱਪਣ ਤੋਂ ਬਾਅਦ ਹੀ ਹੋਇਆ।

ਕਿਰਸਾਨ ਲੀਡਰਾਂ ਵਲੋਂ ਬਿਆਨ ਆਏ ਹਨ ਕਿ ਉਹਨਾਂ ਨੂੰ ਉਹਨਾਂ ਦੇ ਨਿਰਧਾਰਤ ਰੂਟ ਵਲ ਮਾਰਚ ਕਰਨ ਤੋਂ ਰੋਕ ਕੇ ਲਾਲ ਕਿਲੇ ਵਾਲੇ ਪਾਸੇ ਨੂੰ ਮੋੜ ਦਿੱਤਾ। ਇਸ ਦੌਰਾਨ ਕੁਝ ਮੰਦਭਾਗੀਆਂ ਘਟਨਾਵਾਂ ਵੀ ਵਾਪਰੀਆਂ ਅਤੇ ਸੰਪਤੀ ਦਾ ਨੁਕਸਾਨ ਵੀ ਹੋਇਆ ਅਤੇ ਬਹੁਤ ਸਾਰੇ ਪੁਲਿਸ ਕਰਮੀਆਂ ਅਤੇ ਪ੍ਰਦਰਸ਼ਨਕਾਰੀਆਂ ਦੇ ਸੱਟਾਂ ਵੀ ਵਜੀਆਂ। ਆਪਣੀ ਨਾਲਾਇਕੀ ਨੂੰ ਸਵੀਕਾਰ ਕਰਨ ਦੀ ਵਜਾਏ ਸਰਕਾਰ ਨੇ ਬਹੁਤ ਸਾਰੇ ਕਿਰਸਾਨ ਆਗੂਆਂ ਅਤੇ ਹੋਰ ਵਿਅਕਤੀਆਂ ਤੇ ਕਈ ਤਰਾਂ ਦੇ ਕੇਸ ਵੀ ਪਾ ਦਿੱਤੇ ਹਨ। ਕੇਂਦਰੀ ਸਰਕਾਰ ਨੇ ਦਿੱਲੀ ਦੇ ਤਿੰਨ ਮੁਖ ਬਾਰਡਰ ਸਿੰਘੂ, ਟਿਕਰੀ, ਅਤੇ ਗਾਜ਼ੀਪੁਰ ਸੀਲ ਕਰ ਦਿੱਤੇ ਹਨ ਅਤੇ ਬਹੁਤ ਭਾਰੀ ਗਿਣਤੀ ਵਿਚ ਉਥੇ ਪੁਲੀਸ ਅਤੇ ਨੀਮ ਫੌਜੀ ਦਲਾਂ ਨੂੰ ਤਾਇਨਾਤ ਕਰ ਦਿੱਤਾ ਹੈ। ਗੁਰੂ ਕੇ ਲੰਗਰ ਵੀ ਕਾਫੀ ਹੱਦ ਤਕ ਧੱਕੇ ਨਾਲ ਬੰਦ ਕਰਾ ਦਿੱਤੇ ਹਨ ਜੋ ਕਿ ਸਿੱਖਾਂ ਦੇ ਧਰਮ ਵਿਚ ਸਿੱਧਾ ਦਖਲ ਹੈ। ਪੀਣ ਵਾਲਾ ਪਾਣੀ ਪਹੁੰਚਾਣ ਤੇ ਵੀ ਰੋਕ ਹੈ। ਸਥਿਤੀ ਕਾਫੀ ਨਾਜ਼ਕ ਹੈ। ਕਿਰਸਾਨਾਂ ਨੂੰ ਜ਼ਬਰੀ ਧਰਨਾ ਛੱਡਣ ਲਈ ਦਬਾਉ ਪਾਇਆ ਜਾ ਰਿਹਾ ਹੈ ਅਤੇ ਕਿਰਸਾਨ ਲੀਡਰਾਂ ਖਿਲਾਫ 'ਲੁਕਆਊਟ' ਭਾਵ ਉਹਨਾਂ ਤੇ ਕਰੜੀ ਨਿਗਾ ਰੱਖਣ ਲਈ ਆਰਡਰ ਜਾਰੀ ਕਰ ਦਿੱਤੇ ਹਨ ਤਾਂ ਕਿ ਉਹ ਕਿਤੇ ਭੱਜ ਨਾ ਜਾਣ, ਪਰ ਕਿਰਸਾਨ ਨੇਤਾ ਅਜੇਹੀਆਂ ਧਮਕੀਆਂ ਦੀ ਪ੍ਰਵਾਹ ਨਾ ਕਰ ਕੇ ਆਪਣਾ ਸੰਘਰਸ਼ ਪਹਿਲਾਂ ਵਾਂਗ ਬੜੇ ਸਿਰੜ ਨਾਲ ਚਲਾ ਰਹੇ ਹਨ। ਕਿਰਸਾਨਾਂ ਲੀਡਰਾਂ ਨਾਲ ਪਹਿਲੀ ਮੀਟਿੰਗ ਵਿਚ ਹੀ ਸਰਕਾਰ ਦਾ ਭਰਮ ਭੁਲੇਖਾ ਟੁੱਟ ਗਿਆ ਸੀ ਕਿ ਕਿਰਸਾਨ ਐਵੇਂ ਸਿੱਧੇ ਸਾਦੇ ਅਤੇ ਅਨਪੜ ਜਿਹੇ ਹੀ ਲੋਕ ਹਨ। ਵੱਡੇ ਵੱਡੇ ਸਰਕਾਰੀ ਮੰਤਰੀ ਅਤੇ ਉਚੇ ਅਹੁਦਿਆਂ ਤੇ ਬਿਰਾਜਮਾਨ ਅਫਸਰ ਜਿਹੜੇ ਪੇਪਰਾਂ ਦੇ ਵੱਡੇ ਵੱਡੇ ਫੋਲਡਰ ਅਤੇ ਬਕਸੇ ਭਰ ਭਰ ਕੇ ਲਿਆਏ ਸਨ, ਕਿਰਸਾਨ ਨੇਤਾਵਾਂ ਦੀ ਦਲੀਲ, ਤੱਥਾਂ, ਅਤੇ ਖੇਤੀ ਸਬੰਧੀ ਗਿਆਨ ਦੀ ਝਾਲ ਨਹੀਂ ਝਲ ਸਕੇ ਅਤੇ ਪੈਰੋਂ ਉੱਖੜ ਗਏ।

ਦਿੱਲੀ ਦੇ ਲਾਲ ਕਿਲੇ ਤੇ ਨਿਸ਼ਾਨ ਸਾਹਿਬ ਅਤੇ ਕਿਰਸਾਨੀ ਦੇ ਝੰਡੇ ਨੂੰ ਝੁਲਾਉਣ ਦੀ ਘਟਨਾ ਕਿਸੇ ਗਿਣੀ ਮਿਥੀ ਸਿੱਖਾਂ ਦੀ ਜਾਂ ਕਿਰਸਾਨਾਂ ਦੀ ਯੋਜਨਾ ਨਹੀਂ ਸੀ। ਇਹ ਸਾਰਾ ਕੁਝ ਅਤਿ ਜ਼ੁਲਮ ਦੇ ਪ੍ਰਤੀਕਰਮ ਵਜੋਂ ਆਪ ਮੁਹਾਰੇ ਹੀ ਹੋਇਆ। ਇਸ ਪਰੇਡ ਦੌਰਾਨ ਪ੍ਰਦਰਸ਼ਨਕਾਰੀਆਂ ਦਾ ਕੁਝ ਹਿੱਸਾ ਦਿੱਲੀ ਦੇ ਲਾਲ ਕਿਲੇ ਵਲ ਨੂੰ ਹੋ ਤੁਰਿਆ ਜਾਂ ਇਹ ਕਹਿ ਲਵੋ ਕਿ ਪੁਲੀਸ ਨੇ ਉਹਨਾ ਦਾ ਰੁਖ ਕਿਸੇ ਗਿਣੀ ਮਿਥੀ ਨੀਤੀ ਅਧੀਨ ਆਪ ਹੀ ਉਧਰ ਮੋੜ ਦਿੱਤਾ। ਉਥੇ ਕਾਫੀ ਨਾਅਰੇਬਾਜ਼ੀ ਵੀ ਹੋਈ, ਹਿੰਸਕ ਘਟਨਾਵਾਂ ਵੀ ਵਾਪਰੀਆਂ ਅਤੇ ਪਰਾਪਰਟੀ ਦਾ ਵੀ ਕੁਝ ਨੁਕਸਾਨ ਹੋਇਆ ਜੋ ਕਿ ਮੰਦਭਾਗੀ ਘਟਨਾ ਹੈ। ਉਸ ਸਮੇ ਕੁਝ ਵਿਅਕਤੀਆਂ ਨੇ ਉਥੇ ਇਕ ਖੰਭੇ ਅਤੇ ਇਕ ਗੁੰਬਦ ਤੇ ਨਿਸ਼ਾਨ ਸਾਹਿਬ ਅਤੇ ਕਿਰਸਾਨੀ ਦਾ ਝੰਡਾ ਵੀ ਲਹਿਰਾ ਦਿੱਤਾ ਪਰ ਤਿਰੰਗੇ ਨੂੰ ਕਿਸੇ ਨੇ ਕੋਈ ਵੀ ਨੁਕਸਾਨ ਨਹੀਂ ਪਹੁੰਚਾਇਆ ਨਾ ਕੋਈ ਅਜੇਹੀ ਕੋਸ਼ਿਸ਼ ਕੀਤੀ।

**ਇਤਿਹਾਸ ਗਵਾਹ ਹੈ ਕਿ ਮੁਗਲਾਂ ਦੇ ਰਾਜ ਦਾ ਖਾਤਮਾ ਕਰਨ ਉਪ੍ਰੰਤ 1783 ਤੋਂ ਲੈ ਕੇ ਸਿੱਖਾਂ ਦਾ ਨਿਸ਼ਾਨ ਸਾਹਿਬ ਲਾਲ ਕਿਲੇ ਉਪਰ ਪਹਿਲਾਂ ਵੀ ਬਹੁਤ ਵਾਰੀ ਝੁੱਲ ਚੁੱਕਿਆ ਹੈ।**



## ਗੁਰਦੁਆਰਾ ਸਾਹਿਬ ਟਰਲੌਕ ਕੈਲੀਫੋਰਨੀਆ, ਅਮਰੀਕਾ

**ਮੁਗਲਾਂ ਤੋਂ ਬਾਦ ਜੇ ਕੋਈ ਇਥੇ ਝੰਡਾ ਝੁੱਲਿਆ ਹੈ ਤਾਂ ਉਹ ਸਿਰਫ ਖਾਲਸੇ ਦਾ ਹੀ ਸੀ। ਤਿਰੰਗਾ ਤਾਂ 1947 ਵਿਚ ਹੀ ਹੋਂਦ ਵਿਚ ਆਇਆ ਹੈ। ਇਹ ਲਾਲ ਕਿਲੇ ਦੇ ਚੰਗੇ ਭਾਗ ਹੀ ਸਮਝੋ ਕਿ ਇਸ ਨੂੰ 200 ਸਾਲਾਂ ਤੋਂ ਵੀ ਵੱਧ ਸਮੇਂ ਬਾਦ ਨਿਸ਼ਾਨ ਸਾਹਿਬ ਦੇ ਪਵਿਤਰ ਦਰਸ਼ਨ ਕਰਨ ਦੇ ਸੁਭਾਗ ਮੁੜ ਨਸੀਬ ਹੋਏ ਹਨ। ਸਾਰੇ ਭਾਰਤ ਵਾਸੀਆਂ ਨੂੰ ਨਿਸ਼ਾਨ ਸਾਹਿਬ ਤੇ ਮਾਣ ਹੋਣਾ ਚਾਹੀਦਾ ਹੈ। ਤਿਰੰਗੇ ਨੂੰ ਵੀ ਆਪਣੇ ਨਾਲ ਪਥ-ਪ੍ਰਦਰਸ਼ਕ ਨਿਸ਼ਾਨ ਸਾਹਿਬ ਨੂੰ ਦੇਖ ਕੇ ਮਾਣ ਹੋਇਆ ਹੋਵੇਗਾ ਅਤੇ ਖੁਸ਼ੀ ਨਾਲ ਹੋਰ ਵੀ ਝੂੰਮਿਆ ਹੋਵੇਗਾ।**

ਇਸ ਸੰਘਰਸ਼ ਵਿਚ ਛੋਟੇ ਭਰਾ ਵਾਂਗ ਜੋ ਸਾਥ ਹਰਿਆਣੇ ਦੇ ਕਿਰਸਾਨ ਅਤੇ ਆਮ ਲੋਕਾਂ ਨੇ ਦਿੱਤਾ ਹੈ, ਇਹ ਵੀ ਆਪਣੇ ਆਪ ਵਿਚ ਮਿਸਾਲ ਹੈ। ਇਸ ਸੰਘਰਸ਼ ਵਿਚ ਗੁਰਬਾਣੀ ਦੇ ਕਥਨ ਅਨੁਸਾਰ ਹਰਿਆਣੇ ਨੇ 'ਜੈਸੇ ਰਣ ਮਹਿ ਸਖਾ ਭ੍ਰਾਤ' ਦੀ ਭੂਮਿਕਾ ਸਹੀ ਮਾਅਨਿਆਂ ਵਿਚ ਨਿਭਾਈ ਹੈ। ਦਿੱਲੀ, ਯੂ ਪੀ, ਅਤੇ ਰਾਜਸਥਾਨ ਦੇ ਲੋਕਾਂ ਦਾ ਯੋਗਦਾਨ ਵੀ ਬਹੁਤ ਮਹਤਵਪੂਰਨ ਰਿਹਾ ਹੈ।

ਜਦੋਂ 26 ਜਨਵਰੀ ਦੀ ਅਤਿ ਪ੍ਰਭਾਵਸ਼ਾਲੀ ਕਿਸਾਨ ਪਰੇਡ ਨੇ ਸਰਕਾਰ ਨੂੰ ਹਿਲਾ ਦਿੱਤਾ ਅਤੇ ਇਸ ਨੇ ਦੋ ਦਿਨ ਮਗਰੋਂ ਹੀ ਸਿੰਘੂ ਅਤੇ ਗਾਜ਼ੀਪੁਰ ਬਾਰਡਰ ਤੇ ਸਰਕਾਰੀ ਗੁੰਡੇ ਭੇਜ ਦਿੱਤੇ ਜਿਹਨਾਂ ਨੇ ਪੁਲਸ ਨਾਲ ਰਲ ਕੇ ਸ਼ਾਤੀ ਨਾਲ ਬੈਠੇ ਕਿਰਸਾਨਾਂ ਤੇ ਅਥਰੂ ਗੈਸ, ਡਾਂਗਾਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ, ਉਹਨਾ ਦੇ ਟੈਂਟ ਪੁਟ ਦਿੱਤੇ, ਅਤੇ ਹਿੰਸਾ ਦਾ ਨੰਗਾ ਨਾਚ ਕੀਤਾ। ਉਹਨਾਂ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ। ਹਰਿਆਣਾ, ਪੰਜਾਬ, ਯੂ ਪੀ, ਦਿੱਲੀ ਦੇ ਕਿਰਸਾਨਾਂ ਅਤੇ ਆਮ ਲੋਕਾਂ ਨੂੰ ਕਿਸਾਨ ਮੋਰਚੇ ਵਿਚ ਵਿਘਨ ਪਾਉਣ ਵਾਲੇ ਸਰਕਾਰੀ ਗੁੰਡਿਆਂ ਦਾ ਮੂੰਹ ਤੋੜਵਾਂ ਜੁਆਬ ਦੇਣਾ ਪਵੇਗਾ।

### ਕਿਰਸਾਨ ਤੇ ਸਰਕਾਰ ਕੀ ਕਰਨ ?

ਕਿਸਾਨ ਵੀਰੋ! ਕਿਸਾਨੀ ਨੂੰ ਜਲਦੀ ਹੀ 'ਖੇਤੀਬਾੜੀ' ਦੇ ਧੰਦੇ ਵਿਚ ਨਵੀਨਤਾ (innovation) ਲਿਆ ਕੇ 'ਖੇਤੀ ਅਤੇ ਟੈਕਨਾਲੋਜੀ ਉਦਯੋਗ' ਵਿਚ ਬਦਲਨਾ ਪਵੇਗਾ। ਜੇ ਤੁਸੀਂ ਹੁਣ ਵੀ ਚੇਤੰਨ ਨਾ ਹੋਏ ਤਾਂ ਉਹ ਸਮਾ ਦੂਰ ਨਹੀਂ ਜਦੋਂ ਅਡਾਨੀ ਜਾਂ ਅੰਬਾਨੀ ਵਰਗੇ ਚਲਾਕ ਬੰਦੇ ਤੁਹਾਨੂੰ ਇਸ ਮੈਦਾਨ ਵਿਚ ਖੇਡਣਾ ਤਾਂ ਇਕ ਪਾਸੇ, ਲਾਗੇ ਵੀ ਨਹੀਂ ਢੁੱਕਣ ਦੇਣਗੇ।

**ਕਿਸਾਨੀ ਦੇ ਸਮੁੱਚੇ ਮਸਲਿਆਂ ਦਾ ਮੁਢਲਾ ਅਤੇ ਵਿਆਪਕ ਹੱਲ ਲੱਭਣ ਦੀ ਲੋੜ ਹੈ। ਕਿਰਸਾਨਾਂ ਦੀ ਪੈਦਾ ਕੀਤੀ ਜਿਣਸ ਥੋਕ ਦੇ ਭਾਅ ਤੇ ਕਵਿੰਟਲਾਂ ਦੇ ਹਿਸਾਬ ਖਰੀਦੀ ਜਾਂਦੀ ਹੈ, ਪਰ ਉਸੇ ਜਿਣਸ ਦੀ ਛਿਲ ਲਾਹ ਕੇ, ਕੁੱਟ ਕੇ, ਪੀਹ ਕੇ, ਕੱਟ ਕੇ, ਜਾਂ ਉਸ ਦਾ ਜੂਸ ਕੱਢ ਕੇ ਉਸ ਨੂੰ ਹੀ 50, 100, ਜਾਂ 200 ਗਰਾਮ ਦੇ ਛੋਟੇ ਛੋਟੇ ਪੈਕਟ ਬਣਾ ਕੇ 5-10 ਗੁਣਾ ਕੀਮਤ ਤੇ ਵੇਚਿਆ ਜਾਂਦਾ ਹੈ। ਅਜੇਹੀ ਬਹੁਤੀ 'ਫੂਡ ਪ੍ਰੋਸੈਸਿੰਗ' ਪੰਜਾਬ ਤੋਂ ਬਾਹਰ ਹੀ ਹੁੰਦੀ ਹੈ ਅਤੇ ਇਹ ਵੀ ਕਿਰਸਾਨਾਂ ਵਲੋਂ ਨਹੀਂ ਹੁੰਦੀ। ਅੱਜ ਦਾ ਕਿਸਾਨ ਤਾਂ ਚੁੱਭਾ ਪੁੱਟ ਕੇ ਤੇ ਵੇਲਣਾ ਜੋੜ ਕੇ ਘਰ ਵਾਸਤੇ ਗੁੜ ਜਾਂ ਸ਼ੱਕਰ ਵੀ ਨਹੀਂ ਤਿਆਰ ਕਰਦਾ। ਕਿਰਸਾਨਾਂ ਨੂੰ ਖੁਦ 'ਫੂਡ ਪ੍ਰੋਸੈਸਿੰਗ' ਦੇ ਖੇਤਰ ਵਿਚ ਆਉਣ ਦੀ ਲੋੜ ਹੈ ਅਤੇ ਇਹ ਵਸਤਾਂ ਨਿਰਯਾਤ ਕਰਨ ਦੀ ਲੋੜ ਹੈ।**

ਪੰਜਾਬ ਦਾ ਕਿਸਾਨ ਪੜਿਆ ਲਿਖਿਆ ਵੀ ਹੈ ਅਤੇ ਤਜ਼ਰਬੇਕਾਰ ਵੀ ਹੈ ਪਰ ਉਹ 'ਖੇਤੀ ਉਦਯੋਗ' ਵੱਲ ਵਧਣ ਤੋਂ ਅਜੇ ਜਾਂ ਸੰਕੋਚ ਕਰ ਰਿਹਾ ਹੈ ਜਾਂ ਉਸ ਕੋਲ ਇਸ ਦੀ ਸਿੱਖਿਆ, ਸੰਦਾਂ, ਅਤੇ ਸਾਧਨਾਂ ਦੀ ਘਾਟ ਹੈ। ਇਹ ਮੰਨਣਯੋਗ ਗੱਲ ਹੈ ਕਿ ਕਿਸਾਨ ਕੋਲ ਨਿਰਯਾਤ ਬਾਰੇ ਖਾਸ ਗਿਆਨ ਨਹੀਂ ਹੈ ਅਤੇ ਨਾ ਤਜ਼ਰਬਾ ਹੈ, ਪਰ ਇਸ ਸਾਰਾ ਕੁਝ ਸਕੂਲਾਂ ਕਾਲਜਾਂ ਵਿਚ ਅਤੇ ਉਸ ਧੰਦੇ ਵਿਚ ਪੈ ਕੇ ਸਿਖਿਆ ਜਾ ਸਕਦਾ ਹੈ ਜਾਂ ਉਹਨਾਂ ਵਿਅਕਤੀਆਂ ਤੋਂ ਸਿਖਿਆ ਜਾ ਸਕਦਾ ਹੈ ਜੋ ਇਸ ਖੇਤਰ ਵਿਚ ਨਿਪੁੰਨ ਹਨ। ਜਿੰਨਾ ਚਿਰ ਪੰਜਾਬ ਵਿਚ 'ਖੇਤੀ ਉਦਯੋਗ' ਨਾਲ ਸਬੰਧਤ ਅਤੇ ਹੋਰ ਹਰ ਤਰਾਂ ਦੀਆਂ ਫੈਕਟਰੀਆਂ (ਜਿਹਨਾਂ ਵਿਚ ਕੰਪਿਊਟਰ, ਸੌਫਟਵੇਅਰ, ਅਤੇ ਇਨਫਰਮੇਸ਼ਨ ਟੈਕਨਾਲੋਜੀ ਨਾਲ ਸਬੰਧਤ ਸਾਰੇ ਕਿੱਤੇ ਸ਼ਾਮਲ ਹਨ) ਨਹੀਂ ਲੱਗ ਜਾਂਦੀਆਂ, ਓਨਾ ਚਿਰ ਪੰਜਾਬ ਦਾ ਸਰਬਪੱਖੀ ਵਿਕਾਸ ਹੋਣਾ ਨਾਮੁਮਕਿਨ ਹੈ। ਇਹ ਸਾਰਾ ਕੁਝ ਵਿਸ਼ਵ ਪੱਧਰ ਦੀ ਪਲੈਨਿੰਗ, ਪ੍ਰਬੰਧ, ਮੰਡੀਕਰਨ, ਤਕਨੀਕੀ ਵਿਦਿਆ, ਅਤੇ ਮਾਇਆ ਦੇ ਨਿਵੇਸ਼ ਨਾਲ ਹੀ ਹੋ ਸਕਦਾ ਹੈ, ਲੀਡਰਾਂ ਦੇ ਫੋਕ ਦਾਅਵਿਆਂ ਨਾਲ ਨਹੀਂ ਅਤੇ ਨਾਂ ਹੀ ਸਿਰਫ ਐਮ ਐਸ ਪੀ ਨਾਲ ਸੰਤੁਸ਼ਟ ਹੋ ਕੇ। ਬਾਹਰਲੇ ਮੁਲਕਾਂ ਵਿਚ ਬੈਠੇ ਪੰਜਾਬੀ ਤੁਹਾਡੇ ਮਾਰਗ ਦਰਸ਼ਕ ਅਤੇ ਭਾਈਵਾਲ ਵੀ ਬਣ ਸਕਦੇ ਹਨ ਜੇ ਕਾਰੋਬਾਰ ਵਿਚ ਜਵਾਬਦੇਹੀ ਤੇ ਪੂਰੀ ਪਾਰਦਰਸ਼ਤਾ ਹੋਵੇ, ਸਰਕਾਰ ਦੀ ਬਦਨੀਤੀ ਨਾ ਹੋਵੇ ਅਤੇ ਪਰਵਾਸੀਆਂ (ਮੈਂ ਇੱਥੇ ਐਨ ਆਰ ਆਈ ਸ਼ਬਦ ਨਹੀਂ ਵਰਤਣਾ ਚਾਹੁੰਦਾ ਕਿਉਂਕਿ ਇਹ ਬਾਹਰ ਬੈਠੇ ਪੰਜਾਬੀਆਂ ਜਾਂ ਭਾਰਤੀਆਂ ਨੂੰ ਇਕ ਤਰਾਂ ਦਾ 'ਭਾਰਤੀ ਟੱਪਰੀਵਾਸ' ਹੋਣ ਦਾ ਖਿਤਾਬ ਦਿੰਦਾ ਹੈ!) ਵਲੋਂ ਇਥੇ ਪੈਸਾ ਨਿਵੇਸ਼ ਕਰਨ ਲਈ ਸਹੀ ਮਹੌਲ ਸਿਰਜਿਆ ਜਾਏ, ਉਹਨਾਂ ਦੇ ਰਹਿਣ ਸਹਿਣ ਦਾ ਯੋਗ ਤੇ ਪੁਖਤਾ ਪ੍ਰਬੰਧ ਹੋਵੇ, ਅਤੇ ਸਰਕਾਰੀ ਢਾਂਚਾ ਉਹਨਾਂ ਦੇ ਕਾਰੋਬਾਰ ਵਿਚ ਕੋਈ ਵੀ ਅੜਿੱਕਾ ਨਾ ਪਾਵੇ ਸਗੋਂ ਮਦਦ ਕਰੇ।

**ਇਹ ਸਚਾਈ ਹੈ ਕਿ ਦੁਨੀਆਂ ਦੇ ਪੈਮਾਨੇ ਮੁਤਾਬਿਕ ਭਾਰਤੀ ਲੋਕ ਬਹੁਤ ਵੱਡੀ ਗਿਣਤੀ ਵਿਚ ਘੋਰ ਭੁਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ ਹਨ। ਇਹੀ ਵਜਾ ਹੈ ਕਿ ਇੱਥੇ ਬੱਚਿਆਂ ਦਾ ਅਤੇ ਬੱਚੇ ਜੰਮਣਯੋਗ ਔਰਤਾਂ ਦਾ ਭਾਰ ਅਤੇ ਕੱਦ ਦੁਨੀਆਂ ਦੇ ਬਹੁਤੇ ਮੁਲਕਾਂ ਨਾਲੋਂ ਬਹੁਤ ਘਟ ਹੈ ਜਿਸ ਕਾਰਨ ਉਹਨਾਂ ਦੇ ਬੌਧਿਕ ਅਤੇ ਸਰੀਰਕ ਵਿਕਾਸ ਤੇ ਵੀ ਮਾੜਾ ਅਸਰ ਪੈ ਰਿਹਾ ਹੈ।। ਜਰਮਨੀ ਵਿਚ ਸਥਿਤ ਗੈਰ-ਮੁਨਾਫਾ ਵੈਲਥਹੰਗਰਹਿਲਫਾ ਸੰਸਥਾ ਵਲੋਂ ਵਰਤੇ ਜਾਂਦੇ ਵਰਲਡ ਹੰਗਰ ਇੰਡੈਕਸ (ਦੁਨੀਆਂ ਦਾ ਭੁੱਖਮਰੀ ਸੂਚਕ ਅੰਕ) ਮੁਤਾਬਿਕ 2020 ਵਿਚ ਭਾਰਤ ਦਾ ਦੁਨੀਆਂ ਵਿਚ ਸਰਵੇ ਕੀਤੇ ਗਏ 107 ਮੁਲਕਾਂ ਵਿਚੋਂ ਸਭ ਤੋਂ ਹੇਠਲੇ ਪਾਸਿਉਂ 94ਵਾਂ ਨੰਬਰ ਹੈ ਜੋ ਕਿ ਅਫਰੀਕਾ ਦੇ ਇਕ ਅਤਿ ਗਰੀਬ ਮੁਲਕ ਸੁਡਾਨ ਦੇ ਬਰਾਬਰ ਹੈ। ਇਸ ਖੋਜ ਮੁਤਾਬਿਕ ਭਾਰਤ ਉਹ ਮੁਲਕ ਹੈ ਜਿਥੇ 20% ਤੋਂ 34.9% (ਤਕਰੀਬਨ 27 ਤੋਂ 47.11 ਕਰੋੜ) ਲੋਕ ਗੰਭੀਰ ਭੁਖਮਰੀ ਦਾ ਸ਼ਿਕਾਰ ਹਨ। ਅਜੇਹਾ 'ਨਮੋਸ਼ੀ ਭਰਿਆ ਸਾਲਾਨਾ ਖਿਤਾਬ' ਭਾਰਤ ਨੂੰ ਹਰ ਸਾਲ ਮਿਲਦਾ ਹੈ। ਸਰਕਾਰ ਕਾਹਤੋਂ ਕੱਛਾਂ ਵਜਾ ਰਹੀ ਹੈ ਅਤੇ ਮੁਲਕ ਦੀ ਖੁਰਾਕ ਦੀ ਆਤਮ ਨਿਰਭਰਤਾ ਦੇ ਨਾਅਰੇ ਮਾਰ ਰਹੀ ਹੈ? ਸਰਕਾਰ 'ਅੰਨਦਾਤੇ' ਨਾਲ ਇੰਨੀ ਕਰੂਰਤਾ ਅਤੇ ਜ਼ਾਲਮਾਨਾ ਤਰੀਕੇ ਨਾਲ ਕਿਉਂ ਪੇਸ਼ ਆ ਰਹੀ ਹੈ?**

ਇੰਡੀਆ ਵਿਚ ਇੰਨੀ ਭੁਖਮਰੀ ਦੇ ਬਾਵਜੂਦ ਸਰਕਾਰ ਐਫ. ਸੀ. ਆਈ. ਨੂੰ ਕਿਰਸਾਨ ਦੀ ਪੂਰੀ ਜਿਣਸ ਕਿਉਂ ਨਹੀਂ ਖਰੀਦਣ ਦਿੰਦੀ? ਸਰਕਾਰ ਨੇ ਐਫ. ਸੀ. ਆਈ. ਦਾ ਬਿਜਨਸ ਮਾਡਲ ਜਾਣ ਬੁੱਝ ਕੇ ਘਾਟੇ ਦਾ ਬਣਾ ਦਿੱਤਾ ਹੈ ਕਿਉਂਕਿ ਸਰਕਾਰੀ ਕਨੂੰਨ ਮੁਤਾਬਿਕ ਉਸ ਨੂੰ ਜਿਣਸ ਖਰੀਦਣੀ ਵਧੇਰੇ ਮੁੱਲ ਤੇ ਪੈਂਦੀ ਹੈ, ਪਰ ਵੇਚਣੀ ਬਹੁਤ ਘੱਟ ਮੁੱਲ ਤੇ ਪੈਂਦੀ ਹੈ। ਇਸ ਦੇ ਘਾਟੇ ਨੂੰ ਪੂਰਾ ਕਰਨ ਦਾ ਸਰਕਾਰ ਵਲੋਂ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ। ਇਹੀ ਵਜਾ ਹੈ ਕਿ ਐਫ. ਸੀ. ਆਈ. ਕੋਲ ਮੰਡੀਆਂ ਵਿਚ ਮੀਂਹ ਵਿਚ ਰੁਲਦੇ ਲੱਖਾਂ ਟਨ ਕਣਕ ਅਤੇ ਝੋਨੇ ਨੂੰ ਢਕਣ ਲਈ ਤਾਂ ਕਈ ਵੇਰਾਂ ਤਰਪਾਲਾਂ ਵੀ ਨਹੀਂ ਹੁੰਦੀਆਂ। ਕੀ ਅਡਾਨੀ ਐਫ. ਸੀ. ਆਈ. ਦੀਆਂ ਕੀਮਤਾਂ ਤੇ ਗਰੀਬਾਂ ਨੂੰ ਅਨਾਜ ਵੇਚਣ ਲਈ ਤਿਆਰ ਹੈ? ਕੀ ਅਡਾਨੀ ਵਰਗਿਆਂ ਨੂੰ ਵੱਡ ਆਕਾਰੀ ਲੋਹੇ ਦੇ ਭੜੋਲੇ (silos) ਬਣਾ ਕੇ ਲੱਖਾਂ ਟਨ ਅਨਾਜ ਦੀ ਜ਼ਖੀਰੇਬਾਜ਼ੀ ਦੀ ਇਜਾਜ਼ਤ ਦੇਣਾ ਤਾਂ ਕਿ ਬਾਦ ਵਿਚ ਉਹ ਉਸੇ ਅਨਾਜ ਨੂੰ ਕਈ ਗੁਣਾ ਵੱਧ ਕੀਮਤ ਤੇ ਗਰੀਬਾਂ ਨੂੰ ਵੇਚ ਸਕੇ, ਆਮ ਲੋਕਾਂ ਦੇ ਹਿੱਤ ਵਿਚ ਹੈ? ਕੀ ਗਰੀਬ ਲਈ ਮਹੀਨੇ ਦਾ ਸਿਰਫ 5 ਕੁ ਕਿਲੋ ਅਨਾਜ ਹੀ ਜੀਵਨ ਦਾ ਸਹਾਰਾ ਹੋ ਸਕਦਾ ਹੈ? ਮੰਡੀਆਂ ਅਤੇ ਸਰਕਾਰੀ ਗੁਦਾਮਾਂ ਵਿਚ ਹਰ ਸਾਲ ਲੱਖਾਂ ਟਨ ਅਨਾਜ ਗਲ ਸੜ ਕੇ ਜ਼ਾਇਆ ਹੋ ਜਾਂਦਾ ਹੈ। ਕੀ ਗਰੀਬਾਂ ਦੇ ਮਹੀਨੇ ਦੇ ਰਾਸ਼ਨ ਨੂੰ ਵਧਾ ਕਿ 5 ਤੋਂ 15 ਕਿਲੋ ਨਹੀਂ ਕੀਤਾ ਜਾ ਸਕਦਾ? ਕੀ ਇਸ ਵਿਚ ਉਹ ਸਾਰੇ ਖਾਧ ਪਦਾਰਥ (ਦੁਧ, ਦਹੀਂ, ਚਾਹ, ਪਨੀਰ, ਡਬਲਰੋਟੀ, ਜੂਸ, ਖੰਡ, ਦਾਲਾਂ, ਸਬਜ਼ੀਆਂ, ਫਲ, ਮਸਾਲੇ, ਵਗੈਰਾ) ਸ਼ਾਮਲ ਨਹੀਂ ਕੀਤੇ ਜਾ ਸਕਦੇ ਜਿਹੜੇ ਆਮ ਲੋਕ ਖਾਂਦੇ ਹਨ?

- ਅੱਜ ਦੀ ਖੇਤੀ ਥੋਕ ਦੀ ਨਹੀਂ ਰਹੀ, ਪਰਚੂਨ ਦੀ ਹੈ। ਹਰ ਕਿਰਸਾਨ ਦੀ ਜ਼ਮੀਨ ਪੀੜੀ ਦਰ ਪੀੜੀ ਘਟ ਰਹੀ ਹੈ। ਦੋਆਬੇ ਦੇ ਬਹੁਤੇ ਵੱਡੇ ਪਿੰਡਾਂ ਵਿਚ ਤਾਂ ਜ਼ਮੀਨ ਏਕੜਾਂ ਦੀ ਥਾਂ ਕਨਾਲਾਂ ਵਿਚ ਹੀ ਰਹਿ ਗਈ ਹੈ। ਲਗਦੀ ਵਾਹ ਪੰਜਾਬ ਵਿਚ ਪੈਦਾ ਕੀਤੀ ਕੋਈ ਵੀ ਕੱਚੀ ਜਿਣਸ ਕਿਸੇ ਵੀ ਬਾਹਰਲੇ ਸੂਬੇ ਨੂੰ ਥੋਕ ਵਿਚ ਨਾ ਭੇਜੀ ਜਾਏ। ਹਰ ਸੰਭਵ ਕੋਸ਼ਿਸ਼ ਕੀਤੀ ਜਾਏ ਕਿ ਖਾਧ ਪਦਾਰਥਾਂ ਨੂੰ ਪੀਹ ਕੇ ਜਾਂ ਫਿਰ ਛੋਟੇ ਛੋਟੇ ਪੈਕਟ ਬਣਾ ਕੇ ਹੀ ਬਾਹਰ ਭੇਜਿਆ ਜਾਏ। ਹਰ ਤਰਾਂ ਦੇ ਖਾਣ ਪੀਣ ਵਾਲੇ ਪਦਾਰਥਾਂ ਦੀ ਵਧੀਆ ਡੱਬਾਬੰਦੀ ਅਤੇ ਪੈਕੇਜਿੰਗ ਹੋਵੇ ਤਾਂ ਜੋ ਉਹ ਹਿੰਦੋਸਤਾਨ ਤਾਂ ਕੀ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਇਸ ਦਾ ਨਿਰਯਾਤ ਕੀਤਾ ਜਾ ਸਕੇ। ਹਰ ਚੀਜ਼ ਦੇ ਮੁੱਲ ਵਿਚ ਵਾਧਾ' (value add) ਕਰ ਕੇ ਵੇਚਿਆ ਜਾਏ। ਭਾਵ ਇਹ ਕਿ ਜੇ ਤੁਹਾਡੇ ਕੋਲ ਨਿੰਬੂ ਹੈ ਤਾਂ ਉਸ ਦਾ ਰਸ ਕੱਢ ਕੇ, ਸ਼ਿਕੰਜਵੀ ਬਣਾ ਕੇ, ਜਾਂ ਆਚਾਰ ਬਣਾ ਕੇ ਵੇਚਿਆ ਜਾਏ।

- ਹਰ ਸਕੂਲ ਵਿਚ ਸਰਕਾਰੀ ਤੌਰ ਤੇ ਲੰਚ ਪ੍ਰੋਗਰਾਮ ਚਲਾਇਆ ਜਾਏ ਜਿਸ ਵਿਚ ਬੱਚਿਆਂ ਨੂੰ ਪੌਸ਼ਟਿਕ ਭੋਜਨ ਮੁਫਤ ਮੁਹਈਆ ਕੀਤਾ ਜਾਏ। ਕਾਲਜਾਂ, ਯੂਨੀਵਰਸਿਟੀਆਂ, ਸਰਕਾਰੀ ਅਤੇ ਨੀਮ-ਸਰਕਾਰੀ ਦਫਤਰਾਂ, ਪੁਲੀਸ, ਫੌਜ, ਆਦਿ ਦੀਆਂ ਕੈਂਟੀਨਾਂ ਵਿਚ ਪੰਜਾਬ ਵਿਚ ਪੈਦਾ ਕੀਤੇ ਤਾਜ਼ੇ ਅਤੇ ਉਚੀ ਮਿਆਰ ਦੇ ਖਾਧ ਪਦਾਰਥ ਹੀ ਵਰਤਾਏ ਜਾਣੇ ਲਾਜ਼ਮੀ ਹੋਣ। ਇਹਨਾਂ ਵਿਚ ਦੁੱਧ, ਦਹੀਂ, ਫਲ, ਡਬਲਰੋਟੀ, ਦਾਲਾਂ, ਰੋਟੀਆਂ, ਚੌਲ, ਜੂਸ, ਸਨੈਕਸ, ਸੌਫਟ ਡਰਿੰਕਸ, ਮਿਠਿਆਈਆਂ, ਆਦਿਕ ਸਾਰੀਆਂ ਚੀਜ਼ਾਂ ਵਾਜਬ ਕੀਮਤਾਂ ਤੇ ਉਪਲਬਧ ਕਰਾਈਆਂ ਜਾਣ। ਅੰਤਰਰਾਸ਼ਟਰੀ ਮਿਆਰ ਦੀਆਂ ਇਹ ਵਸਤਾਂ ਪੰਜਾਬ ਦੇ ਕਿਸਾਨਾਂ ਅਤੇ ਵਪਾਰੀਆਂ ਦੀਆਂ 'ਸੰਯੁਕਤ ਫਰਮਾਂ' ਵਲੋਂ ਤਿਆਰ ਕੀਤੀਆਂ ਜਾਣ।

- ਪੰਜਾਬ ਵਿਚ ਵਿਕਦੀ ਹਰ ਸ਼ੈਅ ਦਾ ਸਰਵੇ ਕੀਤਾ ਜਾਏ। ਜਿਹੜਾ ਵੀ ਖਾਧ ਪਦਾਰਥ ਕਿਸੇ ਵੀ ਸ਼ਕਲ ਵਿਚ ਪੰਜਾਬ ਤੋਂ ਬਾਹਰਲੇ ਕਿਸੇ ਸੂਬੇ ਤੋਂ ਆਇਆ ਹੋਵੇ ਤੇ ਉਹ ਜਿਣਸ ਪੰਜਾਬ ਵਿਚ ਵੀ ਪੈਦਾ ਹੁੰਦੀ ਹੋਵੇ ਤਾਂ ਉਸ ਦੀ ਵਧੀਆ ਪੈਕੇਜਿੰਗ ਅਤੇ ਡੱਬਾਬੰਦੀ ਮੁਕਾਬਲੇ ਦੀ ਕੀਮਤ ਤੇ ਪੰਜਾਬ ਵਿਚ ਕੀਤੀ ਜਾਏ ਅਤੇ ਸਰਕਾਰੀ ਤੌਰ ਤੇ ਉਸ ਨੂੰ ਉਤਸ਼ਾਹਿਤ ਕੀਤਾ ਜਾਏ। ਇਸ ਨਾਲ ਸਬੰਧਤ ਫੈਕਟਰੀਆਂ ਅਤੇ 'ਫੂਡ ਪਰਾਸਸਿੰਗ' ਸੈਂਟਰ ਪੰਜਾਬ ਵਿਚ ਸਥਾਪਤ ਕੀਤੇ ਜਾਣ। 'ਪੰਜਾਬ ਦੀ ਪੈਦਾਵਾਰ' (Product of Punjab) ਬਰਾਂਡ ਨੂੰ ਮਕਬੂਲ ਕੀਤਾ ਜਾਏ।

- ਅਮਰੀਕਾ ਦੇ ਹਰ ਸੂਬੇ ਵਿਚ (ਖਾਸ ਕਰ ਕੇ ਕੈਲੇਫੋਰਨੀਆ ਵਿਚ) ਖੇਤੀ ਦੀ ਹਰ ਪੈਦਾਵਾਰ ਨੂੰ ਪਰਮੋਟ ਕਰਨ ਲਈ, ਉਸਦੀ ਵਿਕਰੀ ਵਧਾਉਣ ਲਈ, ਅਤੇ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਨਿਰਯਾਤ ਕਰਨ ਲਈ ਉਸ ਦੇ 'ਬੋਰਡ' ਬਣੇ ਹੋਏ ਹਨ। ਇਨਾਂ ਬੋਰਡਾਂ ਦੇ ਮੈਂਬਰ ਕਿਰਸਾਨ ਜਾਂ ਉਹਨਾਂ ਵਲੋਂ ਚੁਣੇ ਪ੍ਰਤੀਨਿਧ ਜਾਂ ਕਰਿੰਦੇ ਹੁੰਦੇ ਹਨ। ਉਹਨਾਂ ਦੇ ਵੈਬਸਾਈਟ ਤੇ ਹਰ ਤਰਾਂ ਦੀ ਜਾਣਕਾਰੀ ਉਪਲਬਧ ਹੁੰਦੀ ਹੈ। ਉਹ ਖਾਧ ਪਦਾਰਥਾਂ ਦੀ ਵਿਕਰੀ ਵਧਾਉਣ ਲਈ ਅਖਬਾਰਾਂ, ਰਸਾਲਿਆਂ, ਟੈਲੀਵਿਜਨ ਅਤੇ ਸੋਸ਼ਲ ਮੀਡੀਏ ਰਾਹੀਂ ਪ੍ਰਚਾਰ ਕਰਦੇ ਹਨ। ਇਹੋ ਜਿਹੀ ਪਿਰਤ ਪੰਜਾਬ ਵਿਚ ਵੀ ਪੈਣੀ ਚਾਹੀਦੀ ਹੈ। ਇਹਨਾਂ ਦੇ ਵੈਬਸਾਈਟ ਕਾਫੀ ਆਕਰਸ਼ਕ ਹੁੰਦੇ ਹਨ, ਜਿਵੇਂ ਕਿ:

https://www.almonds.com

https://www.realcaliforniamilk.com/dairy-cows/

- ਪੰਜਾਬ ਵਿਚ ਹਰ ਫਸਲ ਲਈ ਇਕ ਕੋ-ਆਪ (co-op) ਸਿਸਟਮ ਸਥਾਪਤ ਹੋਣਾ ਚਾਹੀਦਾ ਹੈ ਜਿਸ ਤਰਾਂ ਗੁਜਰਾਤ ਵਿਚ ਅਮੂਲ ਡੇਅਰੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਕਾਰਜ ਵਿਚ ਕਿਰਸਾਨਾਂ ਦੀ ਮਦਦ ਲਈ ਅੱਗੇ ਆਏ ਅਤੇ ਲੋੜੀਂਦਾ ਢਾਂਚਾ ਅਤੇ ਸਹੂਲਤਾਂ ਮੁਹੱਈਆ ਕਰੇ। ਇਹਨਾਂ ਸਾਰੀਆਂ ਵਸਤਾਂ ਨੂੰ ਉਚਿਆਉਣ ਵਾਸਤੇ ਦੁਨੀਆਂ ਦੇ ਮਾਰਕੀਟਿੰਗ ਮਾਹਿਰਾਂ ਅਤੇ ਲਿਖਾਰੀਆਂ ਦੀਆਂ ਸੇਵਾਵਾਂ ਲਈਆਂ ਜਾਣ।

- ਅੰਮ੍ਰਿਤਸਰ ਵਿਚ 'ਸਹੀ ਅਰਥਾਂ ਵਿਚ' ਖੁਸ਼ਕ ਬੰਦਰਗਾਹ ਬਣਨੀ ਚਾਹੀਦੀ ਹੈ ਅਤੇ ਨਿਰਯਾਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਥੇ ਅੰਤਰਰਾਸ਼ਟਰੀ ਪੱਧਰ ਦੇ ਵੱਡੇ ਵੱਡੇ 'ਬਾਂਡਡ (ਮੁਚੱਲਕਾਸ਼ੁਦਾ) ਵੇਅਰਹਾਊਸ' ਬਣਨੇ ਚਾਹੀਦੇ ਹਨ ਜੋ ਪੂਰੀ ਤਰਾਂ ਸੁਰਖਿਅਤ ਹੋਣ। ਇਹਨਾਂ ਨੂੰ ਚਲਾਉਣ ਲਈ ਆਯਾਤ ਅਤੇ ਨਿਰਯਾਤ ਦੇ ਖੇਤਰ ਵਿਚ ਪੂਰੀ ਤਰਾਂ ਨਿਪੁੰਨ 'ਕਸਟਮਜ਼ ਬਰੋਕਰਜ਼' ਅਤੇ 'ਫਰੇਟ ਫਾਰਵਾਰਡਰਜ਼' ਦੀ ਜਰੂਰਤ ਪੈਂਦੀ ਹੈ ਜਿਹੜੇ ਮਾਲ ਨੂੰ ਬਾਹਰਲੇ ਮੁਲਕਾਂ ਵਿਚ ਭੇਜਣ (ਨਿਰਯਾਤ) ਦਾ ਅਤੇ ਬਿਦੇਸ਼ਾਂ ਵਿਚੋਂ ਆਯਾਤ ਕਰਨ ਦਾ ਪੂਰਾ ਤਜ਼ਰਬਾ ਰੱਖਦੇ ਹੋਣ ਅਤੇ ਵਿਸ਼ਵ ਦੇ ਵਪਾਰ ਦੇ ਵਰਗੀਕਰਣ ਦੀ ਇਕਸੁਰਤਾ (Harmonized System) ਦੀ ਕੋਡ, ਉਤਪਾਦ ਕਰ (excise tax), ਅਤੇ ਵਰਲਡ ਕਸਟਮਜ਼ ਆਰਗੇਨਾਈਜ਼ੇਸ਼ਨ (World Customs Organization) ਵਲੋਂ ਤਿਆਰ ਕੀਤੀ ਅੰਤਰਰਾਸ਼ਟਰੀ ਵਾਪਾਰ ਦੀ ਸ਼ਬਦਾਵਲੀ ਨੂੰ ਚੰਗੀ ਤਰਾਂ ਸਮਝਦੇ ਹੋਣ। ਇਹ ਸਾਰਾ ਸਿਸਟਮ ਸਮੁੰਦਰੀ ਜਹਾਜ਼ਾਂ, ਹਵਾਈ ਜਹਾਜ਼ਾਂ, ਰੇਲ ਗੱਡੀਆਂ, ਟਰੱਕਾਂ, ਅਤੇ ਯੋਜਨਾਬੰਦੀ (logistics) ਨਾਲ ਜੁੜਿਆ ਹੋਣਾ ਚਾਹੀਦਾ ਹੈ।

### ਗੁਆਂਢੀ ਮੁਲਕਾਂ ਚੀਨ ਅਤੇ ਪਾਕਿਸਤਾਨ ਨਾਲ ਵਾਪਾਰਕ ਸਾਂਝ

ਜਿਹੜੇ ਮੁਲਕ ਇਕ ਦੂਜੇ ਨਾਲ ਵਣਜ ਵਾਪਾਰ ਕਰਦੇ ਹਨ, ਉਹ ਅਕਸਰ ਇਕ ਦੂਜੇ ਨਾਲ ਜੰਗ ਨਹੀਂ ਕਰਦੇ! ਗੁਆਂਢੀ ਮੁਲਕਾਂ ਚੀਨ ਅਤੇ ਪਾਕਿਸਤਾਨ ਨਾਲ ਭਾਰਤ ਦੇ ਵਾਪਾਰ ਦੇ ਖੁਸ਼ਕ ਰਸਤੇ ਜਾਂ ਤਾਂ ਬੰਦ ਹਨ ਜਾਂ ਬੰਦ ਵਰਗੇ ਹੀ ਹਨ। ਇਹਨਾਂ ਦੋਹਾਂ ਨਾਲ ਭਾਰਤ 1962 ਤੋਂ ਲੈ ਕੇ ਹੁਣ ਤੱਕ ਵੱਡੇ ਜੰਗ ਕਰ ਚੁੱਕਾ ਹੈ ਅਤੇ ਦੋਹਾਂ ਦੀਆਂ ਸੀਮਾਵਾਂ ਤੇ ਕਾਫੀ ਫੌਜੀ ਦਬਾਅ ਵੀ ਹੈ ਜਿੱਥੇ ਫੌਜੀ ਝੜਪਾਂ ਤਕਰੀਬਨ ਆਏ ਦਿਨ ਹੁੰਦੀਆਂ ਹੀ ਰਹਿੰਦੀਆਂ ਹਨ। ਇਹਨਾਂ ਬਾਰਡਰਾਂ ਦੀ ਰੱਖਿਆ ਵੀ ਜ਼ਿਆਦਾਤਰ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੁੱਤਰ ਹੀ ਕਰਦੇ ਹਨ ਜਿਹਨਾਂ ਵਿਚ ਪੰਜਾਬ ਅਤੇ ਹਰਿਆਣਾ ਦੇ ਜਵਾਨਾਂ ਦਾ ਵੱਡਾ ਯੋਗਦਾਨ ਹੈ। ਇਸ ਦਬਾਅ ਨੂੰ ਬਿਲਕੁਲ ਖਤਮ ਤਾਂ ਨਹੀਂ ਕੀਤਾ ਜਾ ਸਕਦਾ ਪਰ ਬਹੁਤ ਹੱਦ ਤੱਕ ਘਟਾਇਆ ਜਰੂਰ ਸਕਦਾ ਹੈ। ਇਹਨਾਂ ਮੁਲਕਾਂ ਨਾਲ ਖੁਸ਼ਕੀ ਦੇ ਰਸਤੇ ਵੱਡੇ ਪੱਧਰ ਤੇ ਵਪਾਰ ਦਾ ਰਾਹ ਖੁੱਲਣਾ ਚਾਹੀਦਾ ਹੈ। ਪਾਕਿਸਤਾਨ ਅਤੇ ਭਾਰਤ ਦੀ ਦੁਵੱਲੀ ਆਵਾਜਾਈ ਤਾਂ ਵਾਘਾ ਬਾਰਡਰ ਅਤੇ ਅਟਾਰੀ ਰੇਲ ਲਿੰਕ ਰਾਹੀਂ ਪਹਿਲਾਂ ਹੀ ਖੁੱਲੀ ਹੋਈ ਹੈ। ਇਸ ਨੂੰ ਬਾਕਾਇਦਾ ਵੱਡੀਆਂ ਵਾਪਾਰਕ ਲੀਹਾਂ ਤੇ ਤੋਰਨ ਦੀ ਲੋੜ ਹੈ।

**ਕਿਸਾਨੀ ਦਾ ਜੋ ਮੋਰਚਾ ਅੱਜ ਚਲ ਰਿਹਾ ਹੈ, ਉਹ ਚੜਦੇ ਸੂਰਜ ਦੀ ਲਾਟ ਵਰਗਾ ਹੈ ਜਿਸ ਨੂੰ ਸਾਰੀ ਦੁਨੀਆਂ ਦੇਖ ਰਹੀ ਹੈ। ਸਾਰੇ ਕਿਰਸਾਨ ਲੀਡਰ ਸਿਆਣੇ ਹਨ ਅਤੇ ਅਜੇ ਤਕ ਕਿਸੇ ਵੀ ਤਰੀਕੇ ਨਾਲ ਸਰਕਾਰੀ ਮੱਕੜ ਜਾਲ ਵਿਚ ਨਹੀਂ ਫਸੇ। ਇਹ ਮੋਰਚਾ ਹਰ ਹਾਲਤ ਵਿਚ ਸ਼ਾਂਤੀਪੂਰਵਕ ਹੀ ਚਲਣਾ ਚਾਹੀਦਾ ਹੈ। ਇਸ ਵਿਚੋਂ ਕੁਝ ਅਜੇਹੀਆਂ ਰਾਜਨੀਤਿਕ ਅਤੇ ਆਰਥਿਕ ਸਥਿਤੀਆਂ ਨਿਕਲ ਸਕਦੀਆਂ ਹਨ ਜਿਹਨਾਂ ਨਾਲ ਕਿਸਾਨਾਂ ਨੂੰ ਫਸਲਾਂ ਦਾ ਘੱਟ ਤੋਂ ਘੱਟ ਨਹੀਂ, ਸਗੋਂ ਵੱਧ ਤੋਂ ਵੱਧ ਸਮਰਥਨ ਮੁੱਲ ਵੀ ਮਿਲ ਸਕਦਾ ਹੈ। ਹੋਰ ਤਾਂ ਕੀ, ਅਗਲੀ ਸਰਕਾਰ ਵੀ ਕਿਰਸਾਨਾਂ ਦੀ ਮਰਜ਼ੀ ਤੋਂ ਬਿਨਾ ਨਹੀਂ ਬਣ ਸਕਦੀ।**

ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾ ਤਿੰਨਾਂ ਕਾਨੂੰਨਾਂ ਨੂੰ ਰੱਦ ਕਰ ਕੇ ਕਿਰਸਾਨਾਂ ਅਤੇ ਖੇਤੀ ਦੇ ਅਸਲ ਮਾਹਰਾਂ ਅਤੇ ਹੋਰ ਰਾਜਨੀਤਿਕ ਪਾਰਟੀਆਂ ਨਾਲ ਗੱਲ ਕੇ ਇਕ ਇਨਸਾਫ ਭਰਪੂਰ ਨਵਾਂ ਖੇਤੀ ਕਨੂੰਨ ਬਣਾਇਆ ਜਾਏ। ਇਹ ਸਾਰੇ ਦੇਸ਼ ਦੇ ਹਿਤ ਦੀ ਗੱਲ ਹੋਵੇਗੀ। ਇਸ ਸਬੰਧੀ ਉਹ ਕਿਰਸਾਨਾਂ ਨੂੰ ਮੂੰਹ ਜ਼ੁਬਾਨੀ 'ਅਸ਼ਵਾਸ਼ਨ' ਨਾ ਦੇਵੇ, ਛੇਤੀ ਹੀ ਇਹ ਮਤਾ ਪਾਰਲੀਮੈਂਟ ਦੇ ਸਪੈਸ਼ਲ ਸੈਸ਼ਨ ਵਿਚ ਪਾਸ ਕਰੇ। ਨਹੀਂ ਤਾਂ ਕਿਰਸਾਨ ਆਪਣਾ ਸੰਘਰਸ਼ ਸਦਾ ਲਈ ਚਾਲੂ ਰੱਖਣਗੇ ਜਿਸ ਨਾਲ ਸਰਕਾਰ ਦੀਆਂ ਪਰੇਸ਼ਾਨੀਆਂ ਹੋਰ ਵਧਣਗੀਆਂ, ਘਟਣਗੀਆਂ ਨਹੀਂ। ਪਹਿਲਾਂ ਮੁਲਕ ਦੀਆਂ ਸਾਰੀਆਂ ਖਾਧ ਪਦਾਰਥਾਂ ਦੀਆਂ ਘਰੇਲੂ ਲੋੜਾਂ ਨੂੰ ਪੂਰਾ ਕੀਤਾ ਜਾਏ ਅਤੇ ਕੁਪੋਸ਼ਣ ਨੂੰ ਦੂਰ ਕੀਤਾ ਜਾਏ। ਇਸ ਤੋਂ ਵਧੇ ਹਰ ਪ੍ਰਕਾਰ ਦੇ ਖਾਧ ਪਦਾਰਥਾਂ ਲਈ ਇਕ ਨਿਗਰ ਅਤੇ ਲਾਹੇਵੰਦ ਨਿਰਯਾਤ ਪਾਲਿਸੀ ਬਣਾਈ ਜਾਏ। **ਕਿਰਸਾਨਾਂ ਨੂੰ ਵਧੇਰੇ ਜਿਣਸ ਪੈਦਾ ਕਰਨ ਦੀ ਸਜ਼ਾ ਨਾ ਦਿੱਤੀ ਜਾਏ ਸਗੋਂ ਕਿਸਾਨੀ ਪੈਦਾਵਾਰ ਨੂੰ Product of India (ਭਾਰਤ ਦਾ ਉਤਪਾਦ) ਦੇ ਬੈਨਰ ਹੇਠ ਬਿਦੇਸ਼ਾਂ ਵਿਚ ਉਸੇ ਤਰਾਂ ਪ੍ਰਫੁੱਲਤ ਕੀਤਾ ਜਾਏ ਜਿਦਾਂ ਆਈ ਟੀ (computer and software) ù Make in India (ਭਾਰਤ ਵਿਚ ਬਣਾਉ) ਦੇ ਬੈਨਰ ਹੇਠ ਬਿਦੇਸ਼ਾਂ ਵਿਚ ਪ੍ਰੋਮੋਟ ਕੀਤਾ ਜਾ ਰਿਹਾ ਹੈ। ਇਸ ਨਾਲ 1-2% ਲੋਕਾਂ ਨੂੰ ਮਿਲਣ ਵਾਲੇ ਫਾਇਦੇ ਦੀ ਥਾਂ 60-70% ਲੋਕਾਂ ਨੂੰ ਲਾਭ ਹੋ ਸਕਦਾ ਹੈ ਜੋ ਖੇਤੀ ਨਾਲ ਜੁੜੇ ਹੋਏ ਹਨ। ਮੋਦੀ ਸਰਕਾਰ ਨੂੰ ਅੜੀਅਲ ਵਤੀਰਾ ਤਿਆਗ ਕੇ ਸਮੇਂ ਦੀ ਨਜ਼ਾਕਤ ਸਮਝਣ ਦੀ ਲੋੜ ਹੈ।**

*ਲੇਖਕ ਪੰਜਾਬ ਦਾ ਜੰਮਪਲ ਹੈ, ਇਤਿਹਾਸਕਾਰ ਹੈ, ਅਤੇ ਅਮਰੀਕਾ ਤੋਂ ਪੁਲੀਟੀਕਲ ਸਾਇੰਸ ਵਿਚ ਪੀ. ਐਚ. ਡੀ. ਹੈ। ਪਿਛਲੇ 42 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਉਹ ਕਿੱਤੇ ਵਜੋਂ ਸਿਲੀਕਨ ਵੈਲੀ ਦੀ ਕੰਪਿਊਟਰ ਇੰਡਸਟਰੀ ਵਿਚ ਸੀਨੀਅਰ ਸਟਾਫ ਟੈਕਨੀਕਲ ਰਾਈਟਰ ਹੈ ਅਤੇ ਛੋਟਾ ਕਿਰਸਾਨ ਵੀ ਹੈ। ਲੇਖਕ ਵਰਲਡ ਸਿੱਖ ਕੌਂਸਲ (ਅਮਰੀਕਾ ਰੀਜਨ) ਦੇ ਜਨਰਲ ਸਕੱਤਰ ਦੀ ਸੇਵਾ ਵੀ ਨਿਭਾ ਚੁੱਕਾ ਹੈ।*

ਸੰਪਰਕ: tnahal99@yahoo.com

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਜੀਵਨ ਜਿਊਣ ਤੇ ਜੂਨ ਹੰਢਾਉਣ ਵਿਚ ਵੱਡਾ ਅੰਤਰ

**- ਡਾਕਟਰ ਇੰਦਰਜੀਤ ਸਿੰਘ ਗੋਗੋਆਣੀ**

ਇਸ ਸੰਸਾਰ ਵਿਚ ਜੀਵਨ ਜਿਊਣਾ ਜਾਂ ਜੂਨ ਹੰਢਾਉਣਾ ਦੋਵਾਂ ਵਿਚ ਵੱਡਾ ਅੰਤਰ ਹੈ। ਹਰ ਸੁਚੇਤ ਇਨਸਾਨ ਚੰਗਾ ਜੀਵਨ ਜਿਊਣ ਦੀ ਲਾਲਸਾ ਰੱਖਦਾ ਹੈ। ਚੰਗੀ ਜੀਵਨ ਜਾਚ ਲਈ ਕੁਝ ਅਸੂਲ ਹਨ ਅਤੇ ਇਹ ਵੀ ਸੱਚ ਹੈ ਕਿ ਅਸੂਲ ਜਾਂ ਮਰਯਾਦਾ ਧਾਰਨ ਕਰਨ ਨਾਲ ਹੀ ਜੀਵਨ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਹੈ। ਜਿਵੇਂ ਸੰਪੂਰਨਤਾ ਲਈ 'ਸੋਲਾਂ ਆਨੇ ਦਾ ਰੁਪਈਆ' ਜਾਂ 'ਸੋਲਾਂ ਆਨੇ ਖਰੀ ਗੱਲ' ਸ਼ਬਦ ਪ੍ਰਚਲਿਤ ਹੈ। ਇਸੇ ਤਰਾਂ ਸਾਡੇ ਸਾਹਿਤ ਵਿਚ ਸੋਲਾਂ ਕਲਾਵਾਂ (ਸ਼ਕਤੀਆਂ) ਜਾਂ ਗੁਣਾਂ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਇਹ ਸੋਲਾਂ ਗੁਣ ਜਾਂ ਕਲਾਵਾਂ ਕਿਹੜੀਆਂ ਹਨ?

ਗਿਆਨ ਕਲਾ: ਸਫਲ ਜੀਵਨ ਜਿਊਣ ਲਈ ਪਹਿਲੀ ਕਲਾ ਜਾਂ ਗੁਣ ਗਿਆਨ ਹੈ। ਗਿਆਨ ਤੋਂ ਭਾਵ ਜਾਣਨਾ, ਬੋਧ, ਸਮਝ ਜਾਂ ਇਲਮ ਹੈ। ਦਾਨਿਆਂ ਦਾ ਕਥਨ ਹੈ ਕਿ ਪਸ਼ੂ ਤੇ ਮਨੁੱਖ ਵਿਚ ਅੰਤਰ ਵੀ ਗਿਆਨ ਕਰਕੇ ਹੀ ਹੈ। ਸੌਣਾ, ਖਾਣਾ, ਭੋਗਣਾ, ਡਰਨਾ ਇਹ ਤਾਂ ਪਸ਼ੂ ਤੇ ਪੁਰਖ ਵਿਚ ਬਰਾਬਰ ਹੈ ਪਰ ਮਨੁੱਖ ਦੀ ਵਿਸ਼ੇਸ਼ਤਾ ਗਿਆਨ ਕਰਕੇ ਹੈ। ਗਿਆਨ ਕਰਕੇ ਹੀ ਇਹ ਸਭ ਜੂਨਾਂ ਦਾ ਸਰਦਾਰ ਵੀ ਹੈ। ਦੂਜੇ ਪਾਸੇ ਸਾਡੇ ਸਮਾਜ ਵਿਚ ਮਾਰੂ ਨਸ਼ੇ, ਵਹਿਮ ਭਰਮ, ਫੋਕਟ ਕਰਮ ਕਾਂਡ, ਅੰਧ ਵਿਸ਼ਵਾਸ, ਅਵਾਰਾਗਰਦੀ, ਕਤਲੋਗਾਰਤ ਤੇ ਮਾਰਧਾੜ ਜੇ ਕਰ ਹੈ ਤਾਂ ਉਸ ਦਾ ਮੂਲ ਕਾਰਨ ਅਗਿਆਨ ਹੈ। ਜਿੱਥੇ ਗਿਆਨ ਹੋਵੇਗਾ ਉੱਥੇ ਇਹ ਸਮੱਸਿਆਵਾਂ ਨਹੀਂ ਹੋਣਗੀਆਂ।

ਧਿਆਨ ਕਲਾ: ਧਿਆਨ ਲਗਾਉਣਾ ਇਕ ਮੁਹਾਰਤ ਹੈ। ਧਿਆਨ ਤੋਂ ਭਾਵ ਆਪਣੇ ਮਨ ਦੇ ਫੁਰਨਿਆਂ ਨੂੰ ਹਰ ਪਾਸੇ ਤੋਂ ਰੋਕ ਕੇ ਇਕ ਥਾਂ ਉੱਪਰ ਟਿਕਾਉਣ ਦੀ ਵਿਧੀ ਹੈ। ਇਸ ਲਈ ਆਮ ਮਨੁੱਖ ਦਾ ਜਿੰਨਾ ਕੁ ਕਿਸੇ ਪਾਸੇ ਧਿਆਨ ਹੁੰਦਾ ਹੈ, ਓਨਾ ਕੁ ਹੀ ਉਸ ਦਾ ਗਿਆਨ ਹੁੰਦਾ ਹੈ। ਬਹੁਤੀ ਵਾਰ ਆਮ ਮਨੁੱਖ ਸਮਾਜ ਵਿਚ ਹੋਰ ਤਾਂ ਬਹੁਤ ਕੁਝ ਜਾਣਦਾ ਹੁੰਦਾ ਪਰ ਆਪਣੇ ਆਪ ਸਬੰਧੀ ਕੁਝ ਨਹੀਂ ਜਾਣਦਾ ਹੁੰਦਾ। ਘੱਟੋ-ਘੱਟ ਆਪਣੇ ਉੱਪਰ ਹੀ ਧਿਆਨ ਹੋਵੇ ਤਾਂ ਆਪਣੀਆਂ ਸ਼ਕਤੀਆਂ ਤੇ ਕਮੀਆਂ ਦੀ ਜਾਣਕਾਰੀ ਜ਼ਰੂਰ ਹੋਵੇਗੀ। ਧਿਆਨ ਦੀ ਜੁਗਤੀ ਕੀ ਹੈ? ਸਾਡੇ ਪੰਜ ਗਿਆਨ ਇੰਦਰੇ (ਅੱਖਾਂ, ਕੰਨ, ਨੱਕ, ਜ਼ੁਬਾਨ ਤੇ ਚਮੜੀ) ਹਨ ਅਤੇ ਪੰਜ ਕਰਮ ਇੰਦਰੇ (ਹੱਥ, ਪੈਰ, ਮੂੰਹ, ਗੁਦਾ ਤੇ ਲਿੰਗ) ਹਨ, ਜਦ ਅਸੀਂ ਆਪਣੇ ਗਿਆਨ ਤੇ ਕਰਮ ਇੰਦਰਿਆਂ ਨੂੰ ਇਕਾਗਰ ਕਰਦੇ ਹਾਂ ਤਾਂ ਸਾਡੀ ਸੋਚਣ ਸ਼ਕਤੀ ਡੂੰਘੀ ਹੁੰਦੀ ਹੈ। ਇਹ ਹਕੀਕਤ ਹੈ ਕਿ ਜਿਵੇਂ ਡੂੰਘੀ ਜੜ ਵਾਲਾ ਰੁੱਖ ਸਦਾ ਉੱਚਾ ਹੁੰਦਾ ਹੈ ਉਵੇਂ ਹੀ ਡੂੰਘੇ ਧਿਆਨ ਵਾਲਾ ਮਨੁੱਖ ਸਦਾ ਉਚਾਈਆਂ ਨੂੰ ਛੂੰਹਦਾ ਹੈ।

ਹਠ ਕਲਾ: ਹਠ ਤੋਂ ਭਾਵ ਸਾਹਸ, ਦ੍ਰਿੜਤਾ ਜਾਂ ਸਿਦਕ ਹੈ। ਉਂਜ ਹਠੀ ਦੋ ਪ੍ਰਕਾਰ ਦੇ ਮੰਨੇ ਜਾਂਦੇ ਹਨ, ਇਕ ਨਿੰਦਤ ਹਠੀ ਤੇ ਦੂਜਾ ਉੱਤਮ ਹਠੀ। ਨਿੰਦਤ ਹਠੀ ਨਾਂਹ ਵਾਚੀ ਸੋਚ, ਨਿਰਾਸ਼ਾਵਾਦ, ਢਹਿੰਦੀ ਕਲਾ ਵਾਲੇ ਤੇ ਨਕਾਰਾਤਮਿਕ ਸੋਚ ਵਾਲੇ ਹੁੰਦੇ ਹਨ। ਦੂਜੇ ਪਾਸੇ ਸਫਲ ਜੀਵਨ ਜੀਣ ਲਈ ਉੱਤਮ ਹਠੀ ਹੋਣ ਦੀ ਲੋੜ ਹੈ। ਦ੍ਰਿੜ ਇਰਾਦੇ ਵਾਲਾ ਹੀ ਜੀਵਨ ਦੀ ਬਾਜ਼ੀ ਜਿੱਤਦਾ ਹੈ। ਖ਼ਿਆਲਾਂ ਦੀ ਸ਼ਕਤੀ ਹੀ ਇਨਸਾਨ ਦੇ ਸ਼ੁੱਭ ਕੰਮਾਂ ਦੀ ਬੁਨਿਆਦ ਹੈ। ਲੋਕ ਅਖਾਣ ਹੈ 'ਰੋਂਦੇ ਘੋੜੀ ਚੜ੍ਹਾਏ, ਕਦੇ ਜੰਗ ਜਿੱਤ ਕੇ ਨਹੀਂ ਆਏ' ਅਤੇ ਦੂਜੇ ਪਾਸੇ ਫ਼ਤਿਹ ਦੇ ਜੈਕਾਰੇ ਸਦਾ ਸਾਹਸੀ ਤੇ ਹਠਧਾਰੀਆਂ ਦੀ ਜਿੱਤ ਉੱਪਰ ਹੀ ਗੂੰਜਦੇ ਹਨ। 'ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ' ਅਤੇ 'ਦਾਨਾ ਖ਼ਾਕ ਮੇਂ ਮਿਲ ਕਰ ਗੁਲੋ ਗੁਲਜ਼ਾਰ ਹੋਤਾ ਹੈ', ਇਹ ਸਭ ਉੱਤਮ ਹਠੀਆਂ ਲਈ ਸੰਬੋਧਕ ਸ਼ਬਦ ਹਨ।

ਸੰਜਮ ਕਲਾ: ਸੰਜਮ ਤੋਂ ਭਾਵ ਮਨ ਨੂੰ ਵਿਕਾਰਾਂ ਤੋਂ ਰੋਕਣਾ, ਪਰਹੇਜ਼, ਢੰਗ ਤੇ ਤਰੀਕਾ ਆਦਿ ਹਨ। ਸੰਜਮ ਤੋਂ ਵਿਹੂਣਾ ਮਨੁੱਖੀ ਜੀਵਨ ਕਿਸੇ ਕੰਮ ਦਾ ਨਹੀਂ ਹੁੰਦਾ। ਖਾਣ ਪੀਣ ਲਈ ਵੀ ਸੰਜਮ ਦੀ ਲੋੜ ਹੈ, ਨਹੀਂ ਤਾਂ ਬੇਲੋੜੀਆਂ ਬਿਮਾਰੀਆਂ ਚਿੰਬੜ ਜਾਣਗੀਆਂ। ਪਹਿਨਣ ਲਈ ਵੀ ਸੰਜਮ ਚਾਹੀਦਾ, ਨਹੀਂ ਤਾਂ ਨੰਗੇਜਵਾਦ ਨੇ ਸਮਾਜਿਕ ਕਦਰਾਂ-ਕੀਮਤਾਂ ਦਾ ਘਾਣ ਕਰ ਦਿੱਤਾ ਹੈ। ਮਾਨਵੀ ਜੀਵਨ ਦੇ ਹਰ ਖੇਤਰ ਵਿਚ ਜਦ ਸੰਜਮ ਨਾ ਰਿਹਾ ਤਾਂ ਰਿਸ਼ਵਤਖ਼ੋਰੀ, ਭ੍ਰਿਸ਼ਟਾਚਾਰ, ਚਿੰਤਾ ਰੋਗ, ਦੁਰਘਟਨਾਵਾਂ, ਆਤਮ-ਹੱਤਿਆਵਾਂ, ਏਡਜ਼ ਵਰਗੇ ਰੋਗ ਅਤੇ ਲੜਾਈਆਂ ਝਗੜੇ ਭਾਰੂ ਹੋ ਗਏ। ਤੱਤਸਾਰ ਦੀ ਗੱਲ ਕਰੀਏ ਤਾਂ ਸੰਜਮ ਦੀ ਮੁਹਾਰਤ ਨਦੀ ਦੇ ਕਿਨਾਰਿਆਂ ਵਾਂਗ ਹੈ। ਜੇ ਕਰ ਕਿਨਾਰੇ ਨਾ ਹੋਣ ਤਾਂ ਨਦੀ ਦੀ ਵੀ ਹੋਂਦ ਕੋਈ ਨਹੀਂ। ਇਹ ਵੀ ਸੱਚ ਹੈ ਕਿ ਜਿਸ ਇਨਸਾਨ ਦਾ ਸੌਣਾ, ਜਾਗਣਾ, ਖਾਣਾ, ਪੀਣਾ, ਪਹਿਨਣਾ, ਬੋਲਣਾ, ਵਿਚਰਨਾ, ਪੜਨਾ, ਸੁਣਨਾ ਆਦਿ ਸੰਜਮ ਵਿਚ ਹੈ, ਉਹ ਹਰ ਥਾਂ ਸਫਲ ਹੋਵੇਗਾ।

ਧਰਮ ਕਲਾ: ਧਰਮ ਦੇ ਅਰਥ ਇਹ ਵੀ ਹਨ ਜਿਵੇਂ ਸੱਚ, ਈਮਾਨ, ਆਚਰਨ, ਹੱਕ, ਪੁੰਨ ਆਦਿ। ਇਕ ਵਿਦਵਾਨ ਨੇ ਧਰਮ ਨੂੰ ਕੋਮਲ ਹੁਨਰ ਤੇ ਜਿਊਣ ਦਾ ਹੁਨਰ ਵੀ ਕਿਹਾ ਹੈ। ਜੀਵਨ ਦਾ ਸੱਚ ਹੈ ਕਿ ਭਾਵੇਂ ਕੋਈ ਆਸਤਿਕ ਹੈ ਜਾਂ ਨਾਸਤਿਕ ਪਰ ਚੰਗਾ ਜੀਵਨ ਜਿਊਣ ਲਈ ਤੇ ਚੰਗਾ ਸਮਾਜ ਸਿਰਜਣ ਲਈ ਹੱਕ, ਸੱਚ, ਈਮਾਨ ਤੇ ਚੰਗੇ ਗੁਣਾਂ ਦੀ ਸਭ ਨੂੰ ਹੀ ਲੋੜ ਹੈ। ਧਰਮ ਤਾਂ ਚੰਗੇ ਅਸੂਲ ਹਨ ਜਿਵੇਂ ਕਿਸੇ ਪਿਆਸੇ ਨੂੰ ਪਾਣੀ ਪਿਆ ਕੇ ਉਸ ਦੀ ਜਾਨ ਵੀ ਬਚਾਈ ਜਾ ਸਕਦੀ ਹੈ ਤੇ ਉਸੇ ਖੂਹ ਵਿਚ ਧੱਕਾ ਦੇ ਕੇ ਜਾਨ ਲਈ ਵੀ ਜਾ ਸਕਦੀ ਹੈ। ਹੁਣ ਪਾਣੀ ਪਿਆਉਣਾ ਧਰਮ ਹੈ ਤੇ ਧੱਕਾ ਦੇਣਾ ਅਧਰਮ ਹੈ। ਇੱਥੇ ਖੂਹ ਜਾਂ ਪਾਣੀ ਦਾ ਕਸੂਰ ਨਹੀਂ ਹੈ, ਧਰਮ ਦਾ ਗੁਣ ਸਮਝਣਾ ਜ਼ਰੂਰੀ ਹੈ।

ਵਿੱਦਿਆ ਕਲਾ: ਵਿੱਦਿਆ ਤੋਂ ਭਾਵ ਜਾਣਨਾ ਜਾਂ ਇਲਮ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਭਾਵੇਂ ਵਿੱਦਿਆ ਜਾਂ ਗਿਆਨ ਦੀ ਕੋਈ ਸੀਮਾ ਵੀ ਨਹੀਂ ਹੈ ਪਰ ਸਦਾ ਨਵਾਂ ਸਿੱਖਦੇ ਰਹਿਣਾ ਆਪੇ ਦਾ ਵਿਕਾਸ ਹੈ। ਸ਼ੇਖ ਸਾਅਦੀ ਨੇ ਗੁਲਸਤਾਂ ਵਿਚ ਲਿਖਿਆ, 'ਲੋਕਾਂ ਨੇ ਅਮਾਮ ਗਜ਼ਾਲੀ ਤੋਂ ਪੁੱਛਿਆ ਕਿ ਵਿਦਵਤਾ ਵਿਚ ਤੂੰ ਇੰਨੀ ਵੱਡੀ ਪਦਵੀ ਕਿਵੇਂ ਪ੍ਰਾਪਤ ਕੀਤੀ? ਉਸ ਨੇ ਉੱਤਰ ਦਿੱਤਾ ਕਿ ਜੋ ਕੁਝ ਮੈਨੂੰ ਪਤਾ ਨਹੀਂ ਸੀ ਮੈਂ ਉਸ ਬਾਰੇ ਪੁੱਛਣ ਵਿਚ ਸ਼ਰਮ ਨਹੀਂ ਕੀਤੀ।' ਕਈ ਵਾਰ ਚਰਚਾ ਹੁੰਦੀ ਹੈ ਕਿ ਕਿਸੇ ਸਮੇਂ ਵਿੱਦਿਆ ਵਿਹੂਣੇ ਸਮਾਜ ਵਿਚ ਬੁਰਾਈਆਂ ਘੱਟ ਸਨ ਤੇ ਹੁਣ ਵਿੱਦਿਆ ਦੇ ਪਾਸਾਰ ਨਾਲ ਬੁਰਾਈਆਂ ਵਧ ਗਈਆਂ ਹਨ। ਇੱਥੇ ਕਸੂਰ ਵਿੱਦਿਆ ਦਾ ਨਹੀਂ ਸਗੋਂ ਨੀਵੀਂ ਸੋਚ ਦਾ ਹੈ। ਵਿੱਦਿਆ ਤਾਂ ਇਕ ਵਡਮੁੱਲੀ ਸ਼ਕਤੀ ਹੈ, ਪਰ ਜੇ ਕਰ ਇਸ ਗੁਣ ਦਾ ਸਹੀ ਪ੍ਰਯੋਗ ਕਰੀਏ।

ਅਧਿਆਤਮ ਕਲਾ: ਇਸ ਤੋਂ ਭਾਵ ਆਤਮ ਵਿੱਦਿਆ ਹੈ, ਜੋ ਆਤਮ ਗਿਆਨ ਸਬੰਧੀ ਜਾਣੇ। ਅਸਲ ਵਿਚ ਅਧਿਆਤਮ ਕਲਾ ਦੀ ਮੁਹਾਰਤ ਉਹ ਸ਼ਕਤੀ ਹੈ ਜਿੱਥੇ ਸਾਧਕ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਇਕ ਹੀ ਜੋਤ ਦਾ ਪਸਾਰਾ ਨਜ਼ਰ ਆਉਂਦਾ ਹੈ। ਭਾਵੇਂ ਸਾਡਾ ਕੁਝ ਵਰਗ 'ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ ਜਾਂ ਖਾਓ, ਪੀਓ ਮੌਜ ਕਰੋ' ਦੀ ਧਾਰਨਾ 'ਤੇ ਵੀ ਚੱਲਦਾ ਹੈ, ਪਰ ਸਫਲ ਜੀਵਨ ਜਾਚ ਵਾਲਾ ਮਨੁੱਖ ਸਰਬੱਤ ਦੇ ਭਲੇ ਲਈ ਕਾਰਜ ਕਰਦਾ ਹੋਇਆ ਨਿੱਜ ਤੋਂ ਉੱਪਰ ਉੱਠੇਗਾ। ਇਸ ਗੁਣ ਨਾਲ ਊਚ-ਨੀਚ, ਜਾਤ-ਪਾਤ ਦੇ ਭੇਦ ਭਾਵ ਖ਼ਤਮ ਹੁੰਦੇ ਹਨ ਤੇ 'ਏਕ ਨੂਰ ਤੇ ਸਭਿ ਜਗ ਉਪਜਿਆ' ਦੀ ਸਚਾਈ ਦਾ ਗਿਆਨ ਹੁੰਦਾ ਹੈ।

ਅਕਲ ਕਲਾ: ਅਕਲ ਤੋਂ ਭਾਵ ਮਨ ਦੀਆਂ ਤਰੰਗਾਂ ਜਾਂ ਸੁਰਤ ਨੂੰ ਨਿਯਮ ਵਿਚ ਲੈ ਆਉਣਾ ਹੈ। ਅਕਲ ਇਕ ਸ਼ਕਤੀ ਹੈ। ਲੋਕ ਅਖਾਣ ਹੈ, ਅਕਲ ਵਾਲੇ ਨਾਲ ਭੀਖ ਮੰਗੀ ਚੰਗੀ ਪਰ ਮੂਰਖ ਨਾਲ ਰਾਜ ਰਾਵਿਆ ਮੰਦਾ। 'ਦਾਨਿਆਂ ਨੇ ਇਲਮ ਤੇ ਅਕਲ ਵਿਚ ਸੂਖਮ ਜਿਹਾ ਭੇਦ ਵੀ ਮੰਨਿਆਂ ਹੈ ਜਿਵੇਂ ਇਕ ਬਾਂਦਰ ਨੂੰ ਅੱਗ ਲਾਉਣੀ ਸਿਖਾ ਦਿੱਤੀ ਤਾਂ ਇਹ ਇਲਮ ਹੈ ਪਰ ਉਸ ਨੂੰ ਅਕਲ ਨਹੀਂ ਕਿ ਅੱਗ ਨਾਲ ਨੁਕਸਾਨ ਕੀ-ਕੀ ਹੋਵੇਗਾ? ਅਕਲ ਕਰਕੇ ਹੀ ਮਨੁੱਖ ਨੇ ਮਹਾਨ ਖੋਜਾਂ ਕੀਤੀਆਂ ਹਨ। 'ਪੰਚ ਤੰਤਰ ਦੀ ਕਥਾ ਵਿਚ ਅਕਲ ਦੀ ਮਹੱਤਤਾ ਇਉਂ ਵਰਣਨ ਕੀਤੀ ਹੈ; 'ਇਸ ਦੁਨੀਆ 'ਚ ਅਕਲ ਅੱਗੇ ਨਾ ਕੋਈ ਚੀਜ਼ ਦੁਰਲੱਭ ਹੈ ਤੇ ਨਾ ਕੋਈ ਚੀਜ਼ ਅਸੰਭਵ ਹੈ' ਇਸ ਲਈ ਅਕਲ ਵਿਚ ਸਮੁੱਚੀ ਮਾਨਵਤਾ ਦਾ ਸੁਖ, ਸ਼ਾਂਤੀ ਤੇ ਚੰਗੀ ਜੀਵਨ ਜਾਚ ਦਾ ਰਾਜ਼ ਹੈ।

ਦਯਾ ਕਲਾ: ਦਯਾ ਤੋਂ ਭਾਵ ਰਹਿਮ ਕਰਨਾ ਜਾਂ ਆਸਰਾ ਦੇਣਾ ਹੈ। ਜੇਕਰ ਮਨੁੱਖ ਵਿਚ ਦਇਆ ਨਾ ਹੋਵੇ ਤਾਂ ਦਇਆ ਵਿਹੂਣੇ ਨੂੰ ਕਠੋਰ ਚਿੱਤ ਜਾਂ ਪੱਥਰ ਦਿਲ ਕਿਹਾ ਜਾਂਦਾ ਹੈ। ਦਾਨਿਆਂ ਦਾ ਕਥਨ ਹੈ ਕਿ ਜੀਵਨ ਉਸੇ ਦਾ ਹੀ ਹੈ, ਜਿਸ ਦੇ ਜਿਊਣ ਨਾਲ ਬਹੁਤ ਸਾਰਿਆਂ ਦੀ ਰੱਖਿਆ ਹੁੰਦੀ ਹੈ, ਉਂਜ ਤਾਂ ਕਾਂ ਵੀ ਚੁੰਝ ਮਾਰ ਕੇ ਆਪਣਾ ਪੇਟ ਪੂਰ ਲੈਂਦਾ ਹੈ। ਚਾਣਕੀਯਾ ਨੀਤੀ ਵਿਚ ਲਿਖਿਆ ਹੈ:

ਪਸ਼ੂ ਭੀ ਆਪਣਾ ਪੇਟ ਭਰ, ਖਾਵਤ ਹੈ ਜਗ ਮਾਹਿ॥<br>
ਜਨਮ ਸਫ਼ਲ ਹੈ ਤਿਨੈ ਕਾ, ਜੋ ਖਵਾਇ ਕੈ ਖਾਹਿ॥

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਧਰਮ ਨੂੰ 'ਦਇਆ ਕਾ ਪੂਤ' ਕਹਿ ਕੇ ਸਤਿਕਾਰਿਆ ਹੈ। ਪੰਜਾਬੀ ਲੋਕ ਅਖਾਣ ਹੈ, 'ਦਇਆ ਬਰਾਬਰ ਧਰਮ ਨਹੀਂ।' ਇਸ ਲਈ ਚੰਗੇ ਸਮਾਜ ਦੀ ਘਾੜਤ ਲਈ ਦਯਾ ਵਾਲੀ ਸੋਚ ਦਾ ਗੁਣ ਹੋਣਾ ਜ਼ਰੂਰੀ ਹੈ।

ਦਾਨ ਕਲਾ: ਦਾਨ ਕਲਾ ਵੀ ਇਕ ਉੱਤਮ ਗੁਣ ਹੈ। ਦਾਨ ਦੇ ਸਮਾਨਾਰਥੀ ਸ਼ਬਦ-ਖ਼ੈਰ, ਤਿਆਗ, ਦਾਤ, ਧਰਮ, ਪੁੰਨ, ਬਖ਼ਸ਼ਿਸ਼ ਆਦਿ ਵੀ ਹਨ। ਦਾਨ ਤੋਂ ਭਾਵ ਕੇਵਲ ਪੈਸਾ ਨਹੀਂ ਹੈ ਸਗੋਂ ਵਿੱਦਿਆ, ਗਿਆਨ, ਜਾਗਰਤੀ, ਸਮਾਂ ਤੇ ਲੋਕ ਭਲਾਈ ਦੇ ਕਾਰਜਾਂ ਲਈ ਵੀ ਸਮਾਂ ਦਿੱਤਾ ਜਾ ਸਕਦਾ ਹੈ। ਲੋਕ ਅਖਾਣ ਹੈ, 'ਦਾਨ ਕਰੇ ਕਲਿਆਣ।' ਸਾਧੂ ਦਯਾ ਸਿੰਘ ਆਰਫ਼ ਨੇ ਬਹੁਤ ਹੀ ਭਾਵਪੂਰਤ ਸ਼ਬਦਾਂ ਨਾਲ ਮਾਨਵੀ ਹਿਰਦਿਆਂ ਨੂੰ ਟੁੰਬਿਆ ਹੈ:

**ਜਿਚਰ ਵਿਚ ਜਹਾਨ ਦੇ ਜ਼ਿੰਦਗਾਨੀ,**<br>
**ਉਮਰ ਸਮਝ ਲੈ ਮਹਿਲ ਮਕਾਨ ਹੈ ਓਏ॥**<br>
**ਕਰ ਲੈ ਸੱਚ ਦਾ ਵਣਜ ਵਪਾਰ ਬੀਬਾ**<br>
**ਕਰਨ ਵਾਸਤੇ ਪੁੰਨ ਤੇ ਦਾਨ ਹੈ ਓਏ॥**

ਜੇਕਰ ਅਨਾਥਾਂ, ਦੁਖੀਆਂ, ਨਿਆਸਰਿਆਂ, ਰੋਗੀਆਂ, ਵਿੱਦਿਆ ਦੇਣ ਵਾਲੀਆਂ ਸੰਸਥਾਵਾਂ, ਲੋਕ ਭਲਾਈ ਲਈ ਕਾਰਜਸ਼ੀਲ ਜਥੇਬੰਦੀਆਂ ਨੂੰ ਸਹਿਯੋਗ ਦੇਈਏ ਤਾਂ ਦਾਨ ਦੀ ਸ਼ਕਤੀ ਤੇ ਗੁਣ ਦਾ ਅਹਿਸਾਸ ਹੁੰਦਾ ਹੈ। ਇਹ ਗੁਣ ਫੂਹੀ-ਫੂਹੀ ਨਾਲ ਤਲਾਬ ਭਰਨ ਦੀ ਸਮਰੱਥਾ ਰੱਖਦਾ ਹੈ।

ਨਿਯਮ ਕਲਾ: ਇਨਸਾਨ ਲਈ ਸਫਲ ਜੀਵਨ ਜਾਚ ਵਾਸਤੇ ਨਿਯਮਾਂ ਦਾ ਗੁਣ ਹੋਣਾ ਜ਼ਰੂਰੀ ਹੈ। ਮਹਾਨ ਕੋਸ਼ ਅਨੁਸਾਰ ਨਿਯਮ ਤੋਂ ਭਾਵ-ਦਸਤੂਰ, ਕਾਇਦਾ, ਪ੍ਰਤਿੱਗਿਆ ਜਾਂ ਪ੍ਰਣ ਹੈ। ਇਸ ਮੁਹਾਰਤ ਦਾ ਹੋਰ ਖ਼ੁਲਾਸਾ ਕਰੀਏ ਤਾਂ ਕਾਦਰ ਦੀ ਕੁਦਰਤ ਅਤੇ ਪਾਠਸ਼ਾਲਾ ਤੋਂ ਲੈ ਕੇ ਰੇਲ ਗੱਡੀਆਂ ਤੱਕ ਇਕ ਨਿਯਮਤ ਸਮਾਂ ਸਾਰਨੀ ਅਨੁਸਾਰ ਚੱਲਦੀਆਂ ਹਨ। ਜੇ ਕੋਈ ਨਿਯਮ ਨਾ ਹੋਵੇ ਤਾਂ ਆਪਸ ਵਿਚ ਟਕਰਾ ਕੇ ਰਹਿ ਜਾਣਗੀਆਂ। ਮਾਨਵੀ ਰਿਸ਼ਤਿਆਂ ਨਾਤਿਆਂ ਦਾ ਪ੍ਰਬੰਧ ਸਮਾਜਿਕ ਨਿਯਮ ਨੇ ਹੀ ਸਿਰਜਿਆ ਹੈ। ਮਨੁੱਖ ਨੂੰ ਨਿਯਮ ਕਲਾ ਨੇ ਹੀ ਮਨੁੱਖ ਕਹਿਣ ਯੋਗ ਬਣਾਇਆ ਹੈ। ਬੇ ਨਿਯਮਿਆਂ ਦਾ ਨਿਯਮ ਨਾ ਹੋਣ ਕਰਕੇ ਜੀਵਨ ਵੀ ਦੁਖਦਾਈ ਹੁੰਦਾ ਹੈ। ਕਾਲੀਦਾਸ ਜੀ ਨੇ ਆਪਣੀ ਪ੍ਰਸਿੱਧ ਰਚਨਾ 'ਸ਼ਤ ਮੂਢਾ' (ਸੌ ਮੂਰਖ) ਵਿਚ ਨਿਯਮ ਵਿਹੂਣੇ ਜੀਵਨ ਦੀ ਤਸਵੀਰ ਇਉਂ ਪੇਸ਼ ਕੀਤੀ ਹੈ:

**ਪਰ ਘਰ ਭੋਜਨ ਬਹੁਤਾ ਖਾਵੇ॥**<br>
**ਢਿੱਡ ਪਾਲ ਮੂਰਖ ਮਰ ਜਾਵੇ॥**<br>
**ਚਾਦਰ ਦੇਖ ਨ ਪੈਰ ਪਸਾਰੇ॥**<br>
**ਹਰ ਕਾਰਜ ਵਿਚ ਮੂਰਖ ਹਾਰੇ॥**

ਜਤ ਕਲਾ: ਜਤ ਤੋਂ ਭਾਵ ਕਾਮ ਨੂੰ ਵੱਸ ਰੱਖਣਾ ਅਤੇ ਉਸਦਾ ਵਰਤਾਓ ਸੰਜਮ ਨਾਲ ਕਰਨਾ ਹੈ। ਮਹਾਨ ਕੋਸ਼ ਵਿਚ ਜਤ ਤੋਂ ਭਾਵ ਇੰਦਰੀਆਂ ਨੂੰ ਕਾਬੂ ਕਰਨਾ ਹੈ। ਦਰਅਸਲ ਇਸ ਸੰਸਾਰ ਵਿਚ ਬਹੁਤੀ ਭਟਕਣਾ, ਖ਼ਤਰਨਾਕ ਰੋਗ, ਲੜਾਈਆਂ, ਕਤਲੋਗਾਰਤ ਆਦਿ ਦੇ ਪਿਛੋਕੜ ਵਿਚ ਕਾਮ ਦਾ ਵਿਕਾਰ ਹੀ ਪ੍ਰਬਲ ਹੈ। ਧਾਰਮਿਕ ਜਗਤ ਵਿਚ ਪੰਜ ਵਿਕਾਰਾਂ ਨੂੰ ਮਾਰਨ ਤੋਂ ਭਾਵ ਵੀ ਇਨਾਂ ਵਿਚੋਂ ਬੁਰਿਆਈ ਨੂੰ ਖ਼ਤਮ ਕਰ ਕੇ ਸੀਲ ਸੰਜਮ ਅਨੁਸਾਰ ਸਦਵਰਤੋਂ ਦੀ ਪ੍ਰੇਰਨਾ ਹੈ। ਇਸ ਲਈ ਜਤ ਕਲਾ ਦੀ ਅਹਿਮੀਅਤ ਤੋਂ ਅਣਜਾਣ ਸਮਾਜ ਇਸ ਦੈਵੀ ਸ਼ਕਤੀ ਨੂੰ ਵਿਅਰਥ ਗਵਾ ਲੈਂਦਾ ਹੈ। ਅੱਜ ਮਨ ਦੀ ਭਟਕਣਾ, ਬੇਚੈਨੀ ਤੇ ਬਲਾਤਕਾਰੀ ਦੇ ਕਿੱਸੇ ਸਭ ਤੋਂ ਵੱਧ ਸ਼ਰਮਨਾਕ ਰੂਪ ਵਿਚ ਸਾਡੇ ਸਾਹਮਣੇ ਹਨ। ਸਫਲ ਜੀਵਨ ਜੀਣ ਲਈ ਜਤ ਕਲਾ ਦੇ ਗੁਣ ਦੇ ਧਾਰਨੀ ਹੋਣਾ ਜ਼ਰੂਰੀ ਹੈ।

ਸਤ ਕਲਾ: ਜਤ ਦੇ ਨਾਲ ਹੀ ਸ਼ਬਦ ਸਤ ਦਾ ਅਕਸਰ ਜ਼ਿਕਰ ਆਉਂਦਾ ਹੈ, ਜਿਵੇਂ ਜਤ-ਸਤ ਕਾਇਮ ਰੱਖਣਾ ਜਾਂ ਉਹ ਬੜਾ ਜਤੀ ਸਤੀ ਸੀ। ਇਸੇ ਤਰਾਂ ਸੱਚੇ ਨੇਮ ਦੇ ਧਾਰਨ ਵਾਲੇ ਨੂੰ ਸਤਬ੍ਰਤ ਕਿਹਾ ਜਾਂਦਾ ਹੈ। ਆਪਣੇ ਜਤ ਦੀ ਪਾਲਣਾ ਕਰਨ ਵਾਲੇ ਨੂੰ ਸਤੀ ਵੀ ਕਿਹਾ ਜਾਂਦਾ ਹੈ। ਜੋ ਆਪਣੇ ਆਚਰਨ ਵਿਚ ਕਾਇਮ ਰਹੇਗਾ, ਉਸ ਨੂੰ ਦੁਨੀਆ ਦੀ ਹੋਰ ਕੋਈ ਵੀ ਸ਼ਕਤੀ ਤਬਾਹ ਨਹੀਂ ਕਰ ਸਕਦੀ।

ਬ੍ਰਹਮ ਕਲਾ: ਬ੍ਰਹਮ ਗਿਆਨ ਤੋਂ ਭਾਵ ਬ੍ਰਹਮ ਦੇ ਜਾਣਨ ਵਾਲਾ ਜੋ ਆਤਮ ਗਿਆਨੀ ਹੋਵੇ। ਸਮ ਅਰਥ ਕੋਸ਼ ਵਿਚ ਬ੍ਰਹਮ ਗਿਆਨੀ ਦੇ ਸਮਾਨਾਰਥੀ ਸ਼ਬਦ ਅਧਿਆਤਮ ਗਯ ਜਾਂ ਬ੍ਰਹਮ ਪਰਾਯਣ ਵੀ ਹਨ। ਵਿਦਵਾਨਾਂ ਨੇ ਛੇ ਪ੍ਰਕਾਰ ਦੀ ਮੌਤ ਮੰਨੀ ਹੈ, ਸਰੀਰਕ, ਆਰਥਿਕ, ਰਾਜਨੀਤਿਕ, ਸਮਾਜਿਕ, ਮਾਨਸਿਕ ਤੇ ਰੂਹਾਨੀ ਮੌਤ। 'ਇਸ ਲਈ ਜੇਕਰ ਰੂਹਾਨੀ ਮੌਤ ਹੈ ਤਾਂ ਫਿਰ ਰੂਹਾਨੀ ਜੀਵਨ ਵੀ ਹੈ ਅਤੇ ਜਿਸਦਾ ਰੂਹਾਨੀ ਜੀਵਨ ਹੈ, ਉਹ ਬ੍ਰਹਮ ਕਲਾ ਦੇ ਗੁਣ ਦਾ ਧਾਰਨੀ ਹੋਵੇਗਾ।'

ਚਾਤਰਤਾ ਕਲਾ: ਚਾਤਰਤਾ ਦੇ ਅਰਥਾਂ ਨੂੰ ਵਿਸਤਾਰ ਵਿਚ ਜਾਣਨਾ ਹੋਵੇ ਤਾਂ ਇਸ ਦੇ ਸਮਾਨਾਰਥੀ ਸ਼ਬਦ ਹਨ, 'ਉਸਨਾਕ, ਸਿਆਣਾ, ਸੁਘੜ, ਕਾਮਲ, ਨਾਗਰ, ਚਲਾਕ, ਦਾਨਾ, ਪਰਬੀਨ, ਬੁੱਧੀਮਾਨ, ਲਤੀਫ਼ ਆਦਿ।' ਇਕ ਵਿਦਵਾਨ ਨੇ ਲਿਖਿਆ ਕਿ ਕਸ਼ਟ ਮਨੁੱਖ ਨੂੰ ਸੋਚਣ ਲਾਉਂਦਾ ਹੈ, ਸੋਚ ਮਨੁੱਖ ਨੂੰ ਸਿਆਣਾ ਬਣਾਉਂਦੀ ਹੈ ਤੇ ਸਿਆਣਪ ਜ਼ਿੰਦਗੀ ਨੂੰ ਸੁਖਾਵਾਂ ਬਣਾਉਂਦੀ ਹੈ। ਖ਼ੈਰ ਸਿਆਣਪ ਸਬੰਧੀ ਇਹ ਵੀ ਕਿਹਾ ਜਾਂਦਾ ਹੈ ਕਿ ਪੰਘੂੜੇ ਵਿਚ ਸਿੱਖੀਆਂ ਗੱਲਾਂ ਕਬਰਾਂ ਤੱਕ ਨਾਲ ਜਾਂਦੀਆਂ ਹਨ। ਤੱਤ ਗਿਆਨ ਹੈ ਕਿ ਮਨੁੱਖ ਨੂੰ ਚੌਰਾਸੀ ਲੱਖ ਜੂਨਾਂ ਦਾ ਸਰਦਾਰ ਹੋਣ ਦਾ ਮਾਣ ਵੀ ਇਸ ਦੀ ਸਿਆਣਪ ਨੇ ਹੀ ਦਿਵਾਇਆ ਹੈ ਅਤੇ ਇਸ ਸੰਸਾਰ ਵਿਚ ਸਤਿਕਾਰ ਵੀ ਹਮੇਸ਼ਾ ਸਿਆਣਪ ਨੂੰ ਮਿਲਿਆ ਹੈ।

ਪ੍ਰੇਮ ਕਲਾ: ਪ੍ਰੇਮ ਤੋਂ ਭਾਵ ਸਨੇਹ ਜਾਂ ਪਿਆਰ ਹੈ ਤੇ ਪਿਆਰ ਦੇ ਸਮਾਨਾਰਥੀ ਸ਼ਬਦ ਉਲਫ਼ਤ, ਅਨੁਰਾਗ, ਹਿਤ, ਨੇਹ, ਮੋਹ, ਭਾਉ, ਰਾਗ, ਰੰਗ ਆਦਿ ਵੀ ਹਨ। ਪ੍ਰੇਮ ਉਹ ਸ਼ਕਤੀ ਹੈ, ਜਿਸ ਨੇ ਇਸ ਸੰਸਾਰ ਨੂੰ ਸੂਤਰ ਬੱਧ ਕਰ ਕੇ ਸੰਵਾਰਿਆ ਹੈ। ਪ੍ਰੇਮ ਦੀ ਸ਼ਕਤੀ ਦੇ ਸਹਾਰੇ ਹੀ ਸੰਸਾਰ ਦੇ ਕਾਰ ਵਿਹਾਰ, ਰਿਸ਼ਤੇ ਨਾਤੇ ਚੱਲ ਰਹੇ ਹਨ। ਪ੍ਰੇਮ ਸਦਕਾ ਹੀ ਜ਼ਿੰਦਗੀ ਜੀਣ ਦਾ ਚਾਅ ਹੈ। ਦੂਈ ਦਵੈਤ ਨਾਲ ਸੁਖ, ਸ਼ਾਂਤੀ ਤੇ ਸੰਤੋਖ ਰਹਿ ਨਹੀਂ ਸਕਦੇ। ਮਨੁੱਖਤਾ ਵਿਚੋਂ ਪ੍ਰੇਮ ਨੂੰ ਦੂਰ ਕਰ ਦਿਓ ਤਾਂ ਪਿੱਛੇ ਜੋ ਬਚੇਗਾ ਕੇਵਲ ਨਫ਼ਰਤ, ਈਰਖਾ, ਝਗੜੇ, ਕਤਲੋਗਾਰਤ ਹੋਵੇਗੀ ਅਤੇ ਇਸ ਤੋਂ ਵੱਡਾ ਹੋਰ ਨਰਕ ਵੀ ਕੀ ਕਲਪਿਆ ਜਾ ਸਕਦਾ ਹੈ। ਇਹ ਦ੍ਰਿਸ਼ਟਮਾਨ ਸੰਸਾਰ ਵੀ ਸਵਰਗ ਬਣ ਸਕਦਾ ਹੈ ਜੇ ਇਸ ਦੇ ਵਸਨੀਕ ਅਜਿਹੀਆਂ ੧੬ ਕਲਾਵਾਂ ਜਾਂ ਗੁਣਾਂ ਦੇ ਧਾਰਨੀ ਹੋ ਜਾਣ।

## ਮਾਂ

ਮਾਂ ਤੇਰੀ ਛਾਂ ਬੈਠਣ ਨੂੰ ਅੱਜ ਬੜਾ ਹੀ ਦਿਲ ਕਰਦਾ ਏ<br>
ਤੂੰ ਲਾਡ-ਲਡਾਵੇ ਤੇਰੀ ਗੋਦ ਵਿੱਚ<br>
ਸੌਣ ਨੂੰ ਜੀ ਕਰਦਾ ਏ<br>
ਮੁੜ ਆਵੇ ਉਹ ਵੇਲਾ<br>
ਭੋਰਾ ਵਸਾਹ ਨਹੀਂ ਕਰਦੀ ਸੀ ਮੇਰਾ<br>
ਅੱਜ ਫਿਰ ਉਹ ਗੱਲਾਂ ਕਹਿਣ ਨੂੰ ਦਿਲ ਕਰਦਾ ਏ<br>
ਤੱਕ ਲੈਂਦੀ ਹਾਂ ਜਦ ਮੋਹ ਮਮਤਾ ਕਿਸੇ ਦੀ<br>
ਤਾਂ ਦਿਲ ਹੌਕਾ ਜਿਹਾ ਭਰਦਾ ਏ<br>
ਲੱਖ ਕੋਸ਼ਿਸ਼ ਕੀਤੀ ਏ ਤੈਨੂੰ ਮਿਲਣੇ ਦੀ<br>
ਪਰ ਬੜਾ ਲੰਮਾ ਪੈਂਡਾ ਤੇਰੇ ਘਰ ਦਾ ਏ<br>
ਕੁੱਟ ਕੇ ਦੇਸੀ ਘਿਓ ਦੀ ਚੂਰੀ ਤੂੰ ਖਵਾਉਂਦੀ ਸੀ<br>
ਨਾ ਹੀ ਉਹ ਛੰਨਾ ਹੁਣ ਚੂਰੀ ਨਾਲ ਭਰਦਾ ਏ<br>
ਤੇਰੀਆਂ ਯਾਦਾਂ ਵਿੱਚ ਜਦ ਅੱਖਾਂ ਰੋਣ ਨੀ ਮਾਏਂ<br>
ਇਹ ਹੰਝੂ ਵੀ ਨਾ ਹਾੜਿਆ ਹਟਦਾ ਏ<br>
ਤੇਰੇ ਮੁੜ ਆਉਣ ਦਾ ਵਹਿਮ ਜੋ ਦਿਲ ਅੰਦਰ ਏ<br>
ਨਾ ਉਹ ਮਾਰਿਆ ਮਰਦਾ ਏ<br>
ਜਦ ਮੇਰੇ ਕੋਈ ਚੋਟ ਜਿਹੀ ਲੱਗ ਜਾਂਦੀ<br>
ਝੱਟ ਤੇਰੇ ਕਲੇਜੇ ਖੋਹ ਜਿਹੀ ਪੈ ਜਾਂਦੀ<br>
ਬੜਾ ਡੂੰਘਾ ਹੋ ਗਿਆ ਏ ਮਾਂ ਜ਼ਖ਼ਮ ਦਿਲ ਦਾ<br>
ਨਾ ਕਿਸੇ ਦੇ ਭਰਿਆ ਭਰਦਾ ਏ<br>
ਮਾਵਾਂ ਬਿਨਾਂ ਜਿੰਦਾ ਲਾਸ਼ ਹੈ ਜ਼ਿੰਦਗੀ ਬੱਚਿਆਂ ਦੀ<br>
ਹੁਣ ਨਾ ਵਹਿਮ ਮਨ 'ਚੋਂ ਹਟਦਾ ਏ<br>
ਜੇ ਖੁੱਸ ਜਾਵੇ ਕਿਸੇ ਦੀ ਮਮਤਾ<br>
ਤਾਂ ਜੱਗ ਉੱਚੀ ਉੱਚੀ ਹੱਸਦਾ ਏ<br>
ਧਾਲੀਵਾਲ ਨੂੰ ਤੇਰੇ ਬਾਝੋਂ ਕੁੱਝ ਨਹੀਂ ਭਾਉਂਦਾ ਏ<br>
ਬੱਸ ਗਗਨ ਦਾ ਦਿਲ ਤੇਰੇ ਰਾਹੇ ਆ ਖੜਦਾ ਏ<br>
ਬੜਾ ਸਮਾਂ ਹੋ ਗਿਆ ਮਾਂ ਤੇਰੀ ਬੁੱਕਲ ਵਿੱਚ ਬੈਠੀ ਨੂੰ<br>
ਮਾਂ ਤੇਰੀ ਛਾਂ ਬੈਠਣ ਨੂੰ ਅੱਜ ਬੜਾ ਹੀ ਦਿਲ ਕਰਦਾ ਏ।

**ਗਗਨਦੀਪ ਧਾਲੀਵਾਲ ਝਲੂਰ**<br>
**ਬਰਨਾਲਾ।**

# ਪੰਜਾਬੀ ਜ਼ਬਾਨ ਲਈ ਚੁੱਕੇ ਜਾਣ ਵਾਲੇ ਠੋਸ ਕਦਮ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਜਦੋਂ ਸਰਕਾਰੀ ਐਲਾਨ ਹੋਇਆ ਸੀ ਕਿ ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਜ਼ਬਾਨ ਪੜ੍ਹਾਈ ਜਾਵੇਗੀ ਤਾਂ ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ ਨੇ ਇਸ ਦਾ ਤਗੜਾ ਵਿਰੋਧ ਕੀਤਾ ਸੀ। ਨਤੀਜੇ ਵਜੋਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੀ ਡੀ.ਲਿਟ. ਦੀ ਡਿਗਰੀ ਦੇਣ ਤੋਂ ਸਰਕਾਰ ਇਨਕਾਰੀ ਹੋ ਗਈ ਸੀ। ਭਾਪਾ ਜੀ ਦੇ ਡਟੇ ਰਹਿਣ ਸਦਕਾ ਤੇ ਕੁੱਝ ਪੰਜਾਬੀ ਪ੍ਰੇਮੀਆਂ ਦੇ ਨਾਲ ਰਲ ਜਾਣ ਸਦਕਾ ਅਖ਼ੀਰ ਸਰਕਾਰ ਨੂੰ ਪੰਜਾਬੀ ਜ਼ਬਾਨ ਵਿਰੋਧੀ ਕਦਮ ਵਾਪਸ ਲੈਣਾ ਪਿਆ।

ਉਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਨੇ ਭਾਪਾ ਜੀ ਦੀਆਂ ਪੰਜਾਬੀ ਜ਼ਬਾਨ ਨੂੰ ਪ੍ਰਫੁੱਲਿਤ ਕਰਨ ਲਈ ਦਿੱਤੀਆਂ ਸੇਵਾਵਾਂ ਸਦਕਾ ਡੀ.ਲਿਟ. ਦੀ ਡਿਗਰੀ ਪ੍ਰਦਾਨ ਕੀਤੀ।

ਇਹ ਕੋਈ ਨਵੀਂ ਗੱਲ ਨਹੀਂ ਹੈ ਕਿ ਸਰਕਾਰਾਂ ਪੰਜਾਬੀ ਜ਼ਬਾਨ ਦੀਆਂ ਦੋਖੀ ਹੋਈਆਂ ਹੋਣ। ਸਦੀਆਂ ਤੋਂ ਸਰਕਾਰੇ ਦਰਬਾਰੇ ਪੰਜਾਬੀ ਜ਼ਬਾਨ ਦੀ ਬੇਪਤੀ ਹੁੰਦੀ ਰਹੀ ਹੈ।

ਸਰਕਾਰਾਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਤੇ ਜ਼ਬਾਨ ਪ੍ਰਤੀ ਨਿੱਠ ਕੇ ਕੰਮ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਲਈ ਸਰਕਾਰਾਂ ਕੋਲ ਤਿੰਨ ਹੀ ਢੰਗ ਹੁੰਦੇ ਹਨ :-

- ਸਰਕਾਰੀ ਅਹੁਦਿਆਂ ਦੀ ਰਿਸ਼ਵਤ ਦੇ ਦਿੱਤੀ ਜਾਵੇ
- ਵੱਡੇ ਇਨਾਮ ਸਨਮਾਨ ਦੇ ਕੇ ਮੂੰਹ ਬੰਦ ਕਰ ਦਿੱਤਾ ਜਾਵੇ
- ਝੂਠੇ ਇਲਜ਼ਾਮ ਲਾ ਕੇ ਉਲਝਾ ਦਿੱਤਾ ਜਾਵੇ

ਇਸ ਸਭ ਦੇ ਬਾਵਜੂਦ ਜ਼ਮੀਨੀ ਪੱਧਰ ਉੱਤੇ ਮਾਂ ਬੋਲੀ ਦੇ ਹੋਣਹਾਰ ਸਪੁੱਤਰਾਂ ਨੇ ਆਪਣੀ ਬੋਲੀ ਦੇ ਹੱਕ ਵਿਚ ਕਦੇ ਜੰਗ ਵਿੱਢਣੀ ਛੱਡੀ ਨਹੀਂ।

ਇਹੀ ਕਾਰਨ ਸੀ ਕਿ ਨਾ ਮਾਂ ਦੀਆਂ ਲੋਰੀਆਂ ਖ਼ਤਮ ਕੀਤੀਆਂ ਜਾ ਸਕੀਆਂ, ਨਾ ਜੰਗਾਂ ਵਿਚਲੇ ਜੈਕਾਰੇ ਤੇ ਨਾ ਹੀ ਪਿੰਡਾਂ ਦੀਆਂ ਸੱਥਾਂ ਵਿੱਚੋਂ ਇਹ ਜ਼ਬਾਨ ਮੁਕਾਈ ਜਾ ਸਕੀ।

ਦਾਦੀਆਂ ਨਾਨੀਆਂ ਦੀਆਂ ਕਹਾਣੀਆਂ ਨੇ ਵੀ ਇਸ ਜ਼ਬਾਨ ਵਿਚ ਰੂਹ ਫੂਕਣੀ ਜਾਰੀ ਰੱਖੀ।

ਮੌਜੂਦਾ ਹਾਲਾਤ :-

ਹਰ ਸਦੀ ਵਿਚ ਜ਼ਬਾਨ ਨੂੰ ਵੱਖ ਕਿਸਮ ਦੇ ਹੱਲੇ ਝੱਲਣੇ ਪਏ ਹਨ। ਅਲੱਗ ਅਲੱਗ ਜ਼ਬਾਨਾਂ ਨੂੰ ਲਾਗੂ ਕਰ ਕੇ ਹੁਕਮਰਾਨ ਆਪਣੇ ਆਪ ਨੂੰ ਆਮ ਜਨਤਾ ਤੋਂ ਵੱਖ ਤੇ ਉੱਚਾ ਸਾਬਤ ਕਰਨ ਦੇ ਚੱਕਰ ਵਿਚ ਸਰਕਾਰੇ ਦਰਬਾਰੇ ਇਸ ਦੀ ਵਰਤੋਂ ਦਰਕਿਨਾਰ ਕਰਦੇ ਰਹੇ ਹਨ।

ਹੁਣ ਦੇ ਖ਼ਤਰੇ ਜੋ ਸਾਹਮਣੇ ਦਿਸ ਰਹੇ ਹਨ, ਉਹ ਹਨ :-

1. ਪਿੰਡਾਂ ਵਿਚ ਖੁੱਲ ਰਹੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ ਬਹੁਤੇ ਕੇਰਲ ਤੋਂ ਹਨ ਜੋ ਸਿਰਫ਼ ਹਿੰਦੀ ਜਾਂ ਅੰਗਰੇਜ਼ੀ ਹੀ ਬੋਲ ਰਹੇ ਹਨ।
2. ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੇ ਅਧਿਆਪਿਕਾਂ ਨੂੰ ਬਾਕੀਆਂ ਨਾਲੋਂ ਘੱਟ ਤਨਖਾਹ ਦਿੱਤੀ ਜਾ ਰਹੀ ਹੈ।
3. ਸਰਕਾਰੀ ਸਕੂਲਾਂ ਵਿਚ ਬਹੁਤੀ ਥਾਈਂ ਪੰਜਾਬੀ ਪੜ੍ਹਾਉਣ ਲਈ ਹਿੰਦੀ ਜਾਂ ਹੋਰ ਵਿਸ਼ੇ ਦੇ ਅਧਿਆਪਕ ਪੜ੍ਹਾ ਰਹੇ ਹਨ।
4. ਪੰਜਾਬੀ ਜ਼ਬਾਨ ਹੁਣ ਰੁਜ਼ਗਾਰ ਦਾ ਸਾਧਨ ਨਹੀਂ ਰਹੀ
   -ਬੈਂਕ
   -ਕਚਿਹਰੀ
   -ਇਸ਼ਤਿਹਾਰੀ ਫੋਨ
   -ਕਾਲ ਸੈਂਟਰ, ਆਦਿ ਵਿਚ ਪੰਜਾਬੀ ਜ਼ਬਾਨ ਨਹੀਂ ਦਿਸ ਰਹੀ।
   -ਬਹੁਤੇ ਸਕੱਤਰਾਂ ਨਾਲ ਹੇਠਲਾ ਸਟਾਫ ਹਿੰਦੀ ਬੋਲਣ ਲਈ ਮਜਬੂਰ ਹੋਇਆ ਪਿਆ ਹੈ।
5. ਅਖ਼ਬਾਰਾਂ ਤੇ ਕਿਤਾਬਾਂ ਪੜ੍ਹਨ ਦਾ ਘਟਦਾ ਰੁਝਾਨ
6. ਪੰਜਾਬੀ ਜ਼ਬਾਨ ਨੂੰ ਇੰਟਰਨੈੱਟ ਦੀ ਹਾਣੀ ਬਣਾਉਣ ਦੀ ਲੋੜ ਹੈ।
7. ਹਾਲੇ ਤਕ ਕਈ ਸਕੂਲਾਂ ਵਿਚ ਪੰਜਾਬੀ ਜ਼ਬਾਨ ਬੋਲਣ ਉੱਤੇ ਫਾਈਨ ਜਾਰੀ ਹੈ।
8. ਪੰਜਾਬ ਦੇ ਮੰਤਰੀਆਂ ਤੇ ਐਮ.ਐਲ.ਏ. ਦੇ ਸਹੁੰ ਚੁੱਕ ਸਮਾਗਮ ਵਿਚ ਹਿੰਦੀ ਜਾਂ ਅੰਗਰੇਜ਼ੀ ਦੀ ਵਰਤੋਂ ਜਾਰੀ ਹੈ।
9. ਸਾਡੇ ਭਾਸ਼ਾ ਨਾਲ ਸੰਬੰਧਤ ਇਨਾਮ ਰੱਜੇ ਪੁੱਜਿਆਂ ਨੂੰ ਰਜਾਉਣ ਦਾ ਕੰਮ ਕਰ ਰਹੇ ਹਨ ਜਾਂ ਇਕ ਦੂਜੇ ਦੀ ਪਿੱਠ ਠੋਕ ਰਹੇ ਹਨ।
10. ਕਈ ਖੋਜਾਂ ਅਧੀਨ ਵੇਖਣ ਵਿਚ ਆਇਆ ਹੈ ਕਿ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਲਾਇਬ੍ਰੇਰੀ ਤੋਂ ਬੱਚਿਆਂ ਵੱਲੋਂ ਇਸ਼ੂ ਕਰਵਾਈਆਂ ਜਾ ਰਹੀਆਂ ਪੰਜਾਬੀ ਦੀਆਂ ਕਿਤਾਬਾਂ ਬਾਰੇ ਪੁੱਛਿਆ ਗਿਆ ਤਾਂ ਜਵਾਬ ਲਗਭਗ ਨਾ ਸੀ। ਕੋਈ ਵਿਰਲਾ ਟਾਂਵਾਂ ਭਾਸ਼ਣ ਜਾਂ ਕਵਿਤਾ ਮੁਕਾਬਲੇ ਲਈ ਕਿਤਾਬਾਂ ਸਾਲ ਵਿਚ ਇਕ ਵਾਰ ਲੈ ਰਿਹਾ ਸੀ।
11. ਯੂਨੀਵਰਸਿਟੀ, 10ਵੀਂ ਤੋਂ 12ਵੀਂ ਜਮਾਤ ਤੇ ਕਾਲਜ ਦੇ ਵਿਦਿਆਰਥੀਆਂ ਤੋਂ ਇਕ ਟੀ.ਵੀ. ਚੈਨਲ ਨੇ ਇੰਟਰਵਿਊ ਲੈਂਦਿਆਂ ਜਦੋਂ 35 ਅੱਖਰੀ ਬੋਲਣ ਲਈ ਕਿਹਾ ਤਾਂ ਇੱਕ ਵੀ ਬੱਚਾ ਪੂਰੀ 35 ਅੱਖਰੀ ਨਹੀਂ ਬੋਲ ਸਕਿਆ।
12. ਬਹੁਤੀਆਂ ਸਾਹਿਤ ਸਭਾਵਾਂ ਤੇ ਹਰ ਸਾਲ ਢੇਰਾਂ ਦੇ ਢੇਰ ਪੰਜਾਬੀ ਜ਼ਬਾਨ ਨਾਲ ਸੰਬੰਧਤ ਸੈਮੀਨਾਰਾਂ, ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਆਪਣਿਆਂ ਦੀ ਪਿੱਠ ਥਾਪੜ ਕੇ ਜਾਂ ਖ਼ਬਰਾਂ ਨਸ਼ਰ ਕਰ ਕੇ ਕੰਮ ਸਾਰ ਲਿਆ ਜਾਂਦਾ ਹੈ ਪਰ ਠੋਸ ਕਦਮ ਨਹੀਂ ਪੁੱਟੇ ਜਾਂਦੇ।
13. ਸੱਤ ਸਮੁੰਦਰੋਂ ਪਾਰ ਵੀਰਾਂ ਭੈਣਾਂ ਨੇ ਜ਼ਬਾਨ ਨੂੰ ਸੰਭਾਲਣ ਤੇ ਵੱਖ ਪਛਾਣ ਦੁਆਉਣ ਲਈ ਪੂਰਾ ਜ਼ੋਰ ਲਾਇਆ ਹੋਇਆ ਹੈ।
   - ਪੰਜਾਬੀ ਕੀ-ਬੋਰਡ ਬਣਾ ਲਿਆ ਹੋਇਆ ਹੈ।
   - ਬੀਬੀਸੀ ਚੈਨਲ ਵਿਚ ਪੰਜਾਬੀ ਸ਼ੁਰੂ ਕਰਵਾ ਦਿੱਤੀ ਹੈ।
   - ਗੁਰਦੁਆਰਿਆਂ ਵਿਚ ਪੰਜਾਬੀ ਸਕੂਲ ਚੱਲ ਰਹੇ ਹਨ।

ਕਮੀ ਸਿਰਫ਼ ਇਹ ਹੈ ਕਿ ਅਗਲੀ ਪਨੀਰੀ ਵਿਚ ਪੰਜਾਬੀ ਸਾਹਿਤ ਪੜ੍ਹਨ ਤੇ ਨਵਾਂ ਸਾਹਿਤ ਰਚਨ ਵੱਲ ਰੁਝਾਨ ਨਹੀਂ ਹੈ।

ਇਹ ਜ਼ਬਾਨ ਲਈ ਅਗਾਊਂ ਖ਼ਤਰਾ ਸਾਬਤ ਹੋ ਸਕਦਾ ਹੈ।

14. ਤਕਨੀਕੀ ਸਿੱਖਿਆ ਪੰਜਾਬੀ ਜ਼ਬਾਨ ਵਿਚ ਨਹੀਂ ਹੈ।

ਭਾਰਤ ਵਿੱਚੋਂ ਸੁਸ਼ਿਰਿਤਾ ਵਰਗੇ ਗ੍ਰੰਥਾਂ ਤੋਂ ਅਰਬ ਹਮਲਾਵਰ ਬਾਹਰ ਲਿਜਾ ਕੇ ਅੱਗੋਂ ਤਰਜਮਾ ਕਰ ਕੇ ਉਸ ਤੋਂ ਲਾਹਾ ਲੈਂਦੇ ਰਹੇ ਤੇ ਅਖ਼ੀਰ ਅੰਗਰੇਜ਼ੀ ਵਿਚ ਤਰਜਮਾ ਕਰਵਾ ਕੇ ਵਾਪਸ ਭਾਰਤ ਵਿਚ ਹੀ ਮੈਡੀਕਲ ਸਿੱਖਿਆ ਪੜ੍ਹਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

15. ਪੰਜਾਬੀ ਜ਼ਬਾਨ ਨੂੰ ਧਰਮ ਦੇ ਆਧਾਰ ਉੱਤੇ ਵੰਡ ਲਿਆ ਗਿਆ ਹੈ।
16. ਪੰਜਾਬੀ ਜ਼ਬਾਨ ਬੋਲਣ ਵਾਲੇ ਨੂੰ ਅਨਪੜ੍ਹ ਕਿਹਾ ਜਾਣ ਲੱਗ ਪਿਆ ਹੈ।
17. ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਲਈ ਸਰਕਾਰ ਪੂਰਾ ਜ਼ੋਰ ਲਾ ਰਹੀ ਹੈ।

ਸਮੇਂ ਦੀ ਲੋੜ ਕੀ ਹੈ ?

1. ਮਰਜੀਵੜਿਆਂ ਨੂੰ ਪੰਜਾਬੀ ਜ਼ਬਾਨ ਲਈ ਸਿਰ ਧੜ ਦੀ ਬਾਜ਼ੀ ਲਾਉਣੀ ਪੈਣੀ ਹੈ।
2. ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਹਰ ਹਾਲ ਵਿਚ ਰੋਕ ਲਾਉਣ ਦੀ ਲੋੜ ਹੈ। ਚਾਰ ਜਮਾਤਾਂ ਬਾਅਦ ਜਿੰਨੀਆਂ ਮਰਜ਼ੀ ਜ਼ਬਾਨਾਂ ਸਿਖਾ ਦਿੱਤੀਆਂ ਜਾਣ, ਕੋਈ ਹਰਜ਼ ਨਹੀਂ।
3. ਗੁਜਰਾਤ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਇਸ਼ਤਿਹਾਰ, ਸਾਈਨ ਬੋਰਡ, (ਹਾਈਵੇ ਜਾਂ ਮੀਲ ਪੱਥਰ, ਬੈਂਕ, ਏਅਰ ਪੋਰਟ, ਪੈਟਰੋਲ ਪੰਪ) ਹਰ ਥਾਂ ਜਾਂ ਤਾਂ ਨਿਰੀ ਗੁਜਰਾਤੀ ਜਾਂ ਪਹਿਲੇ ਨੰਬਰ ਉੱਤੇ ਗੁਜਰਾਤੀ ਤੇ ਦੂਜੇ ਉੱਤੇ ਕਿਤੇ-ਕਿਤੇ ਅੰਗਰੇਜ਼ੀ ਦਿਸਦੀ ਹੈ ਪਰ ਹਿੰਦੀ ਨਾ ਬਰਾਬਰ।

ਮਾਣਯੋਗ ਪ੍ਰਧਾਨ ਮੰਤਰੀ ਦੇ ਸੰਦੇਸ਼ ਵੀ ਸ਼ਹਿਰਾਂ ਵਿਚ ਬੋਰਡਾਂ ਉੱਤੇ ਸਿਰਫ਼ ਗੁਜਰਾਤੀ ਵਿਚ ਹੀ ਹਨ ਫੇਰ ਪੰਜਾਬ ਵਿਚ ਪੰਜਾਬੀ ਕਿਉਂ ਨਹੀਂ ?

4. ਪੰਜਾਬੀ ਦੇ ਅਧਿਆਪਿਕਾਂ ਦੀ ਤਨਖ਼ਾਹ ਦੁਗਣੀ ਚਾਹੀਦੀ ਹੈ।
5. ਪੰਜਾਬ ਵਿਚਲੇ ਹਰ ਸਕੂਲ ਦੇ ਪ੍ਰਿੰਸੀਪਲ ਦਾ ਪੰਜਾਬੀ ਬੋਲਣਾ, ਪੜ੍ਹਨਾ ਤੇ ਲਿਖਣਾ ਆਉਣਾ ਲਾਜ਼ਮੀ ਕੀਤਾ ਜਾਵੇ।
6. ਇਨਾਮ ਸਨਮਾਨ :-ਜਿਨਾਂ ਨੂੰ ਇਕ ਵਾਰ ਮਿਲ ਗਿਆ, ਦੂਜੀ ਵਾਰ ਦੇਣ ਦੀ ਲੋੜ ਨਹੀਂ। ਨੌਜਵਾਨ ਪੀੜ੍ਹੀ ਨੂੰ ਪ੍ਰੋਤਸਾਹਿਤ ਕੀਤਾ ਜਾਵੇ। ਸਾਹਿਤ ਰਚਣ ਲਈ ਹਰ ਸਾਲ ਮੁਕਾਬਲੇ ਕਰਵਾਏ ਜਾਣ ਤੇ ਵੱਡੇ ਇਨਾਮ ਦਿੱਤੇ ਜਾਣ/ਮੀਡੀਆ ਵਿਚ ਉਜਾਗਰ ਕਰਨ ਦੀ ਵੀ ਲੋੜ ਹੈ।
7. ਖੋਜ ਕਾਰਜ ਪੰਜਾਬੀ ਜ਼ਬਾਨ ਵਿਚ ਉਤਸਾਹਿਤ ਕੀਤੇ ਜਾਣ। ਜਿਹੜਾ ਜਣਾ ਇਹ ਕਰੇ, ਉਸ ਨੂੰ ਮਾਇਕ ਸਹਾਇਤਾ ਵੱਧ ਹੋਵੇ।
8. ਤਕਨੀਕੀ ਸਿੱਖਿਆ ਦੀਆਂ ਕਿਤਾਬਾਂ ਲਿਖਣ ਲਈ ਪਹਿਲਾਂ ਡਿਕਸ਼ਨਰੀ ਤਿਆਰ ਕਰਨ ਦੀ ਲੋੜ ਹੈ।
9. ਹਰ ਸਾਈਨ ਬੋਰਡ, ਬੈਂਕ, ਪੈਟਰੋਲ ਪੰਪ, ਘਰ ਦੇ ਬਾਹਰ ਦੀਆਂ ਨੇਮ ਪਲੇਟਾਂ ਪੰਜਾਬੀ ਵਿਚ ਹੋਣੀਆਂ ਚਾਹੀਦੀਆਂ ਹਨ।
10. ਬੈਂਕ, ਕਚਹਿਰੀ ਦਾ ਕੰਮ ਕਾਰ ਤੇ ਇਸ਼ਤਿਹਾਰੀ ਫ਼ੋਨ ਪੰਜਾਬੀ ਵਿਚ ਕੀਤੇ ਜਾਣ।
11. ਮੋਬਾਈਲ/ਇੰਟਰਨੈੱਟ ’ਤੇ ਬੱਚਿਆਂ ਦੀਆਂ ਕਵਿਤਾਵਾਂ ਤੇ ਖੇਡਾਂ ਪੰਜਾਬੀ ਵਿਚ ਹੋਣੀਆਂ ਚਾਹੀਦੀਆਂ ਹਨ।
12. ਪੰਜਾਬੀ ਬੱਚੇ ਆਈ.ਏ.ਐਸ./ਆਈ.ਪੀ.ਐਸ./ਆਈ.ਐਫ.ਐਸ. ਬਣਾਉਣੇ ਜ਼ਰੂਰੀ
13. ਪੰਜਾਬੀ ਕੀ-ਬੋਰਡ ਦਫਤਰਾਂ ਵਿਚ ਪ੍ਰੋਤਸਾਹਿਤ ਕੀਤੇ ਜਾਣ
14. ਫਾਈਨ ਲਾਉਣ ਵਾਲੇ ਸਕੂਲਾਂ ਦੀ ਸਰਕਾਰੀ ਸਹੂਲਤ ਤੇ ਮਾਇਕ ਸਹਾਇਤਾ ਪੂਰਨ ਰੂਪ ਵਿਚ ਬੰਦ ਹੋਣੀ ਚਾਹੀਦੀ ਹੈ।
15. ਪੰਜਾਬੀ ਜ਼ਬਾਨ ਨਾਲ ਜੁੜਿਆ ਅਨਪੜ੍ਹ ਸ਼ਬਦ ਹਟਾਉਣ ਦੀ ਲੋੜ
16. ਮਾਵਾਂ ਨੂੰ ਤੇ ਪ੍ਰਾਈਮਰੀ ਸਕੂਲਾਂ ਵਿਚ ਅੰਗਰੇਜ਼ੀ/ਫਰਾਂਸੀਸੀ ਰਟਣ ਉੱਤੇ ਜ਼ੋਰ ਲਾਉਣ ਉੱਤੇ ਰੋਕ
17. ਸਾਂਝੇ ਟੱਬਰ ਨਾ ਹੋਣ ਸਦਕਾ ਦਾਦੀਆਂ-ਨਾਨੀਆਂ ਦੀਆਂ ਕਹਾਣੀਆਂ ਗੁੰਮ ਗਈਆਂ ਨੇ। ਸਕੂਲਾਂ ਵਿਚ ਛੁੱਟੀਆਂ ਦਾ ਘਰ ਦਾ ਕੰਮ ਦਾਦਕੇ ਨਾਨਕੇ ਜਾ ਕੇ ਕਹਾਣੀਆਂ ਸੁਣ ਕੇ ਪ੍ਰੋਜੈਕਟ ਲਿਖਣ ਦਾ ਕਰ ਦੇਣਾ ਚਾਹੀਦਾ ਹੈ।
18. ਬੱਚਿਆਂ ਵਿਚ ਪੰਜਾਬੀ ਜ਼ਬਾਨ ਪੜ੍ਹਨ ਦਾ ਰੁਝਾਨ ਵਧਾਉਣ ਦੀ ਲੋੜ। ਲਾਇਬ੍ਰੇਰੀ ਵਿੱਚੋਂ ਹਰ ਹਾਲ ਮਹੀਨੇ ਵਿਚ ਇਕ ਵਾਰ ਪੰਜਾਬੀ ਦੀ ਕਿਤਾਬ ਜਾਰੀ ਕਰਵਾਉਣ।
19. ਸਰਕਾਰੀ ਇਸ਼ਤਿਹਾਰ ਸਿਰਫ਼ ਪੰਜਾਬੀ ਵਿਚ ਹੋਣ।
20. ਧਿਆਨ ਰਹੇ, ਜਪਾਨ, ਜਰਮਨੀ, ਫਰਾਂਸ ਆਪਣੀ ਭਾਸ਼ਾ ਨਾਲ ਤਰੱਕੀ ਕਰ ਰਹੇ ਹਨ ਨਾ ਕਿ ਅੰਗਰੇਜ਼ੀ ਨਾਲ
21. ਭਾਸ਼ਾ ਦੇ ਵਿਕਾਸ ਲਈ ਕੀਤੇ ਕੰਮਾਂ ਜਿਵੇਂ ਸਾਹਿਤ ਸਭਾਵਾਂ, ਯੂਨੀਵਰਸਿਟੀਆਂ, ਲੇਖਕ ਸੰਸਥਾਵਾਂ, ਕਲਾ ਪ੍ਰੀਸ਼ਦ, ਆਦਿ ਵੱਲੋਂ ਸਲਾਨਾ ਪੇਪਰ ਜਾਰੀ ਕਰ ਕੇ ਆਮ ਲੋਕਾਂ ਨਾਲ ਗੋਸ਼ਠੀ ਕਰਨੀ ਚਾਹੀਦੀ ਹੈ ਕਿ ਕਿੱਥੇ ਕਮੀ ਰਹਿ ਗਈ ਤੇ ਉਹ ਕਿਵੇਂ ਦੂਰ ਕੀਤੀ ਜਾਵੇ।
22. ਪ੍ਰਾਈਵੇਟ ਸਕੂਲਾਂ ਦੇ ਸਿਲੇਬਸ ਵਿਚ ਇੱਕੋ ਜਿਹੀਆਂ ਕਿਤਾਬਾਂ ਨਿਸਚਿਤ ਕੀਤੀਆਂ ਜਾਣ। ਡੀ.ਈ.ਓ. ਦੀ ਵੀ ਚੈਕਿੰਗ ਕੀਤੀ ਜਾਵੇ ਕਿ ਉਹ ਭਾਸ਼ਾ ਦੀਆਂ ਊਣਤਾਈਆਂ ਜਾਂ ਉਸ ਉੱਤੇ ਲਾਈ ਰੋਕ ਲਈ ਕੀ ਕਦਮ ਪੁੱਟ ਰਹੇ ਹਨ ਤੇ ਉਨਾਂ ਦੇ ਜਤਨਾਂ ਨੂੰ ਕੋਈ ਪੂਰ ਪੈ ਰਿਹਾ ਹੈ ਜਾਂ ਨਹੀਂ ?
23. ਬੱਚਿਆਂ ਵੱਲੋਂ ਲਿਖੇ ਸਾਹਿਤ ਨੂੰ ਅਖ਼ਬਾਰਾਂ ਵਿਚ ਥਾਂ ਮਿਲੇ
24. ਜੇ ਅੰਗਰੇਜ਼ੀ ਲਈ ਸਰਕਾਰ ਏਨੀ ਵਚਨਬੱਧ ਹੈ ਤਾਂ ਫਿਰ ਪੰਜਾਬੀ ਬੱਚੇ ਗਲੀ ਗਲੀ ਖੁੱਲੀਆਂ ਦੁਕਾਨਾਂ ਵਿਚ ਕਿਉਂ ਆਈਲੈਟਸ ਪੜ੍ਹਨ ਲਈ ਮਜਬੂਰ ਹੋ ਚੁੱਕੇ ਹਨ ?
25. ਹਰ ਮੰਤਰੀ, ਸਕੱਤਰ, ਸਰਕਾਰੀ ਅਫਸਰਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਨਾ ਲਾਜ਼ਮੀ ਕੀਤਾ ਜਾਵੇ ਤਾਂ ਜੋ ਇਨਾਂ ਸਕੂਲਾਂ ਦਾ ਮਿਆਰ ਉੱਚਾ ਚੁੱਕਿਆ ਜਾ ਸਕੇ।

ਅੰਤ ਵਿਚ ਇਹੀ ਅਰਦਾਸ ਕਰਨਾ ਚਾਹੁੰਦੀ ਹਾਂ ਕਿ ਕਾਸ਼ ਅੱਜ ਕੋਈ ਊਧਮ ਸਿੰਘ ਵਰਗਾ ਵੀਰ ਜਾਗੇ ਤੇ ਆਪਣੀ ਮਾਂ ਬੋਲੀ ਦੇ ਪ੍ਰੇਮ ਦੀ ਗੋਲੀ ਹਰ ਪੰਜਾਬੀ ਦੇ ਸੀਨੇ ਵਿਚ ਦਾਗ਼ ਦੇਵੇ।

ਕੋਈ ਤਾਂ ਨਿਤਰੇ ਜਿਹੜਾ ਪੰਜਾਬੀ ਬੱਚਿਆਂ ਨੂੰ ਪੰਜਾਬ ਵਿਚ ਪੈਂਤੀ ਅੱਖਰੀ ਰਟਾ ਦੇਵੇ।

ਸਾਡੀ ਜਾਤ ਏ ਪੰਜਾਬੀ
ਸਾਡੀ ਪਾਤ ਏ ਪੰਜਾਬੀ
ਸਾਡਾ ਦੀਨ ਈਮਾਨ ਤੇ ਔਕਾਤ ਏ ਪੰਜਾਬੀ
ਕਿਤੇ ਭੁੱਲ ਨਾ ਜਾਇਓ ਪੰਜਾਬੀਓ
ਗੁਰੂਆਂ ਤੇ ਪੀਰਾਂ ਵੱਲੋਂ ਮਿਲੀ ਸੌਗ਼ਾਤ ਏ ਪੰਜਾਬੀ

ਬੱਚਿਆਂ ਦੀ ਮਾਹਰ, 28, ਪ੍ਰੀਤ ਨਗਰ,
ਲੋਅਰ ਮਾਲ ਪਟਿਆਲਾ।
ਫੋਨ ਨੰ: 0175-2216783



ਕਲਚਰਲ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ
ਰਿਚਮੰਡ ਹਿੱਲ, ਨਿਊਯੌਰਕ, ਅਮਰੀਕਾ

## ਖ਼ੁਸ਼ੀ ਦਾ ਮਾਰਗ

ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
੯੪੭੮੫੬੧੩੫੬.

ਆਪਣੇ ਜੀਵਨ ਵਿੱਚ ਹਰ ਕੋਈ ਖ਼ੁਸ਼ ਰਹਿਣਾ ਲੋਚਦਾ ਹੈ। ਖ਼ੁਸ਼ ਰਹਿਣ ਦੇ ਲਈ ਵਿਅਕਤੀ ਅਨੇਕਾਂ ਸੋਚਾਂ ਸੋਚਦਾ ਹੈ ਤੇ ਕਰਮ ਕਰਦਾ ਹੈ। ਧਨ, ਮਾਲ ਤੇ ਵਸਤਾਂ ਦਾ ਸੰਗ੍ਰਹਿ ਕਰਨ ਦੀ ਪ੍ਰਵਿਰਤੀ ਨੂੰ ਵੀ ਖ਼ੁਸ਼ੀ ਦਾ ਸੋਮਾ ਸਮਝਣ ਦਾ ਭੁਲੇਖਾ ਪਾਲ ਬੈਠਦਾ ਹੈ, ਪਰ ਸਚਾਈ ਇਹ ਹੈ ਇਹ ਇੰਨਾ ਸਭ ਕੁਝ ਕਰਕੇ ਵੀ ਮਨੁੱਖ ਨੂੰ ਖ਼ੁਸ਼ੀ ਪ੍ਰਾਪਤ ਨਹੀਂ ਹੁੰਦੀ, ਸਦੀਵੀ ਖ਼ੁਸ਼ੀ ਤਾਂ ਦੂਰ ਦੀ ਗੱਲ ਰਹੀ। ਇਸ ਪਿੱਛੇ ਮੂਲ ਕਾਰਨ ਇਹ ਹੈ ਕਿ ਖ਼ੁਸ਼ੀ ਦੀ ਤਲਾਸ਼ ਹੀ ਸਾਨੂੰ ਸੱਚੀ ਤੇ ਸਦੀਵੀ ਖ਼ੁਸ਼ੀ ਤੋਂ ਦੂਰ ਲੈ ਜਾਂਦੀ ਹੈ। ਸੱਚੀ ਤੇ ਸਦੀਵੀ ਖ਼ੁਸ਼ੀ ਦੇ ਰਹੱਸ ਬਾਰੇ ਤਾਂ ਸਾਡੇ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਨੂੰ ਸਮਝ ਕੇ, ਸਾਡੇ ਧਾਰਮਿਕ ਗ੍ਰੰਥਾਂ ਨੂੰ ਵਾਚ ਕੇ ਅਤੇ ਵਿਦਵਾਨਾਂ ਦੇ ਜੀਵਨ ਨੂੰ ਸਮਝਦਿਆਂ ਪਤਾ ਲੱਗਦਾ ਹੈ, ਤਾਂ ਫਿਰ ਇਹੋ ਇੱਕ ਤੱਥ ਸਾਹਮਣੇ ਆਉਂਦਾ ਹੈ ਕਿ ਸੱਚੀ, ਸਦੀਵੀ ਤੇ ਹਿਰਦੇ ਵਿੱਚ ਉਪਜੀ ਵਸੀ ਖ਼ੁਸ਼ੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇਕਰ ਅਸੀਂ ਦੂਸਰਿਆਂ ਨੂੰ ਖ਼ੁਸ਼ੀ ਦੇਈਏ, ਦੂਸਰਿਆਂ ਦਾ ਸਤਿਕਾਰ ਮਾਣ ਕਰੀਏ, ਦੂਸਰਿਆਂ ਨੂੰ ਇੱਜ਼ਤ ਦੇਈਏ, ਦੂਸਰਿਆਂ ਨੂੰ ਨਾਲ ਲੈ ਕੇ ਚੱਲੀਏ, ਦੂਸਰਿਆਂ ਦੀ ਭਾਵਨਾ ਨੂੰ ਸਮਝੀਏ ਤੇ ਉਸ ਦੀ ਕਦਰ ਕਰੀਏ, ਦੂਸਰਿਆਂ ਨੂੰ ਧਿਆਨਪੂਰਵਕ ਸੁਣੀਏ ਅਤੇ ਸਮਝੀਏ, (ਕਿਉਂਕਿ ਕਿਸੇ ਨੂੰ ਧਿਆਨਪੂਰਵਕ ਨਾ ਸੁਣਨਾ , ਉਸ ਦੀ ਸਭ ਤੋਂ ਵੱਡੀ ਤੌਹੀਨ ਹੁੰਦੀ ਹੈ), ਕਿਸੇ ਦੀ ਨਿਮਰਤਾ ਅੱਗੇ ਨਿਮਰਤਾ ਨਾਲ ਪੇਸ਼ ਆਈਏ, ਦੂਸਰੇ ਦੀ ਨਿਮਰਤਾ ਨੂੰ ਕਦੇ ਵੀ ਉਸ ਦੀ ਕਮਜ਼ੋਰੀ ਨਾ ਸਮਝੀਏ। ਖ਼ੁਸ਼ ਰਹਿਣ ਦਾ ਸਿੱਧਾ ਤੇ ਸੱਚਾ ਢੰਗ ਦੂਸਰਿਆਂ ਨੂੰ ਖ਼ੁਸ਼ੀ ਵੰਡਣਾ ਹੈ। ਦੂਸਰਿਆਂ ਨਾਲ ਖ਼ੁਸ਼ਬੋਆਂ ਵੰਡਣ ਦਾ ਨਾਂ ਹੀ ਖ਼ੁਸ਼ੀ ਹੈ। ਕਿਸੇ ਨੂੰ ਧਿਆਨਪੂਰਵਕ ਸੁਣਨਾ , ਕਿਸੇ ਦੀ ਕਿਸੇ ਵੀ ਕਲਾ ਦੀ ਇੱਜ਼ਤ ਸਤਿਕਾਰ ਕਰਨਾ ਵੀ ਸੱਚੀ ਖ਼ੁਸ਼ੀ ਹੈ। ਸੱਚੀ ਖ਼ੁਸ਼ੀ ਦੀ ਪ੍ਰਾਪਤੀ ਲਈ ਸਾਡੇ ਵਿਚ ਆਪਣੇ ਦੁਨਿਆਵੀ-ਅਹੁਦੇ ਤੇ ਧਨ- ਮਾਲ ਦਾ ਹੰਕਾਰ ਨਹੀਂ ਹੋਣਾ ਚਾਹੀਦਾ, ਸਗੋਂ ਇਨਾਂ ਤੁੱਛ ਗੱਲਾਂ ਅਤੇ ਸੌੜੀ ਸੋਚ ਤੋਂ ਉੱਪਰ ਉੱਠ ਕੇ ਕੇਵਲ ਤੇ ਕੇਵਲ ਇਨਸਾਨੀਅਤ, ਮਾਨਵਤਾ ਤੇ ਸਚਾਈ ਦੀ ਗੱਲ ਕਰਨੀ ਚਾਹੀਦੀ। ਸੋ ਆਉ ਦੂਸਰਿਆਂ ਨੂੰ ਖ਼ੁਸ਼ੀ ਦੇਈਏ, ਦੂਸਰਿਆਂ ਨੂੰ ਖ਼ੁਸ਼ੀ ਵੰਡੀਏ, ਦੂਸਰਿਆਂ ਨੂੰ ਸੁਣੀਏ, ਦੂਸਰਿਆਂ ਨੂੰ ਇੱਜ਼ਤ ਦੇਈਏ , ਦੂਸਰਿਆਂ ਨੂੰ ਸਤਿਕਾਰ ਦੇਈਏ ਅਤੇ ਦੂਸਰਿਆਂ ਦੀ ਕਲਾ ਦਾ ਸਤਿਕਾਰ ਕਰੀਏ। ਇਹੋ ਸੱਚੀ ਖ਼ੁਸ਼ੀ ਹੈ, ਇਹੋ ਸੱਚੀ ਖ਼ੁਸ਼ੀ ਦਾ ਮਾਰਗ ਹੈ, ਇਹੋ ਸਦੀਵੀ ਖ਼ੁਸ਼ੀ ਹੈ, ਇਹੋ ਈਸ਼ਵਰ ਦੇ ਵੱਲ ਨਜ਼ਦੀਕ ਹੋਣ ਦਾ ਮਾਰਗ ਹੈ ਤੇ ਇਹੋ ਇਨਸਾਨੀਅਤ ਹੈ। ਦੁਨੀਆ ਦੇ ਪ੍ਰਸਿੱਧ ਵਿਦਵਾਨ ਸ੍ਰੀ ਰਾਬਰਟ ਜੀ. ਇੰਗਰਸੌਲ ਦੇ ਅਨੁਸਾਰ, ‘ਖ਼ੁਸ਼ ਹੋਣ ਦਾ ਢੰਗ, ਦੂਸਰਿਆਂ ਨੂੰ ਖ਼ੁਸ਼ ਕਰਨਾ ਹੈ।’

# ਲੋਕ ਰਾਏ ਤੇ ਲੋਕਤੰਤਰ ਦਾ ਕਾਤਲ ਕਾਰਪੋਰੇਟ ਮੀਡੀਆ ਬਨਾਮ ਗੋਦੀ ਮੀਡੀਆ ਘਰਾਣਿਆਂ ਵਲੋਂ ਸੰਚਾਲਿਤ ਮੀਡੀਆ ਮਾਡਲ ਹੋਇਆ ਫੇਲ

**- ਪ੍ਰੋਫੈਸਰ ਕੁਲਬੀਰ ਸਿੰਘ**

ਇਕ ਅਧਿਐਨ ਅਨੁਸਾਰ ਭਾਰਤ ਦੁਨੀਆ ਦੇ ਉਨਾਂ ਮੁਲਕਾਂ ਵਿਚ ਸ਼ਾਮਿਲ ਹੈ ਜਿਥੇ ਵਿਸ਼ਾਲ ਮੀਡੀਆ ਬਾਜ਼ਾਰ ਹੈ ਅਤੇ ਇਸ ਦਾ ਕੰਟਰੋਲ ਕੁਝ ਤਾਕਤਵਰ ਹੱਥਾਂ ਵਿਚ ਹੈ, ਜਿਨਾਂ ਦੇ ਮਜ਼ਬੂਤ ਤੇ ਨੇੜਲੇ ਸਿਆਸੀ ਸਬੰਧ ਹਨ।

'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੇ ਸਹਿਯੋਗ ਨਾਲ ਦਿੱਲੀ ਦੇ ਇਕ ਖੋਜ ਗਰੁੱਪ ਨੇ ਆਪਣੀ ਰਿਪੋਰਟ ਵਿਚ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਭਾਰਤੀ ਮੀਡੀਆ 'ਵਾਚਡੌਗ' ਦੀ ਭੂਮਿਕਾ ਨਿਭਾਉਣ ਦੀ ਬਜਾਏ ਕਾਰੋਬਾਰ ਤੇ ਸਿਆਸਤ ਨਾਲ ਸਾਂਝ ਵਧਾਉਣ ਵਿਚ ਲੱਗਾ ਹੋਇਆ ਹੈ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਲੱਖਾਂ ਅਖ਼ਬਾਰਾਂ ਅਤੇ ਹਜ਼ਾਰਾਂ ਚੈਨਲ ਹੋਣ ਦੇ ਬਾਵਜੂਦ ਭਾਰਤ ਦੀ ਸੱਭਿਆਚਾਰਕ ਵੰਨ-ਸੁਵੰਨਤਾ ਤੇ ਅਮੀਰੀ ਨੂੰ ਨਹੀਂ ਉਭਾਰਿਆ ਜਾ ਰਿਹਾ। ਇਸ ਦੇ ਉਲਟ ਸਾਰਾ ਜ਼ੋਰ ਵਿਸ਼ਾ-ਸਮੱਗਰੀ ਅਤੇ ਲੋਕ ਰਾਏ ਨੂੰ ਕੰਟਰੋਲ ਕਰਨ 'ਤੇ ਲਾਇਆ ਜਾ ਰਿਹਾ ਹੈ।

ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਵੱਡੀਆਂ ਮੀਡੀਆ ਕੰਪਨੀਆਂ 'ਤੇ ਵੱਡੇ ਕਾਰੋਬਾਰੀ ਘਰਾਣਿਆਂ ਦਾ ਕਬਜ਼ਾ ਹੈ, ਜਿਨਾਂ ਨੇ ਮੀਡੀਆ ਤੋਂ ਇਲਾਵਾ ਵੱਖ-ਵੱਖ ਹੋਰਨਾਂ ਉਦਯੋਗਾਂ ਵਿਚ ਵੱਡੀ ਧਨ ਰਾਸ਼ੀ ਵੀ ਲਗਾਈ ਹੋਈ ਹੈ। ਇਹ ਵੀ ਕਿ ਬਹੁਤੀਆਂ ਮੀਡੀਆ ਕੰਪਨੀਆਂ ਵਿਚ ਕਾਰੋਬਾਰੀਆਂ ਤੇ ਸਿਆਸਤਦਾਨਾਂ ਦੀ ਸਾਂਝੇਦਾਰੀ ਹੈ।

ਭਾਰਤ ਵਿਚ 1,18,240 ਪ੍ਰਕਾਸ਼ਨਾਵਾਂ ਦੀ ਰਜਿਸਟ੍ਰੇਸ਼ਨ ਹੋਈ ਹੈ। ਇਨਾਂ ਵਿਚੋਂ 36,000 ਹਫ਼ਤਾਵਾਰੀ ਹਨ ਜਦਕਿ 17,160 ਰੋਜ਼ਾਨਾ ਅਖ਼ਬਾਰਾਂ ਹਨ। ਇਕ ਹਜ਼ਾਰ ਤੋਂ ਵੱਧ ਟੈਲੀਵਿਜ਼ਨ ਚੈਨਲ ਹਨ ਅਤੇ 550 ਤੋਂ ਵਧੇਰੇ ਐਫ.ਐਮ. ਰੇਡੀਓ ਸਟੇਸ਼ਨ ਹਨ।

ਕਹਾਣੀ



1,18,240 ਪ੍ਰਕਾਸ਼ਨਾਵਾਂ 26,750 ਵਿਅਕਤੀਆਂ, 20 84 ਕੰਪਨੀਆਂ ਅਤੇ 1283 ਸੁਸਾਇਟੀਆਂ, ਫਰਮਾਂ ਅਤੇ ਸਰਕਾਰ ਦੀ ਮਲਕੀਅਤ ਹਨ।

ਇਸ ਰਿਪੋਰਟ 'ਤੇ ਆਧਾਰਿਤ ਇਕ ਆਰਟੀਕਲ ਵਿਚ ਰਿਆਜ਼ ਉੱਲਾ ਖ਼ਾਲਿਕ ਨੇ ਮੀਡੀਆ, ਕਾਰੋਬਾਰ ਅਤੇ ਸਿਆਸਤ ਦੇ ਮਜ਼ਬੂਤ ਹੁੰਦੇ ਗੱਠਜੋੜ ਦੇ ਵਿਸਥਾਰਪੂਰਵਕ ਵੇਰਵੇ ਦਿੱਤੇ ਹਨ। ਇਹ ਵੇਰਵੇ ਸੋਸ਼ਲ ਮੀਡੀਆ 'ਤੇ ਵੀ ਦਿਲਚਸਪੀ ਨਾਲ ਪੜ੍ਹੇ ਅਤੇ ਅੱਗੇ ਤੋਂ ਅੱਗੇ ਸਾਂਝੇ ਕੀਤੇ ਜਾ ਰਹੇ ਹਨ।

ਇਹ ਵੇਰਵੇ ਪੜ੍ਹਨ ਉਪਰੰਤ ਸਪੱਸ਼ਟ ਹੋ ਜਾਂਦਾ ਹੈ ਕਿ ਬਹੁਤੇ ਖ਼ਬਰ ਚੈਨਲ ਕਾਰੋਬਾਰੀ ਘਰਾਣਿਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਦੀ ਮਾਲਕੀ ਵਾਲੇ ਹਨ। ਅਜਿਹੇ ਚੈਨਲਾਂ ਤੋਂ ਨਿਰਪੱਖ ਤੇ ਸੰਤੁਲਿਤ ਖ਼ਬਰਾਂ ਦੀ ਉਮੀਦ ਕਦਾਚਿਤ ਨਹੀਂ ਕੀਤੀ ਜਾ ਸਕਦੀ। ਟੀ.ਆਰ.ਪੀ. ਘੁਟਾਲਾ ਅਤੇ ਹੁਣ ਅਰਨਬ ਗੋਸਵਾਮੀ ਦੀ ਵਟਸਐਪ ਗੱਲਬਾਤ ਸਾਹਮਣੇ ਆਉਣ 'ਤੇ ਦੁਨੀਆ ਜਾਣ ਗਈ ਹੈ ਕਿ ਭਾਰਤੀ ਮੀਡੀਆ ਵਿਚ ਕਿਸ ਹੱਦ ਤੱਕ ਨਿਘਾਰ ਆ ਗਿਆ ਹੈ। ਟੀ.ਆਰ.ਪੀ. ਵਧਾਉਣ ਲਈ ਅਤੇ ਸਿਆਸੀ ਨੇਤਾਵਾਂ ਨਾਲ ਨੇੜਤਾ ਪੈਦਾ ਕਰਨ ਲਈ ਮੀਡੀਆ ਕਰਮੀ ਕਿਸ ਹੱਦ ਤੱਕ ਡਿਗ ਸਕਦੇ ਹਨ।

ਮੀਡੀਆ, ਕਾਰੋਬਾਰ ਅਤੇ ਸਿਆਸਤ ਦੀ ਪਰਸਪਰ ਨਿਰਭਰਤਾ ਨੇ ਮੀਡੀਆ ਦੀ ਆਜ਼ਾਦੀ ਅਤੇ ਲੋਕਤੰਤਰ ਲਈ ਵੱਡੇ ਖ਼ਤਰੇ ਖੜੇ ਕਰ ਦਿੱਤੇ ਹਨ।

ਬਹੁਤੇ ਕੌਮੀ ਅਤੇ ਖੇਤਰੀ ਖ਼ਬਰ ਚੈਨਲ ਭਾਜਪਾ, ਕਾਂਗਰਸ ਜਾਂ ਖੇਤਰੀ ਪਾਰਟੀਆਂ ਨਾਲ ਕਿਸੇ ਨਾ ਕਿਸੇ ਤਰਾਂ ਜੁੜੇ ਹੋਏ ਹਨ। ਇਕ ਪਾਸੇ ਕਿਹਾ ਜਾਂਦਾ ਹੈ ਕਿ ਆਜ਼ਾਦ ਸਮਾਜ ਲਈ ਆਜ਼ਾਦ ਮੀਡੀਆ ਜ਼ਰੂਰੀ ਹੈ, ਦੂਸਰੇ ਪਾਸੇ ਬੀਤੇ 7-8 ਸਾਲਾਂ ਤੋਂ ਭਾਰਤੀ ਮੀਡੀਆ ਦਾ ਦ੍ਰਿਸ਼ ਬਦਲ ਗਿਆ ਹੈ। ਸਰਕਾਰ ਦੇ ਗ਼ਲਤ ਫ਼ੈਸਲਿਆਂ, ਗ਼ਲਤ ਨੀਤੀਆਂ 'ਤੇ ਸਵਾਲ ਉਠਾਉਣ ਦੀ ਥਾਂ ਹਰ ਗੱਲ 'ਤੇ ਵਿਰੋਧੀ ਪਾਰਟੀਆਂ ਨੂੰ ਕਟਹਿਰੇ ਵਿਚ ਖੜੇ ਕਰਨ ਦਾ ਰੁਝਾਨ ਆਰੰਭ ਹੋ ਗਿਆ ਹੈ। ਸਰਕਾਰ ਦੀ ਆਲੋਚਨਾ ਨਾਮਾਤਰ ਨਜ਼ਰ ਆਉਂਦੀ ਹੈ ਅਤੇ ਲੋਕਾਂ ਦੇ ਅਸੰਤੋਖ ਨੂੰ ਵੀ ਬਣਦੀ ਕਵਰੇਜ ਨਹੀਂ ਦਿੱਤੀ ਜਾਂਦੀ। ਮੀਡੀਆ ਦੇ ਵੱਡੇ ਹਿੱਸੇ ਨੇ ਆਪਣੇ-ਆਪ 'ਤੇ ਖ਼ੁਦ ਹੀ ਸਰਕਾਰ ਪੱਖੀ ਸੈਂਸਰਸ਼ਿਪ ਲਗਾ ਲਈ ਹੈ।

ਭਾਰਤ ਵਿਚ ਕਾਰਪੋਰੇਟ ਘਰਾਣਿਆਂ ਅਤੇ ਸਿਆਸੀ ਸ਼ਖ਼ਸੀਅਤਾਂ ਵਲੋਂ ਸੰਚਾਲਿਤ ਮੀਡੀਆ ਮਾਡਲ ਦੇ ਫੇਲ ਹੋਣ ਦੀ ਸਭ ਤੋਂ ਵੱਡੀ ਉਦਾਹਰਨ 'ਰੀਪਬਲਿਕਨ ਟੀ.ਵੀ.' ਹੈ। ਇਸ ਦਾ ਮਾਲਕ ਰਾਜੀਵ ਚੰਦਰ ਸ਼ੇਖ਼ਰ ਹੈ। ਜਿਹੜਾ ਭਾਰਤੀ ਜਨਤਾ ਪਾਰਟੀ ਵਲੋਂ ਰਾਜ ਸਭਾ ਦਾ ਮੈਂਬਰ ਹੈ। ਚੰਦਰ ਸ਼ੇਖਰ ਦੀ ਕੰਪਨੀ 'ਜੁਪੀਟਰ ਕੈਪੀਟਲ ਪ੍ਰਾਈਵੇਟ ਲਿਮਟਿਡ' ਦੀ ਮਾਲਕੀ ਅਧੀਨ ਦੋ ਹੋਰ ਚੈਨਲ ਹਨ। ਇਕ 'ਏਸ਼ੀਆ ਨੈੱਟ ਨਿਊਜ਼' ਮਲਿਆਲਮ ਵਿਚ ਅਤੇ ਦੂਸਰਾ ਕੰਨੜ ਭਾਸ਼ਾ ਵਿਚ। ਇਹ ਸਾਰੇ ਚੈਨਲ 24 ਘੰਟੇ ਭਾਜਪਾ ਲਈ ਕੰਮ ਕਰਦੇ ਹਨ। ਰੀਪਬਲਿਕ ਟੀ.ਵੀ. ਦੇ ਮੈਨੇਜਿੰਗ ਡਾਇਰੈਕਟਰ ਅਰਨਬ ਗੋਸਵਾਮੀ ਦੀ ਕਾਰਗੁਜ਼ਾਰੀ ਤੋਂ ਪੂਰਾ ਭਾਰਤ ਵਾਕਫ਼ ਹੈ ਅਤੇ ਉਸ ਦੀ ਪੱਤਰਕਾਰੀ ਦਾ ਪੱਧਰ ਵੀ ਕਿਸੇ ਤੋਂ ਛੁਪਿਆ ਨਹੀਂ। ਉਹ ਨਿੱਤ ਨਵੇਂ ਵਿਵਾਦਾਂ ਵਿਚ ਘਿਰਿਆ ਰਹਿੰਦਾ ਹੈ। ਜਦੋਂ ਵੀ ਦੇਸ਼ ਵਿਚ ਕੋਈ ਮੁੱਦਾ ਮਸਲਾ ਖੜਾ ਹੁੰਦਾ ਹੈ ਤਾਂ ਇਹ ਚੈਨਲ ਫ਼ਿਲਮ ਜਗਤ ਦੀਆਂ ਕਹਾਣੀਆਂ ਲੈ ਕੇ ਬੈਠ ਜਾਂਦਾ ਹੈ। ਸੁਸ਼ਾਂਤ ਮਾਮਲੇ ਨੂੰ ਇਸ ਚੈਨਲ ਨੇ ਕਈ ਮਹੀਨੇ ਕਿਵੇਂ ਪੇਸ਼ ਕੀਤਾ ਸਾਰੇ ਜਾਣਦੇ ਹਨ।

ਕੁਝ ਚੈਨਲ ਕੌਮੀ ਰਾਜਨੀਤੀ ਨੂੰ ਪੇਸ਼ ਕਰਦੇ ਹਨ ਅਤੇ ਬਹੁਤੇ ਖੇਤਰੀ ਸਿਆਸਤ ਤੱਕ ਸੀਮਤ ਹਨ। ਭਾਜਪਾ ਅਤੇ ਕਾਂਗਰਸ ਦੇ ਖੇਤਰੀ ਪਾਰਟੀਆਂ ਨਾਲ ਗੱਠਜੋੜ ਹਨ ਅਤੇ ਇਹ ਚੱਕਰ ਇਵੇਂ ਹੀ ਚਲਦਾ ਰਹਿੰਦਾ ਹੈ। ਭਾਜਪਾ ਤੇ ਕਾਂਗਰਸ ਨੂੰ ਕੌਮੀ ਪੱਧਰ 'ਤੇ ਵੀ ਅਤੇ ਖੇਤਰੀ ਪੱਧਰ 'ਤੇ ਵੀ ਮੀਡੀਆ ਮਦਦ ਦੀ ਲੋੜ ਹੈ। ਇਸੇ ਲਈ ਕਾਰਪੋਰੇਟ ਘਰਾਣਿਆਂ ਰਾਹੀਂ ਮੀਡੀਆ ਅੰਦਰ ਘੁਸਪੈਠ ਵਧ ਰਹੀ ਹੈ।

# ਦੀਪ ਸਿੱਧੂ ਦੇ ਹੱਕ 'ਚ ਪਿੰਡ ਵਾਸੀ ਨਿੱਤਰੇ ਗ੍ਰਾਮ ਪੰਚਾਇਤ ਨੇ ਹੱਕ ਵਿਚ ਪਾਇਆ ਮਤਾ

**ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼:** 26 ਜਨਵਰੀ ਨੂੰ ਲਾਲ ਕਿਲਾ ਘਟਨਾਕ੍ਰਮ ਮਗਰੋਂ ਚਰਚਿਤ ਹੋਏ ਫ਼ਿਲਮੀ ਅਦਾਕਾਰ ਦੀਪ ਸਿੱਧੂ ਦੇ ਹੱਕ ਵਿਚ ਪਿੰਡ ਵਾਸੀ ਨਿੱਤਰੇ ਹਨ। ਜਿਸ ਤਰਾਂ ਦੀਪ ਸਿੱਧੂ 'ਤੇ ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਦੇ ਵੱਖ-ਵੱਖ ਦੋਸ਼ ਲੱਗ ਰਹੇ ਹਨ, ਉਸ ਮਗਰੋਂ ਉਨਾਂ ਦੇ ਪਿੱਤਰੀ ਪਿੰਡ ਉਦੇਕਰਨ ਜ਼ਿਲਾ ਮੁਕਤਸਰ ਸਾਹਿਬ ਦੇ ਵਾਸੀਆਂ ਨੇ ਪਿੰਡ ਵਿਚ ਇਕੱਠ ਕੀਤਾ ਤੇ ਗ੍ਰਾਮ ਪੰਚਾਇਤ ਦੀ ਲੈਟਰ ਪੈਡ 'ਤੇ ਪਾਏ ਮਤੇ ਵਿਚ ਪਿੰਡ ਦੇ ਕਈ ਪੰਚਾਇਤ ਮੈਂਬਰਾਂ ਅਤੇ ਕੁਝ ਪਿੰਡ ਵਾਸੀਆਂ ਨੇ ਦਸਤਖ਼ਤ ਕਰਕੇ ਦੀਪ ਸਿੱਧੂ ਵੱਲੋਂ ਕਿਸਾਨ ਮੋਰਚੇ ਵਿਚ ਪਾਏ ਯੋਗਦਾਨ ਦਾ ਸਮਰਥਨ ਕੀਤਾ। ਉਨਾਂ ਆਖਿਆ ਕਿ ਜਿਸ ਤਰਾਂ ਲਾਲ ਕਿਲੇ ਦੀ ਘਟਨਾ ਮਗਰੋਂ ਉਨਾਂ 'ਤੇ ਤਰਾਂ-ਤਰਾਂ ਦੇ ਦੋਸ਼ ਮੜੇ ਗਏ, ਉਹ ਬਿਲਕੁਲ



ਗ਼ਲਤ ਹਨ। ਇਸ ਮੌਕੇ ਸਾਬਕਾ ਸਰਪੰਚ ਅੰਗਰੇਜ ਸਿੰਘ ਉਦੇਕਰਨ, ਸੇਵਾ ਮੁਕਤ ਪ੍ਰਿੰਸੀਪਲ ਗੁਰਤੇਜ ਸਿੰਘ ਬਰਾੜ ਅਤੇ ਅਮਰ ਸਿੰਘ ਨੇ ਕਿਹਾ ਕਿ ਦੀਪ ਸਿੱਧੂ ਨੇ ਕਿਸਾਨੀ ਮੋਰਚੇ ਲਈ ਸਖ਼ਤ ਮਿਹਨਤ ਕੀਤੀ ਹੈ ਅਤੇ ਉਸ 'ਤੇ ਲਾਏ ਜਾ ਰਹੇ ਦੋਸ਼ ਮੰਦਭਾਗੇ ਹਨ। ਇਸ ਮੌਕੇ ਦਸਤਖ਼ਤ ਕਰਨ ਵਾਲਿਆਂ ਵਿਚ ਜਸਵਿੰਦਰ ਕੌਰ ਪੰਚ, ਹੀਰਾ ਸਿੰਘ ਪੰਚ, ਵੀਰਪਾਲ ਕੌਰ ਪੰਚ, ਬਲਜਿੰਦਰ ਕੌਰ ਪੰਚ, ਜਸਕਰਨ ਸਿੰਘ, ਗੁਰਮੀਤ ਸਿੰਘ, ਅਮਰ ਸਿੰਘ, ਬਲਵਿੰਦਰ ਸਿੰਘ, ਜੀਵਨ ਸਿੰਘ, ਸੁਖਮਹਿੰਦਰ ਸਿੰਘ, ਜਸਪਾਲ ਸਿੰਘ, ਸੁਖਜਿੰਦਰ ਸਿੰਘ ਆਦਿ ਸ਼ਾਮਿਲ ਹਨ।

## ਲੱਖਾ ਸਿਧਾਣਾ ਤੇ ਦੀਪ ਸਿੱਧੂ ਦੇ ਹੱਕ ਵਿਚ ਜੈਜੀ ਬੀ

### ਪੰਜਾਬੀ ਗਾਇਕ ਜੈਜੀ ਬੀ ਨੇ ਲੱਖਾ ਸਿਧਾਣਾ ਤੇ ਦੀਪ ਸਿੱਧੂ ਦੀ ਸੁਪੋਰਟ ਕੀਤੀ

ਜੈਜੀ ਬੀ ਨੇ ਕਿਹਾ ਕਿ ਦਿੱਲੀ 'ਚ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਹ ਮੁਸ਼ਕਲਾਂ ਅਜੇ ਹੋਰ ਆਉਣੀਆਂ ਹਨ। ਸਰਕਾਰਾਂ ਪਾਵਰ ਦੇ ਗਰੂਰ 'ਚ ਅੰਨੀਆਂ ਹੋ ਗਈਆਂ ਹਨ। ਬੈਰੀਗੇਡ ਲਗਾ ਕੇ ਤੇ ਸੜਕਾਂ ਪੁੱਟ ਕੇ ਉਹ ਤਿਆਰੀ ਕਰਕੇ ਬੈਠੀਆਂ ਹਨ। ਇਕ ਟੇਬਲ 'ਤੇ ਗੱਲਬਾਤ ਕਰਕੇ ਮਸਲੇ ਦਾ ਹੱਲ ਕੀਤਾ ਜਾ ਸਕਦਾ ਹੈ।

ਜੈਜੀ ਬੀ ਨੇ ਲਾਈਵ ਦੌਰਾਨ ਕਿਹਾ, '26 ਜਨਵਰੀ ਦੀ ਘਟਨਾ ਨੂੰ ਭਾਵੇਂ ਤੁਸੀਂ ਚੰਗਾ ਕਹੋ ਜਾਂ ਮਾੜਾ, ਇਸ ਚੀਜ਼ ਨੂੰ ਭੁੱਲ ਕੇ ਸਾਨੂੰ ਇਕ ਰਹਿਣਾ ਚਾਹੀਦਾ ਹੈ। ਮੈਨੂੰ ਬਹੁਤ ਦੁੱਖ ਲੱਗਾ ਜਦੋਂ ਜਥੇਬੰਦੀਆਂ ਵੱਲੋਂ ਲੱਖਾ ਸਿਧਾਣਾ ਤੇ ਦੀਪ ਸਿੱਧੂ ਖ਼ਿਲਾਫ਼ ਨਾਅਰੇ ਲਗਾਏ ਗਏ। ਬਹੁਤ ਦਿਲ ਦੁਖਿਆ, ਕਿਉਂਕਿ ਜਿੰਨੀ ਵੀ ਕਿਸੇ ਬੰਦੇ ਦੀ ਇਸ ਅੰਦੋਲਨ 'ਚ ਦੇਣ ਹੈ, ਉਸ ਨੂੰ ਇਕ ਗੱਲ ਕਰਕੇ ਅੰਦੋਲਨ ਤੋਂ ਅਲੱਗ ਨਹੀਂ ਕਰਨਾ ਚਾਹੀਦਾ। ਖ਼ਾਲਸਾ ਏਡ ਵਾਲੇ ਰਵੀ ਸਿੰਘ ਵੀ ਹਮੇਸ਼ਾ ਇਹ ਗੱਲ ਕਹਿੰਦੇ ਹਨ ਕਿ ਸਾਨੂੰ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਨੌਜਵਾਨੀ ਨੂੰ ਅੰਦੋਲਨ 'ਚ ਇਕ ਪਾਸੇ ਨਹੀਂ ਕੀਤਾ ਜਾ ਸਕਦਾ।'

ਜੈਜੀ ਬੀ ਨੇ ਸਰਕਾਰਾਂ ਦੀ ਚਾਲ ਦਾ ਜ਼ਿਕਰ ਕਰਦਿਆਂ ਆਖਿਆ, 'ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕਿਸਾਨਾਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਨੂੰ ਉੱਥੇ ਭੇਜਿਆ ਜਾਵੇ ਤਾਂ ਜੋ ਸਾਡੇ ਪੰਜਾਬੀ ਜੋ ਉੱਥੇ ਬੈਠੇ ਹਨ, ਉਨਾਂ ਨੂੰ ਕੋਈ ਮੁਸ਼ਕਿਲ ਨਾ ਆਵੇ। ਕੇਂਦਰ ਸਰਕਾਰ ਦੀ ਨੀਤੀ ਸਾਫ਼ ਹੈ, ਉਹ ਧੱਕਾ ਕਰਨਾ ਚਾਹੁੰਦੀ ਹੈ ਤੇ ਉਹੀ ਉਹ ਕਰ ਰਹੀ ਹੈ।'

# ਕਿਸਾਨ ਸੰਘਰਸ਼ ਨੂੰ ਮਿਲੀ ਨਵੀਂ ਦਿਸ਼ਾ

**ਸੰਜੀਵ ਸਿੰਘ ਸੈਣੀ, ਮੋਹਾਲੀ**

26 ਜਨਵਰੀ ਨੂੰ ਟਰੈਕਟਰ ਪਰੇਡ ਵਿੱਚ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਜੋ ਵੀ ਹਿੰਸਕ ਕਦਮ ਉਠਾਏ ਗਏ, ਉਨਾਂ ਕਾਰਨ ਕਿਸਾਨ ਅੰਦੋਲਨ ਨੂੰ ਬਹੁਤ ਵੱਡੀ ਢਾਅ ਲੱਗੀ ਹੈ। ਹੁਣ ਤੱਕ ਇਹ ਅੰਦੋਲਨ ਬਹੁਤ ਹੀ ਸ਼ਾਂਤਮਈ ਚੱਲ ਰਿਹਾ ਸੀ। ਹੁਕਮਰਾਨ ਤਾਂ ਪਹਿਲੇ ਹੀ ਦਿਨ ਤੋਂ ਕਿਸਾਨਾਂ ਨੂੰ ਅੱਤਵਾਦੀ, ਮਾਓਵਾਦੀ, ਖਾਲਿਸਤਾਨੀ ਜਿਹੇ ਸ਼ਬਦਾਂ ਨਾਲ ਭੰਡ ਰਹੇ ਸਨ। ਹੁਣ ਤਾਂ ਇਹ ਘਟਨਾ ਤੋਂ ਬਾਅਦ ਉਨਾਂ ਨੂੰ ਹੋਰ ਮੌਕਾ ਮਿਲ ਗਿਆ ਹੈ। ਸ਼ਰਾਰਤੀ ਅਨਸਰ ਤਾਂ ਇਹ ਚਾਹੁੰਦੇ ਹਨ ਕਿ ਕਿਸਾਨ ਜਥੇਬੰਦੀਆਂ ਵਿੱਚ ਮਤਭੇਦ ਪੈਦਾ ਹੋਣ। ਸ਼ਰਾਰਤੀ ਅਨਸਰ ਆਪਣੇ ਮਕਸਦ ਵਿਚ ਕਾਫ਼ੀ ਹੱਦ ਤੱਕ ਸਫਲ ਵੀ ਹੋ ਗਏ ਹਨ। ਪਿਛਲੇ ਦਿਨਾਂ ਗਾਜ਼ੀਪੁਰ ਵਿੱਚ ਹੋਈ ਘਟਨਾ ਦੌਰਾਨ ਰਕੇਸ਼ ਟਿਕੈਤ ਨੇ ਅੰਦੋਲਨ ਨੂੰ ਨਵੀਂ ਦਿਸ਼ਾ ਦਿੱਤੀ ਹੈ। ਜਿਸ ਦਾ ਅਸਰ ਰਾਤੋਂ ਰਾਤ ਗੁਆਂਢੀ ਸੂਬੇ ਉੱਤਰ ਪ੍ਰਦੇਸ਼ ਤੇ ਹਰਿਆਣਾ ਵਿੱਚ ਦੇਖਣ ਨੂੰ ਮਿਲਿਆ। ਉੱਤਰ ਪ੍ਰਦੇਸ਼ ਤੋਂ ਰਾਤੋਂ ਰਾਤ ਹਜ਼ਾਰਾਂ ਕਿਸਾਨਾਂ ਦਾ ਗਾਜ਼ੀਪੁਰ ਬਾਰਡਰ ਤੇ ਹੜ ਆ ਗਿਆ। ਦੇਖਾਂ ਦੇਖੀ ਵਿੱਚ ਹਰਿਆਣਾ ਦੀਆਂ ਆਪ ਪੰਚਾਇਤਾਂ ਨੇ ਵੀ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਦਾ ਫ਼ੈਸਲਾ ਕੀਤਾ। ਪੰਚਾਇਤਾਂ ਨੇ ਕਿਹਾ ਕਿ ਰੋਜ਼ਾਨਾ 10 ਹਜ਼ਾਰ ਲੋਕ ਕਿਸਾਨੀ ਅੰਦੋਲਨ ਵਿਚ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਟਰੈਕਟਰਾਂ ਤੇ ਸਵਾਰ ਹੋ ਕੇ ਦਿੱਲੀ ਵੱਲ ਵਹੀਰਾਂ ਘੱਤ ਰਹੇ ਹਨ। ਸ਼ਰਾਰਤੀ ਅਨਸਰਾਂ ਨੂੰ ਤਾਂ ਇਹ ਸੀ ਕਿ ਸਾਡੀ ਗੁੰਡਾਗਰਦੀ ਕਾਰਨ ਕਿਸਾਨ ਡਰ ਕੇ ਬਾਰਡਰ ਖ਼ਾਲੀ ਕਰ ਦੇਣਗੇ। ਪਰ ਉਨਾਂ ਦੀ ਇਹ ਸਾਜ਼ਿਸ਼ ਕਾਮਯਾਬ ਨਹੀਂ ਹੋਈ ਤੇ ਸਗੋਂ ਕਿਸਾਨੀ ਅੰਦੋਲਨ ਨੂੰ ਹੋਰ ਮਜ਼ਬੂਤੀ ਮਿਲੀ ਹੈ। ਗਾਜ਼ੀਪੁਰ ਦੀ ਘਟਨਾ ਤੋਂ ਬਾਅਦ ਅੰਦੋਲਨ ਵਿੱਚ ਹੋਰ ਸਮਰੱਥਾ ਵਧੀ ਹੈ। ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਸਿੰਘੂ ਬਾਰਡਰ ਤੇ ਕਿਸਾਨਾਂ ਤੇ ਪੱਥਰਬਾਜੀ ਕੀਤੀ ਗਈ। ਪੁਲੀਸ ਉੱਤੇ ਖੜੀ ਹੱਸਦੀ ਰਹੀ। ਬਰੂਹਾਂ ਤੇ ਵਸੇ ਪਿੰਡ ਵਾਲਿਆਂ ਨੇ ਕਿਹਾ ਕਿ ਸਾਨੂੰ ਕਿਸਾਨਾਂ ਦੀ ਕੋਈ ਤਕਲੀਫ਼ ਨਹੀਂ ਹੈ। ਇਹ ਵਿਚਾਰੇ ਆਪਣਾ ਸ਼ਾਂਤਮਈ ਅੰਦੋਲਨ ਕਰ ਰਹੇ ਹਨ। ਜੋ ਇੱਥੇ ਸ਼ਰਾਰਤੀ ਅਨਸਰ ਹੁੱਲੜਬਾਜ਼ੀ ਕਰ ਰਹੇ ਹਨ ਉਨਾਂ ਦਾ ਪਿੰਡ ਵਾਲਿਆਂ ਨਾਲ ਕੋਈ ਸਬੰਧ ਨਹੀਂ ਹੈ। 30 ਜਨਵਰੀ ਨੂੰ ਕਿਸਾਨਾਂ ਨੇ ਵਰਤ ਰੱਖ ਕੇ ਸਦਭਾਵਨਾ ਦਿਵਸ ਮਨਾਇਆ। ਦੇਸ਼ ਦੇ ਬਾਕੀ ਸੂਬਿਆਂ ਵਿਚ ਵੀ ਕਿਸਾਨਾਂ ਨੇ ਵਰਤ ਰੱਖ ਕੇ ਸਦਭਾਵਨਾ ਦਿਵਸ ਮਨਾਇਆ। ਓਧਰ ਕੇਂਦਰ ਸਰਕਾਰ ਨੇ ਦਿੱਲੀ ਦੀਆਂ ਬਰੂਹਾਂ 'ਤੇ ਇੰਟਰਨੈਟ ਸੇਵਾ ਬੰਦ ਕਰ ਦਿੱਤੀ। ਭਲਾ ਹੋਵੇ ਉਨਾਂ ਪਿੰਡ ਵਾਲਿਆਂ ਦਾ, ਦੁਕਾਨਦਾਰਾਂ ਦਾ ਜਿਨਾਂ ਨੇ ਕਿਸਾਨਾਂ ਨੂੰ ਹਰ ਮਦਦ ਦਿੱਤੀ। ਇਹ ਅੰਦੋਲਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਲੜਿਆ ਜਾ ਰਿਹਾ ਹੈ ਨਾ ਕਿ ਹੁੱਲੜਬਾਜ਼ੀ ਕਰਨ ਲਈ। ਕਿਸਾਨਾਂ ਵਿੱਚ ਵੀ ਨਿਰੀ ਨਿਰਾਸ਼ਾ ਹੈ। ਹੁਣ ਕਿਸਾਨਾਂ ਨੂੰ ਅਗਲੀ ਰਣਨੀਤੀ ਬਹੁਤ ਹੀ ਸੋਚ ਸਮਝ ਕੇ ਘੜਨੀ ਪੈਣੀ ਹੈ। ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੇ ਦਿੱਲੀ ਮੋਰਚੇ ਦੀ ਮਜ਼ਬੂਤੀ ਲਈ ਕਿਸਾਨਾਂ ਦੀ ਮੁੜ ਤੋਂ ਲਾਮਬੰਦ ਕਰ ਦਿੱਤੀ ਹੈ। ਹਜ਼ਾਰਾਂ ਦੀ ਤਾਦਾਦ ਵਿੱਚ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ ਹਨ। ਕਈ ਪਿੰਡਾਂ ਵਿੱਚੋਂ ਤਾਂ ਹਰ ਘਰ ਤੋਂ ਇਕ ਜੀਅ ਲਈ ਦਿੱਲੀ ਜਾਣ ਲਈ ਸੁਨੇਹਾ ਲਾਇਆ ਜਾ ਰਿਹਾ ਹੈ। ਕਈ ਪੰਚਾਇਤਾਂ ਨੇ ਮਤੇ ਵੀ ਪਾਸ ਕਰ ਦਿੱਤੇ ਹਨ ਕਿ ਦਿੱਲੀ ਮੋਰਚੇ ਨੂੰ ਮੁੜ ਸਿਖ਼ਰਾਂ ਤੇ ਲਿਜਾਇਆ ਜਾ ਸਕੇ। ਓਧਰ ਯੂ.ਪੀ. ਵਿੱਚ ਵੀ ਕਿਸਾਨਾਂ ਦੀ ਹਮਾਇਤ ਵਿੱਚ ਮੁਜ਼ੱਫਰਨਗਰ ਵਿੱਚ ਵੀ ਹਜ਼ਾਰਾਂ ਕਿਸਾਨ ਇਕੱਠੇ ਹੋਏ ਹਨ। ਜਮਹੂਰੀਅਤ ਵਿੱਚ ਕਿਸੇ ਵੀ ਬਿੱਲ ਤੇ ਦੁਬਾਰਾ ਵਿਚਾਰ ਕਰਨਾ ਸੰਭਵ ਹੈ।


Sir Speedy Tustin Printers to the Community
Outdoor 3'x11' Promo Flag
Only $29/-
Pole & Spike $55/-
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

# ਭਾਰਤ ਸਰਕਾਰ ਖਿਡਾਰੀਆਂ ਦੀ ਪ੍ਰਤਿਭਾ ਦੀ ਹੌਸਲਾ ਅਫ਼ਜ਼ਾਈ ਕਰੇ

**- ਪਰਮਜੀਤ ਸਿੰਘ**



ਸਾਡੀ ਜਾਚੇ ਭਾਰਤ ਦੇਸ਼ ਜਿਸ ਵਿਚ ਬਹੁਤ ਸਾਰੇ ਸੂਬੇ ਹਨ, ਪ੍ਰਾਂਤ ਹਨ, ਉਹ ਵੱਖੋ-ਵੱਖਰੀਆਂ ਖੇਡਾਂ ਲਈ ਮਸ਼ਹੂਰ ਹੋਣੇ ਚਾਹੀਦੇ ਹਨ। ਇਕ ਮੁਕਾਬਲਾ ਹੋਵੇ ਕਿ ਕਿਸੇ ਸੂਬੇ ਦੇ ਖਿਡਾਰੀ ਵੱਧ ਤੋਂ ਵੱਧ ਉਲੰਪਿਕ ਖੇਡਾਂ ਅਤੇ ਵਿਸ਼ਵ ਕੱਪਾਂ ਲਈ ਚੁਣੇ ਜਾਂਦੇ ਹਨ ਅਤੇ ਕਿਸ ਪ੍ਰਾਂਤ ਦੇ ਖਿਡਾਰੀ ਤਗਮੇ ਲੈ ਕੇ ਆਉਂਦੇ ਹਨ। ਇਸ ਤਰਾਂ ਦੇ ਮੁਕਾਬਲੇ, ਭਾਰਤ ਨੂੰ ਖੇਡਾਂ ਦੇ ਖੇਤਰ 'ਚ ਇਕ ਨਵੀਂ ਪਛਾਣ ਦੇ ਸਕਦੇ ਹਨ। ਮਿਸਾਲ ਦੇ ਤੌਰ 'ਤੇ ਪਿਛਲੇ ਕੁਝ ਸਾਲਾਂ ਦੌਰਾਨ ਦੇਸ਼-ਵਿਦੇਸ਼ ਵਿਚ ਹੋਏ ਵੱਡੇ-ਵੱਡੇ ਮੁਕਾਬਲਿਆਂ 'ਚ ਹਰਿਆਣਾ ਦੇ ਖਿਡਾਰੀਆਂ ਨੇ ਜਿਹੋ ਜਿਹਾ ਪ੍ਰਦਰਸ਼ਨ ਕੀਤਾ ਹੈ, ਉਹ ਸਾਰੇ ਦੇਸ਼ ਲਈ ਮਾਣ ਦਾ ਵਿਸ਼ਾ ਹੈ। ਉਲੰਪਿਕ ਤੋਂ ਲੈ ਕੇ ਰਾਸ਼ਟਰ ਮੰਡਲ ਤੇ ਫਿਰ ਏਸ਼ੀਆਈ ਖੇਡਾਂ ਵਿਚ ਹਰ ਵੱਡੇ ਮੁਕਾਬਲੇ ਵਿਚ ਭਾਰਤੀ ਟੀਮ ਦੇ ਖਿਡਾਰੀਆਂ ਵਿਚ ਇਸ ਸੂਬੇ ਦੇ ਖਿਡਾਰੀਆਂ ਨੇ ਵੱਡੀ ਨੁਮਾਇੰਦਗੀ ਕੀਤੀ। ਇਸ ਨਾਲ ਵਿਸ਼ਵ ਦੇ ਖੇਡ ਕੈਨਵਸ ਤੇ ਭਾਰਤ ਅਤੇ ਦੇਸ਼ ਦੇ ਦਿਸਹੱਦੇ 'ਤੇ ਹਰਿਆਣਾ ਦੀ ਇਕ ਵੱਖਰੀ ਪਛਾਣ ਬਣੀ ਹੈ। ਕੁਝ ਸਾਲਾਂ ਵਿਚ ਇਹ ਪ੍ਰਾਪਤੀਆਂ ਅਸਮਾਨ ਤੋਂ ਨਹੀਂ ਡਿਗੀਆਂ। ਅਜਿਹੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਬਹੁਤ ਦੂਰ-ਅੰਦੇਸ਼ੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਹ ਕੋਸ਼ਿਸ਼ਾਂ ਸਿਰਫ਼ ਖਿਡਾਰੀਆਂ ਵਲੋਂ ਹੀ ਨਹੀਂ ਸਗੋਂ ਪ੍ਰਸ਼ਾਸਨ ਅਤੇ ਸਰਕਾਰ ਦੀ ਵੀ ਇਸ 'ਚ ਵੱਡੀ ਭੂਮਿਕਾ ਹੈ। ਸਰਕਾਰ ਨੇ ਕਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਉਸ ਤੋਂ ਅੱਗੇ ਪ੍ਰਸ਼ਾਸਨ ਨੇ ਇਸ 'ਤੇ ਅਮਲ ਕਰਕੇ ਇਮਾਨਦਾਰੀ ਨਾਲ ਉਨਾਂ ਨੂੰ ਸਫ਼ਲ ਕੀਤਾ। ਵਿਜੇਂਦਰ ਸਿੰਘ, ਕ੍ਰਿਸ਼ਨ ਯਾਦਵ, ਰਾਜਿੰਦਰ ਕੁਮਾਰ, ਸੁਸ਼ੀਲ ਕੁਮਾਰ, ਸਾਈਨਾ ਨੇਹਵਾਲ ਨੇ ਪੂਰੀ ਦੁਨੀਆ 'ਚ ਹਰਿਆਣੇ ਅਤੇ ਭਾਰਤ ਦਾ ਨਾਂ ਚਮਕਾਇਆ।

**ਖੇਡ ਸੰਸਾਰ**

ਅਸੀਂ ਸਮਝਦੇ ਹਾਂ ਕਿ ਜਿਸ ਤਰਾਂ ਇਨਾਂ ਖੇਡ ਪ੍ਰਤਿਭਾਵਾਂ ਨੂੰ ਇਨਾਮੀ ਰਾਸ਼ੀ, ਜ਼ਮੀਨੀ ਟੁਕੜੇ ਅਤੇ ਨੌਕਰੀ ਨਾਲ ਸਨਮਾਨਿਆ ਗਿਆ, ਉਸ ਨਾਲ ਹਰਿਆਣਾ ਸੂਬੇ ਦੇ ਬਾਕੀ ਖਿਡਾਰੀਆਂ ਨੂੰ ਵੀ ਜ਼ਰੂਰ ਹੌਸਲਾ ਹਿੰਮਤ ਅਤੇ ਪ੍ਰੇਰਨਾ ਮਿਲੀ ਹੋਵੇਗੀ। ਪੂਰੇ ਦੇਸ਼ ਦੇ ਸੂਬਿਆਂ ਦੇ ਵਿਚ ਇਸ ਤਰਾਂ ਦੀਆਂ ਖੇਡ ਪ੍ਰਾਪਤੀਆਂ ਅਤੇ ਉਸ ਤੋਂ ਬਾਅਦ ਏਦਾਂ ਹੀ ਖੇਡ ਪ੍ਰਤਿਭਾਵਾਂ ਦੀ ਹੌਸਲਾ ਅਫ਼ਜ਼ਾਈ ਹੋਣੀ ਚਾਹੀਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਹੌਸਲਾ ਅਫ਼ਜਾਈ ਕੇਵਲ ਪ੍ਰਾਪਤੀਆਂ ਕਰਨ ਵਾਲੇ ਜਾਂ ਵੱਡੇ ਖਿਡਾਰੀਆਂ ਲਈ ਹੀ ਨਹੀਂ ਬਲਕਿ ਉਨਾਂ ਛੋਟੀਆਂ ਪ੍ਰਾਪਤੀਆਂ ਕਰਨ ਵਾਲਿਆਂ ਲਈ ਵੀ ਜ਼ਰੂਰੀ ਹੈ, ਜੋ ਕਿਸੇ ਨਾ ਕਿਸੇ ਖੇਡ ਵਿਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ। ਉਨਾਂ ਦੀ ਕਾਬਲੀਅਤ ਦੇ ਨਾਲ-ਨਾਲ ਉਨਾਂ ਦੀ ਇੱਛਾ ਸ਼ਕਤੀ ਖੇਡ ਦੀ ਦਿਸ਼ਾ 'ਚ ਮਜ਼ਬੂਤ ਹੋਣੀ ਚਾਹੀਦੀ ਹੈ। ਕਈ ਵਾਰ ਹੁਨਰ ਦੀ ਘਾਟ ਨਹੀਂ ਹੁੰਦੀ ਸਗੋਂ ਮਾਹੌਲ ਅਤੇ ਹੌਸਲਾ ਅਫ਼ਜ਼ਾਈ ਨਹੀਂ ਮਿਲਦੀ ਜੋ ਹੁਨਰ ਨਿਖਾਰਨ ਲਈ ਜ਼ਰੂਰੀ ਹੈ। ਚਾਹੇ ਖੇਡ ਹੋਵੇ ਜਾਂ ਕੋਈ ਹੋਰ ਖੇਤਰ ਕੇਵਲ ਪ੍ਰਤਿਭਾ ਦੇ ਜ਼ੋਰ "ਤੇ ਲੰਮੀ ਦੂਰੀ ਤੈਅ ਨਹੀਂ ਕੀਤੀ ਜਾ ਸਕਦੀ। ਪ੍ਰਤਿਭਾ ਤੁਹਾਨੂੰ ਕੁਝ ਨਵਾਂ ਕਰਨ ਦੀ ਊਰਜਾ ਜ਼ਰੂਰ ਦਿੰਦੀ ਹੈ ਪਰ ਉਸ ਕੋਸ਼ਿਸ਼ 'ਚ ਸਫਲਤਾ ਜਾਂ ਜਿੱਤ ਹਾਸਲ ਕਰਨ ਲਈ ਕੁਝ ਹੋਰ ਚੀਜ਼ਾਂ ਦੀ ਵੀ ਜ਼ਰੂਰਤ ਹੁੰਦੀ ਹੈ। ਇਨਾਂ ਹੋਰ ਚੀਜ਼ਾਂ 'ਚ ਕੋਚਿੰਗ ਅਤੇ ਹੌਸਲਾ ਅਫ਼ਜਾਈ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਇਨਾਂ ਦੋਵਾਂ ਦੀ ਘਾਟ ਕਰਕੇ ਵਧੀਆ ਖਿਡਾਰੀਆਂ ਦਾ ਹੁਨਰ ਲੰਗੜੇਪਨ ਦਾ ਸ਼ਿਕਾਰ ਹੋ ਜਾਂਦਾ ਹੈ। ਅਸੀਂ ਸਿੱਟੇ 'ਤੇ ਪਹੁੰਚਦੇ ਹਾਂ ਕਿ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਕੋਈ ਸੂਬਾ ਅਜਿਹਾ ਨਹੀਂ, ਜਿਥੇ ਦੇ ਸਥਾਨਕ ਵਾਸੀਆਂ ਵਿਚ ਕਿਸੇ ਨਾ ਕਿਸੇ ਖੇਡ ਦੀ ਪ੍ਰਤਿਭਾ ਕੁਦਰਤੀ ਤੌਰ 'ਤੇ ਮੌਜੂਦ ਨਾ ਹੋਵੇ, ਲੋੜ ਪਛਾਣ ਕਰਨ ਦੀ ਹੈ ਅਤੇ ਉਸ ਦੀ ਹੌਸਲਾ ਅਫ਼ਜ਼ਾਈ ਦੀ ਹੈ।

# ਮੋਦੀ ਜੀ, ਦੇਸ਼ ਦੇ ਕਿਸਾਨਾਂ ਨੂੰ ਅਜਿਹੀ ਸਜਾ ਦੇਵੋ ਕਿ ਉਹ ਯਾਦ ਰੱਖਣ

**- ਮਨਦੀਪ ਖੁਰਮੀ ਹਿੰਮਤਪੁਰਾ, ਗਲਾਸਗੋ**

ਪੰਜਾਬੀ ਦੀ ਕਹਾਵਤ ਹੈ ਕਿ 'ਉਹ ਕਹੇ ਪੂਰਾ ਤੋਲ ਤੇ ਉਹ ਕਹੇ ਥੜ੍ਹੇ ਨਾ ਚੜ੍ਹ।' ਭਾਰਤ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਨੂੰਨ ਕਿਸਾਨ ਪੱਖੀ ਕਹਿ ਕੇ ਪ੍ਰਚਾਰੇ ਗਏ। ਸਰਕਾਰ ਤੇ ਸਰਕਾਰੀ ਪਿਆਦਿਆਂ ਵੱਲੋਂ ਕਿਸਾਨਾਂ ਨੂੰ ਇਹ ਗੱਲ ਜਚਾਉਣ ਲਈ ਢੁੰਡਰੀ ਤੱਕ ਜ਼ੋਰ ਲਾਇਐ ਕਿ ਇਹ ਕਾਨੂੰਨ ਲਾਗੂ ਹੋ ਕੇ ਕਿਸਾਨ, ਕਿਸਾਨੀ ਦੀ ਕਾਇਆ ਕਲਪ ਕਰ ਦੇਣਗੇ। ਇਹ ਤਾਂ ਭਾਰਤ ਸਰਕਾਰ ਹੀ ਐ, ਜੋ ਕਿਸਾਨਾਂ ਬਾਰੇ ਐਨਾ ਸੋਚਦੀ ਐ...... ਐਨਾ ਸੋਚਦੀ ਐ ਕਿ ਨੀਂਦ ਨੀ ਆਉਂਦੀ, ਭੁੱਖ ਤ੍ਰੇਹ ਮਿਟੀ ਪਈ ਐ। ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਲੀ ਲਾਗੜ ਦੂਗੜ ਤੱਕ ਦੇ ਬੁਰਕੀ ਸੰਘੋਂ ਹੇਠਾਂ ਨੀ ਹੁੰਦੀ ਕਿ ਜੇ ਕਿਸਾਨ ਆਵਦੀ ਜ਼ਿੱਦ ਤੋਂ ਪਿਛਾਂਹ ਨਾ ਹਟੇ ਤਾਂ ਕਿਸਾਨ ਆਵਦੀ ਆਮਦਨ ਦੁੱਗਣੀ ਚੌਗਣੀ ਹੋਣ ਦਾ ਮੌਕਾ ਗੁਆ ਲੈਣਗੇ, ਜਿਵੇਂ ਹਰ ਖਾਤੇ ਵਿਚ 15-15 ਲੱਖ ਪੁਆਉਣ ਦਾ ਖੁੰਝਾ ਲਿਆ।

ਸੱਚ ਲਾਗੜ ਦੂਗੜ ਤੋਂ ਗੱਲ ਯਾਦ ਆਗੀ...... ਮਾਛੀਕਿਆਂ ਆਲੇ ਭੀਰੀ ਦੀ ਪੈਲੀ ਨਵੇਂ ਬਣਦੇ ਸ਼ੈਲਰ ਦੇ ਨਾਲ ਲਗਦੀ ਸੀ। ਸ਼ੈਲਰ ਵਾਲੇ ਅੰਬਾਨੀ ਅਡਾਨੀ ਵਰਗੇ ਗਊ ਦੇ ਜਾਏ, ਕਰਮੀ-ਧਰਮੀ, ਪੁੰਨ ਦਾਨ ਕਰਨ ਵਾਲੀਆਂ ਰੂਹਾਂ। ਗੱਲ ਮੁਕਾਓ ਕਿ ਪੈਸੇ ਵੱਲ ਤਾਂ ਝਾਕਦੇ ਈ ਨੀ ਸੀ ਅੰਬਾਨੀ ਅਡਾਨੀ ਵਾਂਗੂੰ। ਉਹ ਵੀ ਭੀਰੀ ਦੇ ਖੇਤ ਦਾ ਭਲਾ ਕਰਨ ਦੇ ਮਕਸਦ ਨਾਲ ਵੱਡੇ ਅਧਿਕਾਰੀਆਂ ਤੋਂ ਲੈ ਕੇ ਪੰਚੈਤਾਂ ਤੱਕ ਨੂੰ ਆਵਦੇ ਹੱਥ ਵਿਚ ਕਰਕੇ ਰੱਖਦੇ ਸਨ ਤਾਂ ਕਿ ਸ਼ੈਲਰ ਦੇ ਆਸੇ ਪਾਸੇ ਲਗਦੇ ਖੇਤਾਂ ਵਾਲਿਆਂ ਦਾ ਵੱਧ ਤੋਂ ਵੱਧ 'ਭਲਾ' ਕਰਕੇ ਅਖੀਰ ਵਿਚ ਉਹਨਾਂ ਕੋਲੋਂ ਪੈਲੀ ਖ਼ਰੀਦ ਕੇ ਕਿਸਾਨਾਂ ਨੂੰ ਮਾਲਾਮਾਲ ਕੀਤਾ ਜਾ ਸਕੇ। ਨਾਲ ਹੀ ਉਹਨਾਂ ਦੇ ਪਰਉਪਕਾਰੀ ਵਿਚਾਰ ਇਹ ਵੀ ਸਨ ਕਿ ਜਦੋਂ ਕਿਸਾਨ ਜ਼ਮੀਨ ਦੇ ਮਾਲਕ ਨਾ ਰਹਿ ਕੇ ਮਾਲਾਮਾਲ ਹੋ ਗਏ ਤਾਂ ਉਹਨਾਂ ਦੀ ਕਮਾਈ 'ਚ ਹੋਰ ਵਾਧਾ ਕਰਨ ਲਈ ਉਸੇ ਖ਼ਰੀਦੀ ਜ਼ਮੀਨ ਵਿਚ ਕੰਮ ਕਰਨ ਲਈ 'ਨੌਕਰੀ' ਵੀ ਦੇ ਦੇਣਗੇ। ਦਿੱਲੀ ਬੈਠੇ 'ਅਨਪੜ' ਕਿਸਾਨਾਂ ਵਰਗੇ ਉਹਨਾਂ ਪਿੰਡਾਂ ਦੇ ਕਿਸਾਨਾਂ ਨੂੰ ਕੌਣ ਸਮਝਾਵੇ ਕਿ ਪਹਿਲਾਂ ਤੁਸੀਂ ਐਨਾ ਸੰਦ-ਸੰਦੇੜਾ, ਰੇਹ ਸਪਰੇਹਾਂ, ਦਿਹਾੜੀਆਂ ਦੇ ਖ਼ਰਚੇ ਝੱਲਦੇ ਸੀ, ਹੁਣ ਤਾਂ ਸਾਰਾ ਝੰਜਟ ਈ ਖ਼ਤਮ..... ਸਿਰਫ਼ ਪੋਣੇ ਵਿਚ ਲਪੇਟ ਕੇ ਜਾਂ ਟਿਫ਼ਨ ਵਿਚ ਪਾ ਕੇ ਖਾਣ ਜੋਕਰੀ ਰੋਟੀ ਲਿਜਾਣ ਦਾ ਈ ਕੰਮ ਸੀ। ਹੁਣ ਅਨਪੜ ਕਿਸਾਨਾਂ ਨੂੰ ਕੌਣ ਸਮਝਾਵੇ ? ਭੀਰੀ ਦੇ ਨਾਲ ਲਗਦੇ ਸ਼ੈਲਰ ਵਾਲਿਆਂ ਨੇ ਪਹਿਲਾਂ ਤਾਂ ਕੰਧ ਈ ਭੀਰੀ ਵਾਲੇ ਪਾਸੇ ਕੱਢ ਲਈ ਤਾਂ ਕਿ ਭੀਰੀ ਕੱਚੀ ਵੱਟ ਘੜਨ ਦੇ ਝੰਜਟ ਤੋਂ ਖਹਿੜਾ ਛੁਡਾਵੇ। ਪਿੱਟ ਪਿੱਟ ਮਰ ਗਿਆ ਕਿਸੇ ਨੇ ਗੱਲ ਨਾ ਸੁਣੀ। ਫੇਰ ਜਦੋਂ ਝੋਨੇ 'ਚੋਂ ਚੌਲ ਕੱਢ ਕੇ ਬਾਕੀ ਬਚਦਾ ਤੂਤੜ ਕੰਧ 'ਤੋਂ ਡਿਗ ਕੇ ਸੌਖਿਆਂ ਹੀ 5-7 ਮਰਲੇ ਫ਼ਸਲ ਦਾ ਨਾਸ਼ ਮਾਰਨ ਲੱਗਿਆ ਤਾਂ ਉਹਨੂੰ ਕਿਸੇ ਨੇ ਦੱਸ ਪਾਈ ਕਿ ਆਪਣੇ ਪਿੰਡ ਆਲਾ ਘਤੋਤਰ ਸਿਉਂ ਵੀ ਸ਼ੈਲਰ ਵਾਲਿਆਂ ਨਾਲ ਬਾਹਵਾ ਬਹਿੰਦਾ ਉੱਠਦੇ। ਭੀਰੀ ਦੀ ਵੱਢੀ ਰੂਹ ਨਾ ਕਰੇ ਘਤੋਤਰ ਸਿਉਂ ਕੋਲ ਜਾਣ ਨੂੰ। ਤੋਮਰ ਨਾਲ ਹੋਈਆਂ ਮੀਟਿੰਗਾਂ ਅੰਗੂ ਭੀਰੀ ਵੀ ਪੰਚੈਤਾਂ ਨਾਲ 'ਬੈਠਕਾਂ' ਕਰਕੇ ਅੱਕਿਆ ਪਿਆ ਸੀ। ਪਤਾ ਭੀਰੀ ਨੂੰ ਵੀ ਸੀ ਕਿ ਘਤੋਤਰ ਸਿਉਂ ਆਲ਼ੀ ਬੈਠਕ 'ਚੋਂ ਵੀ ਲੱਕੜ ਦਾ ਮੁੰਡਾ ਈ ਮਿਲਣੈ, ਜਿਹੜਾ ਨਾ ਰੋਵੇ ਤੇ ਨਾ ਦੁੱਧ ਮੰਗੇ। ਅਖੀਰ ਭੀਰੀ ਵੀ ਆਸੇ ਪਾਸੇ ਲਗਦੇ ਖੇਤਾਂ ਵਾਲਿਆਂ ਦੀ ਵਹੀਰ ਲੈ ਕੇ ਘਤੋਤਰ ਦੇ ਦਰਾਂ 'ਚ ਇਉਂ ਜਾ ਖੜਿਆਂ ਜਿਵੇਂ ਦਿੱਲੀ ਦੀਆਂ ਸਰਹੱਦਾਂ 'ਤੇ ਪਿੰਡ ਪਿੰਡ ਦੇ ਕਿਸਾਨ ਖੜੇ ਬੈਠੇ ਨੇ। ਘਤੋਤਰ ਸਿਉਂ ਨਾਲ ਬੈਠਕ ਵੀ 'ਡੰਡ ਬੈਠਕ' ਹੋ ਨਿੱਬੜੀ। ਵਾਪਸ ਮੁੜਨ ਤੋਂ ਪਹਿਲਾਂ ਭੀਰੀ ਸਾਨ ਵਾਂਗੂੰ ਪੈਰਾਂ ਨਾਲ ਮਿੱਟੀ ਕੱਢਦਾ ਨਾਲੇ ਤਾਂ ਆਵਦੀ ਗੱਲ ਕਹਿ ਗਿਆ ਤੇ ਨਾਲੇ ਘਤੋਤਰ ਸਿਉਂ ਨੂੰ ਉਹਦੀ ਔਕਾਤ ਯਾਦ ਕਰਵਾ ਕੇ ਦੇਹਲੀਉਂ ਬਾਹਰ ਹੋ ਗਿਆ। ਹੁਣ ਤੁਸੀਂ ਸੋਚਦੇ ਹੋਵੋਗੇ ਕਿ ਭੀਰੀ ਐਹੋ ਜਿਹਾ ਕੀ ਕਹਿ ਆਇਆ ? ਲਓ ਸੁਣੋ, ਕਹਿੰਦਾ, 'ਘਤੋਤਰ ਸਿਆਂ, ਜ਼ਮੀਨ ਖ਼ਰੀਦਣ ਤੇ ਮਹਿੰਗਾ ਮੁੱਲ ਦੇਣ ਦੇ ਸੁਨੇਹੇ ਤੁਸੀਂ ਸਾਰੇ ਈ ਲਾਈ ਜਾਨੇ ਓ। ਜਦੋਂ ਅਸੀਂ ਖੀਰ ਖਾਣੀ ਈ ਨਹੀਂ, ਫੇਰ ਬੰਨ ਕੇ ਖੁਆਉਣ ਨੂੰ ਕਿਉਂ ਫਿਰਦੇ ਓ ? ਅਸੀਂ ਤਾਂ ਤੇਰੇ ਕੋਲ ਤਾਂ ਆਏ ਸੀ ਕਿ ਪੰਚੈਤਾਂ ਪੁਚੈਤਾਂ ਤਾਂ ਸ਼ੈਲਰ ਆਲ਼ਿਆਂ ਦੇ ਨਾਲੇ ਨਾਲ ਬੰਨੀਆਂ ਹੋਈਆਂ। ਸ਼ਾਇਦ ਤੇਰੇ ਅਰਗੀ ਲਾਗੜ ਦੂਗੜ ਦੀ ਗੱਲ ਈ ਸੁਣ ਲੈਣ ?'

**ਵਿਅੰਗ**

ਇਹੀ ਹਾਲ ਕਿਸਾਨ ਸੰਘਰਸ਼ ਨਾਲ ਵਾਪਰ ਰਿਹੈ। ਤੋਮਰ, ਸ਼ਾਹ ਤੇ ਹੋਰ ਪੰਚੈਤੀਆਂ ਅੱਗੇ ਤਾਂ 12-13 ਬੈਠਕਾਂ ਕਰਕੇ ਕਿਸਾਨ ਆਗੂਆਂ ਨੇ ਬਥੇਰਾ ਚਿਰ ਪੱਖ ਸੁਣਾ ਲਏ। ਮਾਣਯੋਗ ਪ੍ਰਧਾਨ ਸੇਵਕ ਜੀ, ਹੁਣ ਤਾਂ ਸਿਰਫ਼ ਥੋਡੇ ਵਰਗੀ ਲਾਗੜ ਦੂਗੜ ਅੱਗੇ ਇਹੀ ਬੇਨਤੀ ਕਰਨੀ ਬਾਕੀ ਰਹਿ ਗਈ ਕਿ ਇਹ ਪੀਜ਼ਿਆਂ ਦੇ ਲੰਗਰਾਂ ਵਾਲੇ, ਮਹਿੰਗੇ ਮਹਿੰਗੇ ਫ਼ੋਨ ਰੱਖਣ ਵਾਲੇ, ਮਹਿੰਗੇ ਬਰਾਂਡਾਂ ਦੇ ਲੀੜੇ ਪਾਉਣ ਵਾਲੇ, ਜਹਾਜ਼ਾਂ ਵਰਗੇ ਟਰੈਕਟਰਾਂ ਵਾਲੇ, ਲੱਖਾਂ ਦੀਆਂ ਕਾਰਾਂ ਜੀਪਾਂ ਵਾਲੇ ਕਿਸਾਨ ਤੁਹਾਡੇ ਪਰਉਪਕਾਰੀ ਸੁਭਾਅ ਤੋਂ ਅਣਜਾਣ ਹਨ। ਇਹਨਾਂ ਨੂੰ ਕੀ ਪਤੇ ਅਨਪੜ ਲਾਣੇ ਨੂੰ ਕਿ ਅੰਬਾਨੀ ਅਡਾਨੀ ਵਰਗੇ ਦਾਨੀ ਪੁਰਸ਼ ਤਾਂ ਯੁੱਗਾਂ ਬਾਅਦ ਪੈਦਾ ਹੁੰਦੇ ਹਨ। ਮੋਦੀ ਜੀ, ਇਹਨਾਂ ਨੂੰ ਖੇਤੀ ਕਾਨੂੰਨਾਂ ਦੀ ਅਹਿਮੀਅਤ ਦਾ ਕੀ ਪਤਾ ਭਲਾ ? ਇਹ ਕੀ ਜਾਣਨ ਕਿ ਤੁਸੀਂ ਤਾਂ ਇਹਨਾਂ ਦੀ ਕਮਾਈ 'ਚ ਦੁੱਗਣਾ ਚੌਗਣਾ ਵਾਧਾ ਕਰਨ ਲਈ ਅੰਬਾਨੀ ਅਡਾਨੀ ਵਰਗਿਆਂ ਦੇ ਪੈਰ ਚੱਟਣ ਤੱਕ ਗਏ ਹੋ। ਇਹਨਾਂ ਨੂੰ ਤਾਂ ਥੋਡੇ ਅਹਿਸਾਨਮੰਦ ਹੋਣਾ ਚਾਹੀਦੈ ਕਿ ਪ੍ਰਧਾਨ ਸੇਵਕ ਸੁੱਕ ਕੇ ਡੱਕਾ ਹੁੰਦਾ ਜਾ ਰਿਹਾ ਕਿਸਾਨੀ ਦੇ ਸੰਸੇ ਵਿਚ। ਪ੍ਰਧਾਨ ਸੇਵਕ ਜੀ ਕੋਲ ਤਾਂ ਦਾਹੜੀ ਮੁਨਵਾਉਣ ਦਾ ਟੈਮ ਹੈਨੀਂ, ਉਹ ਵੀ ਹੈਂਕੜ ਵਾਂਗੂੰ ਧੁੰਨੀ ਵੱਲ ਨੂੰ ਤੁਰੀ ਜਾਂਦੀ ਐ। ਪ੍ਰਧਾਨ ਸੇਵਕ ਜੀ, ਮੈਂ ਥੋਨੂੰ ਇੱਕ ਜੁਗਤ ਦੱਸਦਾ। ਇਹਨਾਂ ਅਮੀਰ ਤੇ ਅਨਪੜ ਕਿਸਾਨਾਂ ਨੂੰ ਜਿੰਨਾ ਪੁਲਿਸ ਕੋਲੋਂ ਕੁਟਵਾਉਗੇ, ਫ਼ੌਜ ਕੋਲੋਂ ਮਰਵਾਉਗੇ..... ਇਹਨਾਂ ਨੇ ਕੌੜੀ ਵੇਲ ਵਾਂਗੂੰ ਵਧਦੇ ਈ ਜਾਣੇ। ਮੱਥਿਆਂ 'ਚੋਂ ਵਗਦੀਆਂ ਤਤੀਰੀਆਂ, ਪਿੰਡੇ 'ਤੇ ਪਏ ਨੀਲ ਪਏ ਦੇਖ ਕੇ ਇਹਨਾਂ ਨੇ ਥੋਡੇ ਲਾਣੇ ਅੰਗੂੰ 'ਊਈ ਮੰਮੀ ਦਰਦ ਹੋਤਾ ਹੈ' ਨੀ ਕਹਿਣਾ। ਇਹਤਾਂ ਸਗੋਂ ਜੈਕਾਰੇ ਲਾਉਣਗੇ, ਲਲਕਰੇ ਮਾਰਨਗੇ। ਪਿੰਡਾਂ ਵਿਚੋਂ ਹੋਰ ਟਰਾਲੀਆਂ ਭਰ ਭਰ ਆਉਣਗੇ। ਕਿੰਨਿਆਂ ਕੁ ਨੂੰ ਮਾਰੋਗੇ ? ਤੁਸੀਂ ਤਾਂ ਆਵਦੇ ਲੱਠਮਾਰਾਂ, ਨਕਲੀ ਕਿਸਾਨਾਂ, ਸ਼ਹਿਰੀਆਂ ਕੋਲੋਂ ਹਾਤ-ਹੂਤ ਵੀ ਕਰਵਾ ਕੇ ਦੇਖ ਲਈ। ਪ੍ਰਧਾਨ ਸੇਵਕ ਜੀ, ਇਹਨਾਂ ਨੂੰ ਸੁਰਤ ਈ ਓਦੋਂ ਆਉਣੀ ਐ, ਜਦੋਂ ਖੇਤੀ ਕਾਨੂੰਨਾਂ ਨਾਲ ਹੋਣ ਵਾਲੇ 'ਫ਼ਾਇਦੇ' ਨਾ ਮਿਲੇ। ਫੇਰ ਪਿੱਟਣਗੇ, ਜਦੋਂ ਤੁਹਾਡੀ ਦੁੱਗਣੀ ਚੌਗਣੀ ਇਨਕਮ ਵਾਲਾ ਦਾਅ ਇਹਨਾਂ ਕੋਲੋਂ ਖੁੰਝ ਗਿਆ। ਚੁੱਪ ਕਰਕੇ ਖੇਤੀ ਕਾਨੂੰਨ ਕਰ ਦਿਓ ਰੱਦ ਤੇ ਮਰਨ ਦਿਓ ਇਨਾਂ ਨੂੰ ਭੁੱਖੇ। ਮੈਨੂੰ ਪਤੇ, ਅੰਬਾਨੀ ਅਡਾਨੀ ਤੁਹਾਨੂੰ ਜ਼ਰੂਰ ਖੰਡ ਪਾਉਣਗੇ ਕਿ ਤੁਸੀਂ ਉਹਨਾਂ ਨੂੰ 'ਦਾਨ-ਪੁੰਨ' ਕਰਨ ਦਾ ਮੌਕਾ ਨਹੀਂ ਦਿੱਤਾ। ਚਲੋ ਕੋਈ ਨਾ, ਉਹਨਾਂ ਕੋਲੋਂ ਮਾਫ਼ੀ ਮੰਗ ਆਇਓ। ਜਦੋਂ ਬੇਸ਼ਰਮਾਂ ਦੀ ਦਾਲ ਡੁੱਲ ਜਾਂਦੀ ਐ, ਭੁੰਜੇ ਡਿੱਗੀ ਵੀ ਖਾ ਈ ਲੈਂਦੇ ਹੁੰਦੇ ਆ। **ਜ਼ੋਰ ਸੇ ਬੋਲੋ, ਭਾਰਤ ਮਾਤਾ ਕੀ ਜੈ।**




# ਕਿਸਾਨ ਅੰਦੋਲਨ: ਹੁਣ ਫਿਰਕੂ ਪੱਤਾ ਖੇਡੇਗੀ ਮੋਦੀ ਸਰਕਾਰ

**- ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

ਪਿਛਲੇ ਪੰਜ ਮਹੀਨੇ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਇਸ ਵੇਲੇ ਜਨ ਅੰਦੋਲਨ ਬਣ ਚੁੱਕਾ ਹੈ। ਇਸ ਅੰਦੋਲਨ ਨੂੰ ਅਸਫਲ ਕਰਨ ਵਾਸਤੇ ਚੱਲੀਆਂ ਗਈਆਂ ਸਭ ਚਾਲਾਂ ਹੁਣ ਤਕ ਮਾਤ ਹੀ ਪੈਂਦੀਆਂ ਰਹੀਆਂ ਹਨ, ਜਿਸ ਕਰਕੇ ਇਹ ਅੰਦੋਲਨ ਭਾਰਤ ਦੀ ਫਰਿਕੂ ਸਰਕਾਰ ਦੀਆਂ ਅੱਖਾਂ ਵਿੱਚ ਕੰਡਾ ਬਣਕੇ ਰੜਕ ਰਿਹਾ ਹੈ।

ਅਸੀਂ ਜਾਣਦੇ ਹਾਂ ਕਿ ਜਦ ਫਰਿਕੂ ਲੋਕ ਬੁਖਲਾਹਟ ਵਿੱਚ ਆਉਂਦੇ ਹਨ ਤਾਂ ਉਹ ਆਪਣੀ ਬੁਖਲਾਹਟ ਉੱਤੇ ਕਾਬੂ ਪਾਉਣ ਵਾਸਤੇ ਫਿਰਕੂ ਪੱਤਾ ਵਰਤਦੇ ਹਨ। 26 ਜਨਵਰੀ ਤੋਂ ਬਾਅਦ ਇਹੀ ਕੁਝ ਸਾਹਮਣੇ ਆ ਰਿਹਾ ਹੈ। ਫ਼ੌਜੀ ਪਰੇਡ ਦੇ ਮੁਕਾਬਲੇ ਕਿਸਾਨ ਪਰੇਡ ਜਾਂ ਕਹਿ ਲਓ ਕਿ 'ਜੈ ਜਵਾਨ, ਜੈ ਕਿਸਾਨ' ਦਾ ਸੁਮੇਲ ਇਨਾਂ ਫਿਰਕੂਆਂ ਨੂੰ ਹਜ਼ਮ ਨਹੀਂ ਹੋ ਰਿਹਾ। ਇਹੀ ਕਾਰਨ ਹੈ ਕਿ ਤਿਰੰਗੇ ਦੇ ਅਪਮਾਨ ਦਾ ਬਹਾਨਾ ਬਣਾ ਕੇ ਦੇਸ਼ ਵਿੱਚ ਫ਼ਿਰਕਾ ਪ੍ਰਸਤੀ ਦੀ ਅੱਗ ਭੜਕਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਭਾਵੇਂ ਕਿ ਇਹ ਕੋਸ਼ਿਸ਼ਾਂ ਕਿਸਾਨਾਂ ਨੂੰ ਅੱਤਵਾਦੀ, ਵੱਖਵਾਦੀ, ਖਾਲਿਸਤਾਨੀ, ਨਕਸਲੀ ਤੇ ਮਾਓਵਾਦੀ ਆਦਿ ਦੇ ਲੇਬਲ ਦੇ ਕੇ ਕਾਫ਼ੀ ਦੇਰ ਤੋਂ ਕੀਤੀਆਂ ਜਾ ਰਹੀਆਂ ਹਨ ਪਰ 26 ਜਨਵਰੀ ਵਾਲੇ ਦਿਨ ਤੋਂ ਇਹ ਕੋਸ਼ਿਸ਼ਾਂ ਬੜੇ ਯੋਜਨਾਬੱਧ ਢੰਗ ਨਾਲ ਹੋਰ ਵੀ ਤੇਜ਼ ਕਰ ਦਿੱਤੀਆਂ ਗਈਆਂ ਹਨ।

ਫਿਰਕੂ ਟੋਲਾ ਪੁਲਿਸ ਵਰਦੀਆਂ ਵਿੱਚ ਸਰਗਰਮ ਹੈ। ਪੁਲਿਸ ਤੰਤਰ ਉਨਾਂ ਅੱਗੇ ਤਮਾਸ਼ਬੀਨ ਬਣਿਆ ਨਜ਼ਰ ਆ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਇਹ ਸਰਕਾਰੀ ਪੁਸ਼ਤ ਪਨਾਹੀ ਵਾਲਾ ਫਿਰਕੂ ਟੋਲਾ ਕੋਈ ਵੀ ਫਿਰਕੂ ਕਾਰਵਾਈ ਕਰਨ ਤੋਂ ਪਹਿਲਾਂ ਪੁਲਿਸ ਅਧਿਕਾਰੀਆਂ ਨਾਲ ਹੱਥ ਮਿਲਾ ਕੇ ਉਨਾਂ ਤੋਂ ਸਹਿਯੋਗ ਵੀ ਲੈਂਦਾ ਹੈ। ਸਿੰਘੂ, ਗਾਜ਼ੀਪੁਰ, ਟਿਕਰੀ ਤੇ ਕੁੰਡਲੀ 'ਤੇ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ ਉੱਤੇ ਕੀਤੇ ਗਏ ਫਿਰਕੂ ਹਮਲੇ ਅਤੇ ਹਿੰਸਾ ਦੀਆਂ ਵਾਰਦਾਤਾਂ ਸਰਕਾਰੀ ਤੰਤਰ ਦੀ ਮੌਜੂਦਗੀ ਵਿੱਚ ਹਿੰਸਾ ਦਾ ਨੰਗਾ ਨਾਚ ਪੇਸ਼ ਕਰ ਰਹੀਆਂ ਹਨ, ਜਿਨਾਂ ਨੂੰ ਦੇਖ ਕੇ ਨਵੰਬਰ 1984 ਦੇ ਸਿੱਖ ਕਤਲੇਆਮ ਦਾ ਸੀਨ ਅੱਖਾਂ ਅੱਗੇ ਇੱਕ ਵਾਰ ਫਿਰ ਤੋਂ ਘੁੰਮ ਜਾਂਦਾ ਹੈ। ਓਹੀ ਫਿਰਕੂ ਨਾਅਰੇ 'ਗੋਲੀ ਮਾਰੋ ਸਰਦਾਰ ਕੋ, ਦੇਸ਼ ਕੇ ਗ਼ੱਦਾਰ ਕੋ', ਓਹੀ ਪਥਰਾਓ, ਡਾਂਗਾਂ ਸੋਟੇ, ਪੈਟਰੋਲ ਬੰਬ ਤੇ ਓਹੀ ਫਿਰਕੂ ਲੋਕ ਦੇਖ ਕੇ ਇੱਕ ਵਾਰ ਫੇਰ ਰੂਹ ਕੰਬ ਜਾਂਦੀ ਹੈ, ਪਰ ਅਗਲੇ ਹੀ ਪਲ ਸੋਚਦਾ ਹਾਂ ਕਿ ਨਹੀਂ, 21ਵੀਂ ਸਦੀ ਵਿੱਚ ਹੁਣ ਦੁਬਾਰਾ ਇਹ ਨਹੀਂ ਹੋ ਸਕਦਾ। 1984 ਵੇਲੇ ਸੋਸ਼ਲ ਮੀਡੀਆ ਨਹੀਂ ਸੀ, ਇਸ ਸਮੇਂ ਸੋਸ਼ਲ ਮੀਡੀਆ ਲੋਕਾਂ ਦੀ ਵੱਡੀ ਤਾਕਤ ਹੈ ਜੋ ਦੂਸਰੇ ਸਭ ਤਰਾਂ ਦੇ ਪੱਖਪਾਤੀ ਮੀਡੀਏ ਨਾਲੋਂ ਵਧੇਰੇ ਤਾਕਤਵਰ ਹੈ। ਇਸ ਰਾਹੀਂ ਖ਼ਬਰ ਜੰਗਲ਼ ਦੀ ਅੱਗ ਨਾਲ਼ੋਂ ਵਧੇਰੇ ਤੇਜ਼ੀ ਨਾਲ ਫੈਲਦੀ ਹੈ। ਪਰ ਫਿਰ ਅਗਲੇ ਪਲ ਇਹ ਵੀ ਸੋਚਦਾ ਹਾਂ ਕਿ ਉਸ ਵੇਲੇ ਕਰਫ਼ਿਊ ਲਗਾ ਕੇ ਲੋਕਾਂ ਨੂੰ ਘਰਾਂ ਵਿੱਚ ਡੱਕ ਕੇ ਉਨਾਂ ਜ਼ਬਾਨਬੰਦੀ ਕਰ ਦਿੱਤੀ ਜਾਂਦੀ ਸੀ ਤੇ ਇਸ ਵੇਲੇ ਇੰਟਰਨੈੱਟ ਸੇਵਾ ਡਾਊਨ ਕਰਕੇ ਲੋਕਾਂ ਦਾ ਪੂਰੀ ਦੁਨੀਆ ਨਾਲੋਂ ਨਾਤਾ ਤੋੜ ਦੇਣਾ ਤਾਂ ਕਰਫ਼ਿਊ ਨਾਲੋਂ ਵੀ ਅਸਾਨ ਤੇ ਖ਼ਤਰਨਾਕ ਹੈ। ਤੇ ਫਿਰਕੂ ਸਰਕਾਰ ਇਸ ਦੀ ਵਰਤੋਂ ਕਰ ਵੀ ਰਹੀ ਹੈ। ਪਿਛਲੇ ਕਈ ਦਿਨਾਂ ਤੋਂ ਹਰਿਆਣੇ ਦੇ ਕਈ ਸ਼ਹਿਰਾਂ ਵਿੱਚ ਇੰਟਰਨੈੱਟ ਸੇਵਾ ਸਰਕਾਰ ਵੱਲੋਂ ਠੱਪ ਕੀਤੀ ਹੋਈ ਹੈ।



ਦਿੱਲੀ ਦੇ ਬਾਰਡਰਾਂ 'ਤੇ ਆਪਣੀਆਂ ਜਾਇਜ਼ ਮੰਗਾਂ ਦੇ ਹੱਕ ਵਿੱਚ ਡਟੇ ਕਿਸਾਨਾਂ ਉੱਤੇ ਫਿਰਕੂ ਹਿੰਸਾ ਕਰਨ, ਸਰਕਾਰ ਵੱਲੋਂ ਉਨਾਂ ਦੇ ਆਗੂਆਂ ਉੱਤੇ ਪਰਚੇ ਦਰਜ ਕਰਨ ਤੇ ਤਿੰਨ ਕੁ ਹਜ਼ਾਰ ਦੇ ਲਗਭਗ ਨੌਜਵਾਨਾਂ ਨੂੰ ਦਿੱਲੀ ਦੀਆਂ ਜੇਲਾਂ ਵਿੱਚ ਚੋਰੀ ਛਿਪੇ ਢੰਗ ਨਾਲ ਬੰਦ ਕਰਨ ਤੋਂ ਬਾਅਦ ਕੇਂਦਰ ਸਰਕਾਰ ਹੁਣ ਕਿਸਾਨ ਅੰਦੋਲਨ ਨੂੰ ਲੈ ਕੇ ਪੂਰੇ ਮੁਲਕ ਵਿੱਚ ਫਿਰਕੂ ਲਾਂਬੂ ਲਾਉਣ ਦੀ ਯੋਜਨਾ ਬਣਾ ਰਹੀ ਹੈ। ਅੱਜ ਲੁਧਿਆਣੇ ਵਿੱਚ ਭਾਜਪਾਈਆਂ ਵੱਲੋਂ ਫਿਰਕੂ ਮੁਜ਼ਾਹਰਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਪੰਜਾਬ ਪੁਲਿਸ ਨੇ ਥਾਏਂ ਹੀ ਰੋਕ ਦਿੱਤਾ। ਇਸੇ ਤਰਾਂ ਹੋਰ ਸ਼ਹਿਰਾਂ ਵਿੱਚ ਵਿੱਚ ਵੀ ਫਿਰਕੂ ਅੱਗ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਭਾਜਪਾਈ ਨੇਤਾ ਅੱਗ ਲਾਊ ਬਿਆਨ ਦੇ ਰਹੇ ਹਨ। ਸੋਸ਼ਲ ਮੀਡੀਏ ਉੱਤੇ ਕਿਸਾਨਾਂ ਵਿਰੁੱਧ ਪ੍ਰਚਾਰ ਕਰਨ ਵਿੱਚ ਤੇਜ਼ੀ ਆਈ ਹੈ।

ਗੱਲ ਕੀ, ਹੁਣ ਕਿਸਾਨ ਅੰਦੋਲਨ ਨੂੰ ਹਿੰਦੂ ਤੇ ਸਿੱਖ ਅੰਦੋਲਨ ਦੇ ਨਾਲ ਨਾਲ ਸਿਆਸੀ ਅੰਦੋਲਨ ਵਿੱਚ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਨਾਂ ਤੋਂ ਕਿਸਾਨ ਆਗੂਆਂ ਨੂੰ ਤੇ ਕਿਸਾਨ ਅੰਦੋਲਨਕਾਰੀਆਂ ਨੂੰ ਬਹੁਤ ਹੀ ਚੌਕੰਨੇ ਰਹਿਣਾ ਪਵੇਗਾ। ਸਰਕਾਰੀ ਸ਼ਹਿ ਪ੍ਰਾਪਤ ਫਿਰਕੂਆਂ ਵੱਲੋਂ ਅੰਦੋਲਨਕਾਰੀਆਂ ਨੂੰ ਵੱਖ ਵੱਖ ਢੰਗਾਂ ਨਾਲ ਭੜਕਾਇਆ ਜਾਵੇਗਾ ਪਰ ਅੰਦੋਲਨਕਾਰੀਆਂ ਨੇ ਸ਼ਾਂਤੀ ਬਣਾਈ ਰੱਖਣੀ ਹੈ। ਜੇਕਰ ਉਨਾਂ ਉੱਤੇ ਕੋਈ ਹਿੰਸਾ ਕਰਦਾ ਹੈ ਤਾਂ ਹਮਲਾਵਰ ਹੋਣ ਦੀ ਬਜਾਏ ਆਪਣੀ ਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ। ਯਾਦ ਰੱਖਣਾ ਹੋਵੇਗਾ ਕਿ ਸਰਕਾਰੀ ਪ੍ਰਚਾਰ ਤੰਤਰ ਸਿਰਫ਼ ਕਿਸਾਨ ਅੰਦੋਲਨ ਦੀਆਂ ਗ਼ਲਤੀਆਂ ਦੀ ਪੇਸ਼ਕਾਰੀ ਕਰਨ ਵਾਸਤੇ ਹੀ ਸਰਗਰਮ ਹੈ, ਉਨਾਂ ਲੋਕਾਂ ਨੂੰ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਚੰਗੇ ਕਾਰਜਾਂ ਨਾਲ ਬਿਲਕੁਲ ਵੀ ਕੋਈ ਸਰੋਕਾਰ ਨਹੀਂ। ਅੰਦੋਲਨ ਦਾ ਇਹ ਪੜਾਅ ਜਿਸ ਨੂੰ 26 ਜਨਵਰੀ ਵਾਲੇ ਦਿਨ ਫਿਰਕੂ ਤਾਕਤਾਂ ਕਾਰਨ ਥੋੜਾ ਧੱਕਾ ਜ਼ਰੂਰ ਲੱਗਾ ਸੀ, ਪਰ ਸ਼ੁਕਰ ਹੈ ਕਿ ਰਾਕੇਸ਼ ਟਿਕੈਟ ਦੇ ਸਹੀ ਸਮੇਂ ਲਏ ਗਏ ਸਹੀ ਫ਼ੈਸਲੇ ਨਾਲ ਅੰਦੋਲਨ ਮੁੜ ਪੈਰੀਂ ਖੜ ਗਿਆ ਹੈ ਤੇ ਹੁਣ ਇਸ ਨੂੰ ਕਿਸੇ ਵੀ ਤਰਾਂ ਦੀ ਆਂਚ ਨਾ ਆਵੇ, ਇਸ ਗੱਲ ਨੂੰ ਪੱਕਾ ਆਪਾਂ ਸਭਨਾਂ ਨੇ ਆਪੋ ਆਪਣਾ ਸਹਿਯੋਗ ਦੇ ਕੇ ਕਰਨਾ ਹੈ। ਰਹੀ ਗੱਲ ਫਿਰਕੂ ਸਰਕਾਰ ਦੇ ਫਿਰਕੂ ਪੱਤੇ ਦੀ, ਉਸ ਬਾਰੇ ਇੰਨਾ ਹੀ ਕਹਿਣਾ ਬਣਦਾ ਹੈ ਕਿ ਭਾਵੇਂ ਇਹ ਖੇਡ ਹੁਣ ਬਹੁਤ ਪੁਰਾਣਾ ਹੋ ਚੁੱਕਾ ਹੈ ਤੇ ਲੋਕਾਂ ਨੂੰ ਇਸਦਾ ਪਤਾ ਲੱਗ ਚੁੱਕਾ ਹੈ ਪਰ ਤਦ ਵੀ ਇਸ ਪੱਖੋਂ ਅਵੇਸਲੇ ਹੋਣ ਦੀ ਬਜਾਏ ਕਿਸਾਨਾਂ ਨੂੰ ਆਪਣੀ ਵੱਡੀ ਤਿਆਰੀ ਰੱਖਣੀ ਚਾਹੀਦੀ ਹੈ ਕਿਉਂਕਿ ਆਉਣ ਵਾਲੇ ਦਿਨਾਂ ਵਿੱਚ ਹੁਣ ਭਾਜਪਾ ਸਰਕਾਰ ਕੋਲ ਇਹੀ ਇੱਕ ਹਥਿਆਰ ਹੈ ਜਿਸ ਦੀ ਵਰਤੋਂ ਵਾਰ ਵਾਰ ਕਰਕੇ ਸਰਕਾਰ ਅੰਦੋਲਨ ਦੀ ਦਿਸ਼ਾ ਬਦਲਣ ਦੀ ਕੋਸ਼ਿਸ਼ ਕਰੇਗੀ ਤੇ ਇਸ ਨੂੰ ਇੱਕ ਫਿਰਕੂ ਅੰਦੋਲਨ ਜਾਂ ਸਿਆਸੀ ਅੰਦੋਲਨ ਵਜੋਂ ਬਦਨਾਮ ਕਰਕੇ ਖ਼ਤਮ ਕਰਨ ਦੀ ਪੂਰੀ ਵਾਹ ਲਾਏਗੀ। ਬੇਸ਼ੱਕ ਕਿਸਾਨਾਂ ਦਾ ਪਹਿਲਾਂ ਹੀ ਬਹੁਤ ਵੱਡਾ ਇਮਤਿਹਾਨ ਹੋ ਰਿਹਾ ਹੈ, ਪਰ ਹੁਣ ਇਹ ਗੱਲ ਵੀ ਦਿਲੋਂ ਦਿਮਾਗ਼ ਵਿੱਚ ਬਿਠਾ ਕਿ ਰੱਖਣੀ ਹੋਵੇਗੀ ਕਿ ਅਸਲ ਇਮਤਿਹਾਨ ਤਾਂ ਹੁਣ ਸ਼ੁਰੂ ਹੋਇਆ ਹੈ, ਪਹਿਲਾਂ ਤਾਂ ਸਿਰਫ਼ ਟ੍ਰੇਲਰ ਹੀ ਚੱਲ ਰਿਹਾ ਸੀ। ਜੇਕਰ ਕਿਤੇ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਇਸ ਸਮੇਂ ਆਪਣੇ ਆਪ ਨੂੰ ਇੱਕ ਝੰਡੇ ਹੇਠ ਸੰਗਠਿਤ ਕਰ ਲੈਣ ਤਾਂ ਇਹ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਹੋਵੇਗੀ। ਇਸ ਤਰਾਂ ਸੰਘਰਸ਼ ਨੂੰ ਮਜ਼ਬੂਤੀ ਵੀ ਮਿਲੇਗੀ ਤੇ ਮੋਰਚਾ ਫ਼ਤਿਹ ਕਰਨ ਦਾ ਰਸਤਾ ਵੀ ਅਸਾਨ ਹੋ ਜਾਵੇਗਾ।



# ‘ਅੰਤਾਂ ਦੇ ਤਸ਼ੱਦਦ ਨਾਲ ਮੇਰੇ ਤੋਂ ਕੋਰੇ ਕਾਗ਼ਜ਼ ਤੇ ਦਸਤਖ਼ਤ ਕਰਵਾਏ’ ਜੱਗੀ ਜੌਹਲ ਨੇ ਕੀਤਾ ਖ਼ੁਲਾਸਾ

## ✪ ਜੌਹਲ ’ਤੇ ਸੱਜੇ ਪੱਖੀ ਹਿੰਦੂ ਆਗੂਆਂ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਇਲਜ਼ਾਮ ✪ ਮੁਕੱਦਮੇ ਦਾ ਲੰਬਾ ਚੱਲਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਜੋਹਲ ਦੇ ਵਕੀਲ ਮੰਝਪੁਰ ਨੇ ਕਿਹਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਡੰਬਰਟਨ ਤੋਂ ਆਏ ਜਗਤਾਰ ਸਿੰਘ ਜੌਹਲ ਨੂੰ ਭਾਰਤ ਦੇ ਅੱਤਵਾਦ ਰੋਕੂ ਕਾਨੂੰਨ ਤਹਿਤ ਹਿਰਾਸਤ ਵਿੱਚ ਰੱਖਿਆ ਗਿਆ ਹੈ। ਸਕਾਟਲੈਂਡ ਦੇ ਰਹਿਣ ਵਾਲੇ ਜਗਤਾਰ ਸਿੰਘ ਜੌਹਲ ਜੋ ਕਿ ਅਪਰਾਧ ਸਾਬਤ ਹੋਏ ਬਿਨਾਂ ਹੀ ਤਿੰਨ ਸਾਲਾਂ ਤੋਂ ਭਾਰਤੀ ਜੇਲ ’ਚ ਬੰਦ ਹੈ, ਨੇ ਦੱਸਿਆ ਕਿ ਉਸ ਤੋਂ ਕੋਰੇ ਹਲਫ਼ੀਆ ਬਿਆਨ ਵਾਲੇ ਕਾਗ਼ਜ਼ ਉੱਤੇ ਹਸਤਾਖ਼ਰ ਕਰਵਾਉਣ ਲਈ ਤਸ਼ੱਦਦ ਢਾਹੇ ਗਏ। ਜੌਹਲ ਨੂੰ ਭਾਰਤ ਦੇ ਅੱਤਵਾਦ ਵਿਰੋਧੀ ਕਾਨੂੰਨਾਂ ਤਹਿਤ ਹਿਰਾਸਤ ਵਿੱਚ ਰੱਖਿਆ ਗਿਆ ਹੈ, ਉਨਾਂ ’ਤੇ ਸੱਜੇ ਪੱਖੀ ਹਿੰਦੂ ਆਗੂਆਂ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਇਲਜ਼ਾਮ ਹੈ।

ਅਦਾਲਤੀ ਦਸਤਾਵੇਜ਼ ਵਿੱਚ ਇਲਜ਼ਾਮ ਹੈ ਕਿ ਉਨਾਂ ਨੇ ਇਸ ਅਪਰਾਧ ਨੂੰ ਅੰਜਾਮ ਦੇਣ ਲਈ ਪੈਸਿਆਂ ਦੀ ਮਦਦ ਕੀਤੀ ਤੇ ਮੰਨਿਆ ਕਿ ਉਹ ਖਾੜਕੂ ਜਥੇਬੰਦੀ ਦੇ ਮੈਂਬਰ ਸਨ। ਜੌਹਲ ਨੇ ਆਪਣੇ ਵਕੀਲ ਜਰੀਏ ਦੱਸਿਆ ਉਨਾਂ ਨੂੰ ‘ਝੂਠਾ ਫਸਾਇਆ ਜਾ ਰਿਹਾ ਹੈ।’ 33 ਸਾਲਾਂ ਦੇ ਜੌਹਲ ਨੇ ਕਿਹਾ ਕਿ ਉਸ ਨੂੰ ਇੱਕ ਕੋਰੇ ਇਕਰਾਰਨਾਮੇ ’ਤੇ ਦਸਤਖ਼ਤ ਕਰਨ ਲਈ ਸਰੀਰਕ ਤਸ਼ੱਦਦ ਦਿੱਤੇ ਗਏ ਅਤੇ ਇੱਕ ਵੀਡੀਓ ਰਿਕਾਰਡ ਕਰਨ ਲਈ ਦਬਾਅ ਪਾਇਆ ਗਿਆ ਜਿਸ ਨੂੰ ਭਾਰਤੀ ਟੈਲੀਵਿਜ਼ਨ ’ਤੇ ਪ੍ਰਸਾਰਿਤ ਕੀਤਾ ਗਿਆ ਸੀ। ਉਨਾਂ ਨੇ ਆਪਣੇ ਵਕੀਲ ਰਾਹੀਂ ਕਿਹਾ, ‘ਉਨਾਂ ਨੇ ਅੰਤਾਂ ਦੇ ਤਸ਼ੱਦਦ ਦੇ ਡਰ ’ਚ ਮੇਰੇ ਤੋਂ ਕੁਝ ਖ਼ਾਲੀ ਕਾਗ਼ਜ਼ਾਂ ’ਤੇ ਦਸਤਖ਼ਤ ਕਰਵਾਏ ਅਤੇ ਕੈਮਰੇ ਮੂਹਰੇ ਕੁਝ ਲਾਈਨਾਂ ਬੋਲਣ ਲਈ ਕਿਹਾ’

ਜੌਹਲ ਦੀ ਕਾਨੂੰਨੀ ਟੀਮ ਨੇ ਨਵੰਬਰ 2017 ਵਿੱਚ ਉਨਾਂ ਦੀ ਗ੍ਰਿਫ਼ਤਾਰੀ ਤੋਂ ਥੋੜੀ ਦੇਰ ਬਾਅਦ ਇੱਕ ਹੱਥ ਲਿਖਤ ਪੱਤਰ ਵਿੱਚ ਜੋ ਕਿਹਾ ਸੀ, ਉਸ ਦੀ ਇੱਕ ਕਾਪੀ ਵੀ ਸਾਂਝੀ ਕੀਤੀ। ਇਸ ਪੱਤਰ ਵਿੱਚ ਤਸ਼ੱਦਦ ਕਿਵੇਂ ਵਾਪਰਿਆ ਦੇ ਇਲਜ਼ਾਮਾਂ ਦਾ ਵੇਰਵਾ ਦਿੱਤਾ ਗਿਆ ਹੈ।

**ਜੇਲ ’ਚ ਤਸ਼ੱਦਦ ਦੇ ਇਲਜ਼ਾਮ**

ਪੱਤਰ ਵਿੱਚ ਕਿਹਾ ਗਿਆ ਹੈ, “‘ਮੇਰੇ ਕੰਨਾਂ ਦੀ ਪੇਪੜੀ, ਨਿਪਲਾਂ ਅਤੇ ਅੰਦਰੂਨੀ ਹਿੱਸਿਆਂ ’ਤੇ ਕਰੋਕੋਡਾਈਲ ਕਲਿੱਪ ਲਗਾ ਕੇ ਬਿਜਲੀ ਦੇ ਝਟਕੇ ਦਿੱਤੇ ਗਏ। ਹਰ ਰੋਜ਼ ਕਈ ਝਟਕੇ ਦਿੱਤੇ ਜਾਂਦੇ ਸਨ। ਦੋ ਲੋਕ ਮੇਰੀਆਂ ਲੱਤਾਂ ਫੈਲਾਉਂਦੇ ਸਨ, ਦੂਜਾ ਚਪੇੜ ਮਾਰਦਾ ਅਤੇ ਮੈਨੂੰ ਪਿੱਛੋਂ ਮਾਰਦਾ ਅਤੇ ਬਿਜਲੀ ਦੇ ਝਟਕੇ ਬੈਠੇ ਹੋਏ ਅਧਿਕਾਰੀਆਂ ਦੁਆਰਾ ਦਿੱਤੇ ਜਾਂਦੇ। ਕਈ ਸਥਿਤੀਆਂ ਵਿੱਚ ਮੈਨੂੰ ਤੁਰਨ ਜੋਗਾ ਵੀ ਨਾ ਛੱਡਿਆ ।

ਭਾਰਤੀ ਅਧਿਕਾਰੀਆਂ ਨੇ ਇਸ ਤੋਂ ਸਾਫ਼ ਤੌਰ ’ਤੇ ਇਨਕਾਰ ਕੀਤਾ ਅਤੇ ਕਿਹਾ, ‘ਜਿਸ ਤਰਾਂ ਦੇ ਦੁਰ-ਵਿਵਹਾਰ ਜਾਂ ਤਸ਼ੱਦਦ ਦੇ ਇਲਜ਼ਾਮ ਲਗਾਏ ਗਏ ਹਨ ਉਨਾਂ ਦਾ ਕੋਈ ਵੀ ਸਬੂਤ ਨਹੀਂ ਹੈ।’

ਉਨਾਂ ਦਾ ਭਰਾ ਗੁਰਪ੍ਰੀਤ ਸਿੰਘ ਜੌਹਲ ਯਾਦ ਕਰਦਾ ਹੈ, ‘ਜਦੋਂ ਜੌਹਲ ਪੰਜਾਬ ਵਿੱਚ ਆਪਣੀ ਪਤਨੀ ਨਾਲ ਖ਼ਰੀਦਦਾਰੀ ਕਰ ਰਹੇ ਸਨ, ਪੁਲਿਸ ਦੁਆਰਾ ਫੜ ਲਏ ਗਏ ਅਤੇ ਉਸ ਦੇ ਬਾਅਦ ਤੋਂ ਨਜ਼ਰਬੰਦ ਹਨ।

**ਸਿੱਖਾਂ ਖ਼ਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ**

ਉਨਾਂ ਦਾ ਭਰਾ ਗੁਰਪ੍ਰੀਤ ਜੋ ਸਕੌਟਲੈਂਡ ਵਾਸੀ ਹੈ, ਨੇ ਦੱਸਿਆ, ਜੌਹਲ ਇੱਕ ਸ਼ਾਂਤਮਈ ਕਾਰਕੁਨ ਸੀ ਅਤੇ ਮੰਨਦੇ ਹਨ ਕਿ ਉਨਾਂ ਨੂੰ ਭਾਰਤ ਵਿੱਚ ਸਿੱਖਾਂ ਖ਼ਿਲਾਫ਼ ਹੋਈ ਇਤਿਹਾਸਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਲਿਖਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ।

ਗੁਰਪ੍ਰੀਤ ਕਹਿੰਦੇ ਹਨ, ‘ਉਸ ਨੂੰ ਨਿਸ਼ਾਨਾ ਬਣਾਇਆ ਗਿਆ । ਮੈਂ ਮੰਨਦਾ ਹਾਂ ਕਿ ਜਦੋਂ ਇੱਕ ਵਾਰ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਉਹ ਬੇਕਸੂਰ ਸਾਬਤ ਹੋ ਜਾਵੇਗਾ।’

ਭਾਰਤੀ ਅਧਿਕਾਰੀਆਂ ਦੀਆਂ ਚਾਰਜ ਸੀਟਾਂ ਵਿੱਚ ਜੌਹਲ ਅਤੇ ਕੁਝ ਖਾੜਕੂਆਂ ਦੇ ਇੱਕ ਜਥੇ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ, ਜਿਨਾਂ ਬਾਰੇ ਉਹ ਮੰਨਦੇ ਹਨ ਉਹ ਕਿ ਸੱਜੇ ਪੱਖੀ ਹਿੰਦੂ ਆਗੂਆਂ ਦੇ ‘ਲੜੀਵਾਰ ਕਤਲਾਂ’ ਵਿੱਚ ਸ਼ਾਮਲ ਸਨ। ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜੌਹਲ ਖਾਲਿਸਤਾਨ ਲਿਬਰੇਸ਼ਨ ਫ਼ਰੰਟ ਦੇ ਮੈਂਬਰ ਸਨ। ਉਨਾਂ ’ਤੇ ਅਪਰਾਧ ਲਈ ਵਿੱਤੀ ਮਦਦ ਕਰਨ ਵਾਸਤੇ ਕੇਐੱਲਐੱਫ ਦੇ ਸਾਬਕਾ ਮੁਖੀ ਨੂੰ 3000 ਪੌਂਡ ਦੇਣ ਦਾ ਇਲਜ਼ਾਮ ਹੈ। ਦਸਤਾਵੇਜ਼ਾਂ ਵਿੱਚ ਦਾਅਵਾ ਕੀਤਾ ਗਿਆ ਹੈ, ‘ਉਨਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਉਨਾਂ ਨੂੰ ਸਾਜ਼ਿਸ਼ ਬਾਰੇ ਪੂਰੀ ਜਾਣਕਾਰੀ ਸੀ।’



**ਮੁਕੱਦਮੇ ਦਾ ਲੰਬਾ ਚੱਲਣਾ- ਇੱਕ ਚਿੰਤਾ**

ਜੌਹਲ ਦੇ ਵਕੀਲ ਜਸਪਾਲ ਸਿੰਘ ਮੰਝਪੁਰ ,ਜੋ ਜੌਹਲ ਦੀ ਗ੍ਰਿਫ਼ਤਾਰੀ ਦੇ ਬਾਅਦ ਤੋਂ ਉਨਾਂ ਦੀ ਪ੍ਰਤੀਨਿਧਤਾ ਕਰ ਰਹੇ ਹਨ, ਨੇ ਦੱਸਿਆ ਕਿ ਜਿਸ ਤਰਾਂ ਭਾਰਤੀ ਕਾਨੂੰਨ ਪ੍ਰਣਾਲੀ ਤਹਿਤ ਮਾਮਲਾ ਲੰਬਾ ਖਿੱਚਦਾ ਜਾ ਰਿਹਾ ਹੈ, ਉਹ ਉਸ ਤੋਂ ਚਿੰਤਤ ਸਨ। ਮੰਝਪੁਰ ਨੇ ਕਿਹਾ, ‘ਜਗਤਾਰ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਹਿਰਾਸਤ ਵਿੱਚ ਹੈ। ਆਮ ਤੌਰ ‘ਤੇ ਜੇ ਪੈਰਵੀ ਕਰਨ ਵਾਲੇ ਚਾਹੁਣ ਤਾਂ ਉਹ ਇੰਨੇ ਸਮੇਂ ਵਿੱਚ ਮਾਮਲਾ ਨਿਬੇੜ ਸਕਦੇ ਹਨ।’

ਮੰਝਪੁਰ ਦਾ ਕਹਿਣਾ ਹੈ ਅਧਿਕਾਰੀਆਂ ਨੇ ਹਾਲੇ ਉਨਾਂ ਦੇ ਮੁਵੱਕਲ ਦੇ ਅਪਰਾਧ ਨਾਲ ਸਬੰਧਤ ਕੋਈ ਵੀ ਸਬੂਤ ਮੁਹੱਈਆ ਨਹੀਂ ਕਰਵਾਇਆ ਹੈ। ਉਨਾਂ ਡਰ ਜ਼ਾਹਿਰ ਕੀਤਾ ਕਿ ਉਸ ਨੂੰ ਦੋਸ਼ੀ ਠਹਿਰਾਇਆ ਜਾਵੇਗਾ, ਹਾਲਾਂਕਿ, ਅਧਿਕਾਰੀਆਂ ਨੇ ਇੰਨਾ ਇਲਜ਼ਾਮਾਂ ਨੂੰ ਖ਼ਾਰਜ ਕੀਤਾ ਹੈ। ਕੁਝ ਹਫ਼ਤੇ ਪਹਿਲਾਂ ਜੌਹਲ ’ਤੇ ਇੱਕ ਹੋਰ ਅਪਰਾਧ ਵਿੱਚ ਸ਼ਾਮਿਲ ਹੋਣ ਦੇ ਇਲਜ਼ਾਮ ਲਗਾਏ ਗਏ। ਜੇਲ ਵਿੱਚ ਹੁੰਦਿਆਂ ਹੀ ਉਨਾਂ ਨੂੰ ਅਕਤੂਬਰ 2020 ਵਿੱਚ ਇੱਕ ਵਿਅਕਤੀ ਦੇ ਕਤਲ ਦੀ ਸਾਜ਼ਿਸ਼ ਘੜਨ ਵਿੱਚ ਮਦਦ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ।

ਮੰਝਪੁਰ ਦਾ ਕਹਿਣਾ ਹੈ, ‘ਉਹ ਇੱਕ ਸਖ਼ਤ ਸੁਰੱਖਿਆ ਵਾਲੀ ਜੇਲ ਵਿੱਚ ਹਨ, ਉਹ 24 ਘੰਟੇ ਸੀ ਸੀ ਟੀਵੀ ਕੈਮਰਿਆਂ ਦੀ ਨਿਗਰਾਨੀ ਵਿੱਚ ਹਨ। ਉਹ ਕਿਸੇ ਨਾਲ ਵੀ ਕਿਵੇਂ ਰਾਬਤਾ ਕਰ ਸਕਦੇ ਹਨ ?’

ਜਗਤਾਰ ਜੌਹਲ ਨੂੰ ਆਖ਼ਰੀ ਵਾਰ ਇਸ ਮਹੀਨੇ ਦੇ ਸ਼ੁਰੂ ਵਿੱਚ ਦਿੱਲੀ ਦੀ ਅਦਾਲਤ ਵਿੱਚ ਦੇਖਿਆ ਗਿਆ ਸੀ। ਉਨਾਂ ਦਾ ਦਾਅਵਾ ਹੈ ਕਿ ਉਨਾਂ ਨੂੰ ਅਕਸਰ ਇਕੱਲੇ ਕੈਦ ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਉਸ ਨੂੰ ਉਹ ਸਹੂਲਤਾਂ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ ਜੋ ਹੋਰਨਾਂ ਕੈਦੀਆਂ ਨੂੰ ਦਿੱਤੀਆਂ ਜਾਂਦੀਆਂ ਹਨ, ਜਿਵੇਂ ਕਿ ਗਰਮ ਪਾਣੀ। ਉਹ ਕਹਿੰਦੇ ਹਨ, ‘ਅਜਿਹੀਆਂ ਸਥਿਤੀਆਂ ਵਿੱਚ ਰੱਖਕੇ, ਉਹ ਯਕੀਨੀ ਬਣਾ ਰਹੇ ਹਨ ਕਿ ਮੇਰੀ ਮਾਨਸਿਕ ਸਥਿਤੀ ਖ਼ਰਾਬ ਰਹੇ।’ ਉਹ ਕਹਿੰਦੇ ਹਨ, ‘ਇੱਥੇ ਰਹਿਣਾ ਬਹੁਤ ਔਖਾ ਹੈ।’

**ਭਾਰਤ ਦੀਆਂ ਜੇਲਾਂ ਵਿੱਚ ਬਿਨਾ ਮੁਕੱਦਮਾ ਬੰਦ**

ਜੇਲ ਵਿਚ ਬਹੁਤ ਸਾਰੇ ਕੈਦੀ ਜੌਹਲ ਦੀ ਤਰਾਂ ਹੀ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਬੰਦ ਹਨ, ਜਿਸ ਨੂੰ ਭਾਰਤ ਵਿਚ ‘ਅੰਡਰ ਟਰਾਇਲ’ ਕਿਹਾ ਜਾਂਦਾ ਹੈ।

ਸਾਲ 2019 ਦੇ ਅੰਤ ਤੱਕ, ਤਿਹਾੜ ਜੇਲ ਵਿੱਚ ਬੰਦ 82 ਫ਼ੀਸਦੀ ਕੈਦੀ ਸਨ ਜਿਨਾਂ ਦੇ ਮੁਕੱਦਮੇ ਦੀ ਕਾਰਵਾਈ ਹਾਲੇ ਮੁਕੰਮਲ ਹੋਣੀ ਸੀ।

ਭਾਰਤ ਵਿੱਚ ਮੁਕੱਦਮੇ ਅਧੀਨ ਕੈਦੀਆਂ ਦੇ ਅਦਾਲਤ ਤੱਕ ਪਹੁੰਚਣ ਵਿੱਚ ਕਈ ਸਾਲ ਲੱਗ ਜਾਂਦੇ ਹਨ, ਖ਼ਾਸ ਕਰ ਦਹਿਸ਼ਤਗਰਦੀ ਦੇ ਮਾਮਲਿਆਂ ਵਿੱਚ ਜਿਨਾਂ ਵਿੱਚ ਜ਼ਮਾਨਤ ਲੈਣਾ ਬਹੁਤ ਔਖਾ ਹੈ। ਇਹ ਸਭ ਜੌਹਲ ਦੇ ਵਕੀਲ ਲਈ ਚਿੰਤਾ ਦਾ ਸਬੱਬ ਹੈ। ਮੰਝਪੁਰ ਕਹਿੰਦੇ ਹਨ, ‘ਮੁਕੱਦਮਾ ਮੁਕੰਮਲ ਹੋਣ ਤੱਕ ਉਹ ਜੇਲ ਵਿੱਚ ਰਹੇਗਾ, ਅਜਿਹੇ ਮਾਮਲਿਆਂ ਵਿੱਚ ਪੰਜ ਤੋਂ 10 ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ।’

**ਬਰਤਾਨਵੀ ਨਾਗਰਿਕ ਵਜੋਂ ਜੌਹਲ ਨੂੰ ਵਾਪਸ ਸੌਂਪਣ ਦੀ ਮੰਗ**

ਮਨੁੱਖੀ ਅਧਿਕਾਰਾਂ ਦੀ ਚੈਰਿਟੀ ਰੀਪਰੀਵ ਨੇ ਬਰਤਾਨੀਆ ਦੇ ਵਿਦੇਸ਼ ਸਕੱਤਰ ਡੋਮਨਿਕ ਰਾਅਬ ਨੂੰ ਪੱਤਰ ਲਿਖਕੇ ਪੁੱਛਿਆ ਹੈ ਕਿ ਉਹ ਜੌਹਲ ਦੀ ਤੁਰੰਤ ਰਿਹਾਈ ਦੀ ਮੰਗ ਕਰਦੇ ਹਨ।

ਰੀਪਰੀਵ ਇਸ ਗੱਲ ਲਈ ਵੀ ਚਿੰਤਤ ਹੈ ਕਿ ਜੌਹਲ ਦੇ ਚੱਲਣ ਵਾਲੇ ਮੁਕੱਦਮੇ ਵਿੱਚ ਕੁਝ ਇਲਜ਼ਾਮ ਅਜਿਹੇ ਹਨ, ਜਿਨਾਂ ਲਈ ਵੱਧ ਤੋਂ ਵੱਧ ਸਜ਼ਾ ਮੌਤ ਦੀ ਹੋ ਸਕਦੀ ਹੈ। ਪਰ ਮਾਹਿਰ ਇਸ ਗੱਲ ’ਤੇ ਜ਼ੋਰ ਦਿੰਦੇ ਹਨ ਕਿ ਭਾਰਤ ਵਿੱਚ ਮੌਤ ਦੀ ਸਜ਼ਾ ਬਹੁਤ ਵਿਰਲੇ ਮਾਮਲਿਆਂ ਵਿੱਚ ਦਿੱਤੀ ਜਾਂਦੀ ਹੈ।

ਯੂ ਕੇ ਦੇ ਵਿਦੇਸ਼ੀ ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ ਨੇ ਦੱਸਿਆ ਕਿ ਰਾਅਬ ਨੇ ਦਸੰਬਰ ਵਿੱਚ ਆਪਣੇ ਭਾਰਤ ਦੌਰੇ ਦੌਰਾਨ ਆਪਣੇ ਹਮਰੁਤਬਾ ਅਧਿਕਾਰੀ ਕੋਲ ਮਾਮਲਾ ਚੁੱਕਿਆ ਸੀ। ਇਸ ਨੇ ਇੱਕ ਬਿਆਨ ਵਿੱਚ ਕਿਹਾ, ‘ਅਸੀਂ ਭਾਰਤ ਸਰਕਾਰ ਨਾਲ ਉਸ ਦੇ ਕੇਸ ਬਾਰੇ ਲਗਾਤਾਰ ਚਿੰਤਾ ਜ਼ਾਹਰ ਕੀਤੀ ਹੈ, ਤਸ਼ੱਦਦ ਅਤੇ ਬਦਸਲੂਕੀ ਦੇ ਇਲਜ਼ਾਮਾਂ ਅਤੇ ਉਸ ਦੇ ਨਿਰਪੱਖ ਮੁਕੱਦਮੇ ਦੇ ਅਧਿਕਾਰ ਸਮੇਤ।’

‘ਸਾਡੇ ਕਾਰਕੁਨ ਨੇ ਜੌਹਲ ਦੀ ਭਾਰਤ ਵਿਚ ਨਜ਼ਰਬੰਦੀ ਤੋਂ ਬਾਅਦ ਉਸਦਾ ਸਮਰਥਨ ਜਾਰੀ ਰੱਖਿਆ ਅਤੇ ਉਸਦੀ ਸਿਹਤ ਅਤੇ ਤੰਦਰੁਸਤੀ ਬਾਰੇ ਉਸਦੇ ਪਰਿਵਾਰ ਅਤੇ ਜੇਲ ਅਧਿਕਾਰੀਆਂ ਨਾਲ ਬਕਾਇਦਾ ਸੰਪਰਕ ਵਿੱਚ ਹਨ।’

ਪਰ ਜੌਹਲ ਦੇ ਭਰਾ ਗੁਰਪ੍ਰੀਤ ਦਾ ਕਹਿਣਾ ਹੈ ਪਰਿਵਾਰ ਹਾਲੇ ਵੀ ਵਿਦੇਸ਼ ਸਕੱਤਰ ਨਾਲ ਇੱਕ ਮੁਲਾਕਾਤ ਦੀ ਉਡੀਕ ਕਰ ਰਿਹਾ ਹੈ।

ਉਨਾਂ ਕਿਹਾ, ‘ਅਸੀਂ ਮੰਗ ਕਰ ਰਹੇ ਹਾਂ ਜਾਂ ਤਾਂ ਜਗਤਾਰ ਨੂੰ ਦੋਸ਼ੀ ਠਹਿਰਾਇਆ ਜਾਵੇ ਅਤੇ ਇੱਕ ਨਿਰਪੱਖ ਮੁਕੱਦਮਾ ਚਲੇ ਜਾਂ ਫਿਰ ਉਸ ਨੂੰ ਵਾਪਸ ਉਸ ਦੇ ਦੇਸ ਨੂੰ ਸੌਂਪ ਦਿੱਤਾ ਜਾਵੇ ਤਾਂ ਜੋ ਉਹ ਯੂ ਕੇ ਵਿੱਚ ਆਪਣੀ ਪਤਨੀ ਨਾਲ ਜ਼ਿੰਦਗੀ ਬਿਤਾ ਸਕੇ।’ ਪਿਛਲੇ ਸਾਲ ਅਗਸਤ ਵਿੱਚ ਗੁਰਪ੍ਰੀਤ ਨਾਲ ਦਰਜਨਾਂ ਲੋਕਾਂ ਨੇ ਡਾਊਨਿੰਗ ਸਟਰੀਟ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਜਗਤਾਰ ਜੌਹਲ ਦੇ ਮਾਮਲੇ ਵਿੱਚ ਵੈਸਟਮਨਿਸਟਰ ਤੋਂ ਵਾਸ਼ਿੰਗਟਨ ਤੱਕ, ਜੇਨੇਵਾ ਤੋਂ ਟੋਰਾਂਟੋ ਤੱਕ ਦੁਨੀਆ ਭਰ ਵਿਚ ਵਿਰੋਧ ਪ੍ਰਦਰਸ਼ਨ ਹੋਏ। ਜੌਹਲ ਨੇ ਅਧਿਕਾਰੀਆਂ (ਯੂ ਕੇ ਦੇ ਅਧਿਕਾਰੀਆਂ ਨੂੰ) ਲਈ ਇਹ ਸੁਨੇਹਾ ਦਿੱਤਾ, ‘ਮੈਂ ਯੂ.ਕੇ. ਸਰਕਾਰ ਨੂੰ ਮੇਰੀ ਹਮਾਇਤ ਕਰਨ ਦੀ ਬੇਨਤੀ ਕਰਦਾ ਹਾਂ, ਮੈਂ ਇੱਕ ਬਰਤਾਨਵੀ ਨਾਗਰਿਕ ਹਾਂ ਅਤੇ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ।’



ਗੁਰਦੁਆਰਾ ਸਾਹਿਬ ਸਿੰਘ ਸਭਾ ਬੇਅ ਏਰੀਆ ਮਿਲਪੀਟਸ, ਕੈਲੀਫੋਰਨੀਆ, ਅਮਰੀਕਾ

## ਰਕੇਸ਼ ਟਿਕੈਤ ਬਣੇ ਕਿਸਾਨ...

ਸ. ਛੀਨਾ ਨੇ ਕਿਸਾਨ ਏਕਤਾ ਮੋਰਚਾ ਦੀ ਸਟੇਜ ਤੋਂ ਬੋਲਦਿਆਂ ਕਿਹਾ ਕਿ ਕੇਂਦਰ ਤੇ ਯੂ.ਪੀ. ਸਰਕਾਰ ਗਾਜੀਪੁਰ ਬਾਰਡਰ 'ਤੇ ਚੱਲ ਰਹੇ ਕਿਸਾਨੀ ਮੋਰਚੇ ਦੀ ਬਿਜਲੀ ਪਾਣੀ ਬੰਦ ਕਰਕੇ ਕਿਸਾਨਾਂ ਦੇ ਹੌਸਲੇ ਪਸਤ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕਰ ਰਹੀਆਂ ਹਨ, ਜਿਸ ਨੂੰ ਕੋਈ ਵੀ ਇਨਸਾਫ਼ ਪਸੰਦ ਇਨਸਾਨ ਬਰਦਾਸ਼ਤ ਨਹੀਂ ਕਰੇਗਾ।

**ਕੇਂਦਰ ਦੇ ਇਸ਼ਾਰੇ 'ਤੇ ਅੱਤਿਆਚਾਰ ਕਰ ਰਹੀ ਹੈ ਦਿੱਲੀ ਪੁਲਿਸ : ਟਿਕੈਤ**

ਕਿਸਾਨੀ ਸੰਘਰਸ਼ ਦਾ ਨਵਾਂ ਕੇਂਦਰ ਬਿੰਦੂ ਬਣੇ ਦਿੱਲੀ ਮੇਰਠ ਰਾਜ ਮਾਰਗ 'ਤੇ ਪੈਂਦੇ ਗਾਜੀਪੁਰ ਬਾਰਡਰ ਤੇ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਤੇ ਉੱਤਰਾਖੰਡ ਦੇ ਕਿਸਾਨਾਂ ਨੇ ਪਰਿਵਾਰਾਂ ਸਮੇਤ ਹਾਜ਼ਰੀ ਭਰਦਿਆਂ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਸੰਘਰਸ਼ ਜਾਰੀ ਰੱਖਣ ਦਾ ਪ੍ਰਣ ਲਿਆ। ਇਸ ਸਮੇਂ ਕਿਸਾਨਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਸ਼ਾਂਤਮਈ ਤਰੀਕੇ ਨਾਲ ਅੰਦੋਲਨ ਚਲਾ ਕੇ ਕਿਸਾਨ ਵਿਰੋਧੀ ਤਿੰਨੇ ਕਾਨੂੰਨ ਵਾਪਸ ਕਰਵਾਏ ਜਾਣਗੇ।

ਗਾਜੀਪੁਰ ਬਾਰਡਰ 'ਤੇ ਚੱਲ ਰਹੇ ਕਿਸਾਨੀ ਮੋਰਚੇ ਵਿਚ ਪੁੱਜੇ ਪੰਜਾਬੀ ਗਾਇਕ ਕਨਵਰ ਗਰੇਵਾਲ ਤੇ ਹਰਫ ਚੀਮਾ ਨੇ ਕਿਸਾਨੀ ਸੰਘਰਸ਼ ਨੂੰ ਸਮਰਪਿਤ ਗਾਏ ਗੀਤਾਂ ਰਾਹੀ ਕਿਸਾਨਾਂ ਤੇ ਨੌਜਵਾਨਾਂ ਅੰਦਰ ਨਵੀਂ ਰੂਹ ਫੂਕਣ ਦੀ ਕੋਸ਼ਿਸ਼ ਕੀਤੀ। ਇਸ ਸਮੇਂ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਧਰਮਾਂ, ਜਾਤਾਂ-ਪਾਤਾਂ ਅਤੇ ਹਰਿਆਣਾ-ਪੰਜਾਬ ਦੇ ਕਿਸਾਨਾਂ ਵਿਚ ਵਖਰੇਵੇਂ ਪਾਉਣ ਦੀ ਨੀਤੀ ਖ਼ੁਦ ਕਿਸਾਨਾਂ ਨੇ ਹੀ ਦਿੱਲੀ ਦੇ ਵੱਖ-ਵੱਖ ਬਾਰਡਰਾਂ 'ਤੇ ਚੱਲ ਰਹੇ ਕਿਸਾਨੀ ਮੋਰਚਿਆਂ 'ਚ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਨਾਕਾਮ ਕਰ ਦਿੱਤੀ ਹੈ। ਸ੍ਰੀ ਟਿਕੈਤ ਨੇ ਕਿਹਾ ਕਿ ਕਿਸਾਨੀ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਤੇ ਕਿਸਾਨਾਂ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ, ਨਾਲ ਹੀ ਉਨਾਂ ਦਾਅਵਾ ਕੀਤਾ ਕਿ ਦੇਸ਼ ਦੇ ਕਿਸਾਨਾਂ ਦੀ ਇੱਕਜੁੱਟਤਾ ਅੱਗੇ ਕੇਂਦਰ ਦੀ ਮੋਦੀ ਸਰਕਾਰ ਜ਼ਿਆਦਾ ਸਮਾਂ ਨਹੀਂ ਟਿਕੇਗੀ। ਦਿੱਲੀ ਪੁਲਿਸ ਵੱਲੋਂ ਕਿਸਾਨਾਂ ਵਿਰੁੱਧ ਦਰਜ ਪੁਲਿਸ ਮਾਮਲਿਆਂ ਸਬੰਧੀ ਬੋਲਦਿਆਂ ਟਿਕੈਤ ਨੇ ਕਿਹਾ ਕਿ ਕਿਸਾਨ ਝੂਠੇ ਪੁਲਿਸ ਮਾਮਲਿਆਂ ਤੋਂ ਡਰਨ ਵਾਲੇ ਨਹੀਂ ਪਰ ਕਾਨੂੰਨ ਦੀ ਪਾਲਣਾ ਕਰਦਿਆਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਜਾਰੀ ਰਹੇਗਾ। ਉਨਾਂ ਕਿਹਾ ਕਿ 26 ਜਨਵਰੀ ਨੂੰ ਦਿੱਲੀ ਵਿਖੇ ਵਾਪਰੇ ਘਟਨਾਕ੍ਰਮ ਦੌਰਾਨ ਦਿੱਲੀ ਪੁਲਿਸ ਵੱਲੋਂ ਵੱਖ-ਵੱਖ ਜਗਾ ਤੋਂ ਗ੍ਰਿਫ਼ਤਾਰ ਕੀਤੇ ਜਾ ਰਹੇ ਨੌਜਵਾਨਾਂ ਤੇ ਕਿਸਾਨਾਂ ਉੱਪਰ ਅੱਤਿਆਚਾਰ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਕੇਂਦਰ ਨਾਲ ਹੋਣ ਵਾਲੀ ਕਿਸੇ ਵੀ ਮੀਟਿੰਗ ਵਿਚ ਇਨਾਂ ਗ੍ਰਿਫ਼ਤਾਰੀਆਂ ਦਾ ਮੁੱਦਾ ਉਠਾਇਆ ਜਾਵੇਗਾ।

## ਕਿਸਾਨਾਂ ਦੀ ਹਮਾਇਤ 'ਚ...

ਹਰਿਆਣੇ ਵਿੱਚ ਦੁਸ਼ਿਅੰਤ ਚੋਟਾਲਾ ਨੂੰ ਵੀ ਬੀ ਜੇ ਪੀ ਦੀ ਸਰਕਾਰ ਤੋਂ ਅਸਤੀਫ਼ਾ ਦੇ ਕੇ ਕਿਸਾਨਾਂ ਦੀ ਹਮਾਇਤ ਵਿੱਚ ਉੱਤਰਨਾ ਚਾਹੀਦਾ ਬੈਂਤਾਂ ਜੋ ਭਵਿੱਖ ਦੀ ਮੁੱਖ ਮੰਤਰੀ ਕੁਰਸੀ ਕਿਸਾਨ ਉਸ ਦੀ ਝੋਲੀ ਪਾਉਣਗੇ। ਮੋਦੀ ਨੇ ਬੀਜੇਪੀ ਦੀਆਂ ਸਰਕਾਰਾਂ ਨੂੰ ਡਿਕਟੇਟਰਸ਼ਿਪ ਵਜੋਂ ਵਿਚਰਨ ਦਾ ਸਰਟੀਫਿਕੇਟ ਦਿੱਤਾ ਹੋਇਆ ਹੈ। ਆਪ ਵੀ ਹੈਂਕੜ ਤੇ ਹੱਠੀ ਵਤੀਰੇ ਦਾ ਇਸਤੇਮਾਲ ਕਰਕੇ ਦੇਸ਼ ਨੂੰ ਤਬਾਹੀ ਦੇ ਕੰਢੇ ਖੜਾ ਕੀਤਾ ਹੋਇਆ ਹੈ। ਜੋ ਜਨਤਾ ਦਾ ਨਹੀਂ ਬਣ ਰਿਹਾ ਉਹ ਦੇਸ਼ ਦਾ ਕੀ ਭਲਾ ਕਰੇਂਗਾ। ਉਸਨੇ ਦੋ ਸੋ ਕਿਸਾਨਾਂ ਦੀ ਮੌਤ ਨੂੰ ਮਜ਼ਾਕ ਬਣਾ ਦਿੱਤਾ ਹੈ। ਦੇਸ਼ ਦੇ ਅੰਨਦਾਤਾ ਨੂੰ ਠੰਢ ਵਿੱਚ ਝੋਕ ਕੇ ਰੱਖਿਆ ਹੈ। ਐਸੇ ਪ੍ਰਧਾਨ ਮੰਤਰੀ ਤੋਂ ਕੀ ਕਰਵਾਉਣਾ ਹੈ। ਸਰਕਾਰ ਨੂੰ ਸਬਕ ਸਿਖਾਉਣ ਲਈ ਅਸਤੀਫੇ ਦੇਣਾ ਸਮੇਂ ਦੀ ਲੋੜ ਹੈ ਅਤੇ ਕਿਸਾਨਾਂ ਖ਼ਿਲਾਫ਼ ਕਾਨੂੰਨਾਂ ਨੂੰ ਵਾਪਸ ਲੈਣ ਲਈ ਸਰਕਾਰ ਨੂੰ ਮਜਬੂਰ ਕਰਨਾ ਤੁਹਾਡਾ ਫਰਜ਼ ਹੈ। ਜਿਨਾਂ ਨੂੰ ਚੁਣ ਕੇ ਭੇਜਿਆ ਹੋਇਆ ਹੈ। ਦੇਖੋ ਕਿਸ ਕਿਸ ਦੀ ਜ਼ਮੀਰ ਜਾਗਦੀ ਹੈ।

## ਆਲ ਪਾਰਟੀ ਮੀਟਿੰਗ 'ਚ...

ਉਨਾਂ ਕਿਹਾ ਕਿ ਭਾਜਪਾ ਨੇ 'ਜੈ ਜਵਾਨ ਜੈ ਕਿਸਾਨ'ਕਹਿਣਦਾਅਧਿਕਾਰਗੁਆਦਿੱਤਾਹੈ। ਇਸ ਤੋਂ ਇਲਾਵਾ ਇਸ ਮੀਟਿੰਗ ਵਿੱਚ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਤੇ ਐਮਐਸਪੀ ਦੀ ਗਰੰਟੀ ਸਬੰਧੀ ਵੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਇਹ ਵੀ ਫ਼ੈਸਲਾ ਕੀਤਾ ਗਿਆ ਕਿ 26 ਜਨਵਰੀ ਨੂੰ ਹੋਈ ਹਿੰਸਾ ਦੀ ਨਿਆਂਇਕ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਕੈਪਟਨ ਸਰਕਾਰ ਵਿਧਾਨ ਸਭਾ ਵਿੱਚ ਦੁਬਾਰਾ ਤਿੰਨਾਂ ਖੇਤੀਬਾੜੀ ਕਾਨੂੰਨਾਂ ਖ਼ਿਲਾਫ਼ ਮਤਾ ਲਿਆਏਗੀ ਤੇ ਇਸ ਨੂੰ ਪਾਸ ਕਰਕੇ ਰਾਜਪਾਲ ਨੂੰ ਭੇਜੇਗੀ। ਦੋ ਵਾਰ ਵਿਧਾਨ ਸਭਾ ਵਿੱਚ ਉਹੀ ਪ੍ਰਸਤਾਵ ਪਾਸ ਹੋਣ ਤੋਂ ਬਾਅਦ ਰਾਜਪਾਲ ਇਸ ਨੂੰ ਆਪਣੇ ਕੋਲ ਨਹੀਂ ਰੱਖ ਸਕਦਾ। ਫਿਰ ਅਸੈਂਬਲੀ ਦਾ ਪ੍ਰਸਤਾਵ ਰਾਜਪਾਲ ਨੂੰ ਰਾਸ਼ਟਰਪਤੀ ਨੂੰ ਭੇਜਣਾ ਹੀ ਪਏਗਾ। ਦੱਸ ਦੇਈਏ ਕਿ ਪੰਜਾਬ ਅਸੈਂਬਲੀ ਵਿੱਚ ਸਾਰੀਆਂ ਪਾਰਟੀਆਂ ਨੇ ਰਾਜ ਭਵਨ ਜਾ ਕੇ ਪ੍ਰਸਤਾਵ ਰਾਜਪਾਲ ਵੀਪੀ ਸਿੰਘ ਬਦਨੌਰ ਨੂੰ ਦਿੱਤਾ ਸੀ ਪਰ ਉਨਾਂ ਨੇ ਅੱਗੇ ਨਹੀਂ ਵਧਾਇਆ। ਪ੍ਰਸਤਾਵ ਕਈ ਮਹੀਨਿਆਂ ਤੋਂ ਰਾਜ ਭਵਨ ਵਿੱਚ ਹੀ ਪਿਆ ਹੈ। ਇਸੇ ਕਰਕੇ ਕੈਪਟਨ ਨੇ ਵਿਧਾਨ ਸਭਾ 'ਚ ਦੁਬਾਰਾ ਪ੍ਰਸਤਾਵ ਪਾਸ ਕਰਨ ਦੀ ਚਰਚਾ ਕੀਤੀ ਹੈ।



# ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ

## ਸਾਕਾ ਨਕੋਦਰ ਬੇਅਦਬੀ ਕਾਂਡ ਬਾਰੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਵੱਲੋਂ ਚੀਫ ਜੱਜ ਨੂੰ ਚਿੱਠੀ

ਸੇਵਾ ਵਿਖੇ

ਚੀਫ ਜੱਜ
ਪੰਜਾਬ ਐਂਡ ਹਰਿਆਣਾ ਹਾਈਕੋਰਟ
ਚੰਡੀਗੜ

**ਵਿਸ਼ਾ**:- 4 ਫਰਵਰੀ 1986 ਨੂੰ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦੀ ਰਿਪੋਰਟ ਜਨਤਕ ਕਰਕੇ ਇਨਸਾਫ ਦੇਣ ਬਾਰੇ।

ਸ਼੍ਰੀ ਮਾਨ ਜੀ,

ਸਿੱਖੀ ਦੇ ਦੁਸ਼ਮਣਾਂ ਵੱਲੋਂ 2 ਫਰਵਰੀ 1986 ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ 5 ਸਰੂਪ ਨਕੋਦਰ ਵਿਖੇ ਅਗਨਭੇਂਟ ਕਰ ਦਿੱਤੇ ਸਨ। ਉਸ ਵਕਤ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸੀ। ਸੰਗਤਾਂ ਵੱਲੋਂ 4 ਫਰਵਰੀ 1986 ਨੂੰ ਪਾਵਨ ਸਰੂਪ ਅਗਨਭੇਂਟ ਕਰਨ ਖਿਲਾਫ ਤੇ ਬੇਅਦਬੀਆਂ ਖਿਲਾਫ ਨਕੋਦਰ ਵਿਖੇ ਰੋਸ ਪ੍ਰਗਟ ਕੀਤਾ ਜਾ ਰਿਹਾ ਸੀ। ਏ.ਡੀ.ਸੀ ਦਰਬਾਰਾ ਸਿੰਘ ਗੁਰੂ ਤੇ ਇਜਹਾਰ ਆਲਮ ਐਸ.ਐਸ.ਪੀ ਦੀ ਸਰਪ੍ਰਸਤੀ ਹੇਠ ਸ਼ਾਂਤਮਈ ਸੰਗਤਾਂ ਉਪਰ ਅੰਨੇਵਾਹ ਫਾਇਰਿੰਗ ਕੀਤੀ ਗਈ। ਫਾਇਰਿੰਗ ਸਮੇਂ ਭਾਈ ਰਵਿੰਦਰ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਬਲਧੀਰ ਸਿੰਘ, ਭਾਈ ਝਿਲਮਣ ਸਿੰਘ ਸ਼ਹੀਦੀ ਪਾ ਗਏ। ਗੁਰੂ ਦੇ ਅਦਬ ਵਿੱਚ ਸ਼ਹਾਦਤਾਂ ਪ੍ਰਾਪਤ ਕਰਨ ਵਾਲੇ ਇਹ ਚਾਰੇ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਤ ਸਨ। ਬਰਨਾਲਾ ਸਰਕਾਰ ਸਮੇਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਜਿਸ ਗੁਰਦਵਾਰਾ ਸਾਹਿਬ ਵਿੱਚ ਬੇਅਦਬੀ ਹੋਈ ਵਲ ਜਾ ਰਹੀਆਂ ਸਨ ਡੀ.ਐਸ.ਪੀ ਸਵਰਨ ਸਿੰਘ ਘੋਟਨਾ ਤੇ ਜਸਕੀਰਤ ਸਿੰਘ ਐਸ.ਐਚ.ਓ ਨੇ ਭਾਈ ਹਰਮਿੰਦਰ ਸਿੰਘ ਪ੍ਰਧਾਨ ਖਾਲਸਾ ਕਾਲਜ ਜਲੰਧਰ ਨੂੰ ਫੜਕੇ ਮੂੰਹ ਵਿੱਚ ਗੋਲੀਆਂ ਮਾਰੀਆਂ। ਚਾਰੇ ਨੌਜਵਾਨਾਂ ਦੀਆਂ ਮਿਰਤਕ ਦੇਹਾਂ ਨਕੋਦਰ ਦੇ ਸਿਵਲ ਹਸਪਤਾਲ ਪਹੁੰਚਾਈਆਂ ਗਈਆਂ। ਪੁਲੀਸ ਨੇ ਇਨ੍ਹਾਂ ਸਾਰਿਆਂ ਦਾ ਅਣਪਛਾਤੇ ਕਰਾਰ ਦੇਕੇ ਸਸਕਾਰ ਕਰ ਦਿੱਤਾ। ਮਿਰਤਕ ਦੇਹਾਂ ਵਾਰਸਾਂ ਨੂੰ ਨਾਂ ਸੋਪੀਆਂ ਅਤੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਕਮਿਸ਼ਨ ਬਣਿਆ ਜਿਸ ਨੇ ਪੁਲੀਸ ਅਧਿਕਾਰੀਆਂ ਅਤੇ ਪ੍ਰਸ਼ਾਸ਼ਨ ਨੂੰ ਦੋਸ਼ੀ ਠਹਿਰਾਇਆ। ਪੰਜਾਬ ਸਰਕਾਰ ਨੂੰ ਪੇਸ਼ ਕੀਤੀ ਰਿਪੋਰਟ ਅੱਜ ਤੱਕ ਜਨਤਕ ਨਹੀਂ ਹੋਈ ਤੇ ਨਾਂ ਹੀ ਕਿਸੇ ਦੋਸ਼ੀ ਖਿਲਾਫ ਕਾਰਵਾਈ ਹੋਈ। ਮੇਹਰਬਾਨੀ ਕਰਕੇ ਤੁਸੀਂ ਦਖਲ ਅੰਦਾਜੀ ਕਰਕੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਪੇਸ਼ ਹੋਈ ਰਿਪੋਰਟ ਨੂੰ ਜਨਤਕ ਕਰਾਓ ਅਤੇ ਪੀੜਤ ਧਿਰਾਂ ਨੂੰ ਇਨਸਾਫ ਦਿਵਾਓ।

ਆਪ ਦੀ ਬੜੀ ਮੇਹਰਬਾਨੀ ਹੋਵੇਗੀ।
ਧੰਨਵਾਦ।
ਪਰਮਜੀਤ ਕੌਰ ਖਾਲੜਾ (ਸਰਪਰੱਸਤ)
ਖਾਲੜਾ ਮਿਸ਼ਨ ਆਰਗੇਨਾਈਜੇਸ਼ਨ
8 ਕਬੀਰ ਪਾਰਕ (ਅੰਮ੍ਰਿਤਸਰ)

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

## ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






ਅਜਮੇਰ ਸਿੰਘ


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com